
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 10
June 20, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




'ਰਾਈਜ਼ਿੰਗ ਕਸ਼ਮੀਰ' ਦੇ ਸੰਪਾਦਕ ਸਈਅਦ ਸੁਜਾਤ ਬੁਖਾਰੀ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ (ਹੋਰ ਜਾਣਕਾਰੀ ਲਈ ਦੇਖੋ ਸਫਾ 5 'ਤੇ)




ਗੰਧਲੇ ਹੋ ਰਹੇ ਪਾਣੀ, ਪ੍ਰਦੂਸ਼ਿਤ ਹਵਾ ਅਤੇ ਧਰਤੀ ਦੀ ਸੰਭਾਲ ਵਿਸ਼ੇ ਤੇ ਵਿਚਾਰ ਚਰਚਾ (ਰਿਪੋਰਟ ਦੇਖੋ ਸਫਾ 11 'ਤੇ)

# ਨਜਾਇਜ਼ ਤਰੀਕੇ ਨਾਲ ਆਏ 52 ਭਾਰਤੀ ਔਰੇਗਨ ਦੀ ਜੇਲ੍ਹ ਵਿਚ ਬੰਦ



**ਵਾਸ਼ਿੰਗਟਨ (ਬਿਊਰੋ)-** 52 ਭਾਰਤੀਆਂ ਦਾ ਇਕ ਗਰੁੱਪ, ਜਿਸ ਵਿਚ ਜ਼ਿਆਦਾਤਰ ਸਿੱਖ ਹਨ ਨੂੰ ਅਮਰੀਕਾ ਵਿਚ ਨਜਾਇਜ਼ ਪ੍ਰਵਾਸ ਕਰਕੇ ਅਸਾਇਲਮ ਮੰਗਣ ਦੇ ਦੋਸ਼ ਤਹਿਤ ਔਰੇਗਨ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ। ਅਮਰੀਕੀ ਪ੍ਰਤੀਨਿਧੀ ਨੇ ਦੱਸਿਆ ਕਿ ਭਾਰਤੀਆਂ ਦਾ ਇਕ ਹੋਰ 123 ਲੋਕਾਂ ਦਾ ਵੱਡਾ ਗਰੁੱਪ ਸ਼ੈਰੀਡਨ ਜੇਲ੍ਹ ਵਿਚ ਬੰਦ ਹੈ। ਇਸ ਜੇਲ੍ਹ ਦਾ ਹਾਲ ਹੀ ਵਿਚ ਡੈਮੋਕ੍ਰੇਟਿਕ ਪ੍ਰਤੀਨਿਧੀ ਨੇ ਦੌਰਾ ਕੀਤਾ, ਜਿਹਨਾਂ ਨੇ ਮੀਡੀਆ ਨੂੰ ਦੱਸਿਆ ਕਿ ਇਹਨਾਂ ਦੇ ਨਾਲ ਗੈਰ-ਮਨੁੱਖੀ ਵਤੀਰਾ ਕੀਤਾ ਜਾ ਰਿਹਾ ਹੈ। ਇਹ ਪ੍ਰਵਾਸੀ ਅਮਰੀਕਾ ਵਿਚ ਅਸਾਇਲਮ ਦੀ ਮੰਗ ਕਰ ਰਹੇ ਹਨ। ਕਾਂਗਰਸਮੈਨ ਸੂਜ਼ਨ ਬੋਨਾਮਿਕੀ ਨੇ ਦੱਸਿਆ ਕਿ ਇਹਨਾਂ ਦੇ ਕੇਸਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਉਹ ਹੋਰ ਵੀ ਪ੍ਰਤੀਨਿਧੀਆਂ ਨੂੰ ਆਪਣੇ ਨਾਲ ਲੈ ਕੇ ਸ਼ੈਲਡਨ ਜੇਲ੍ਹ ਗਏ ਸਨ। ਉਹਨਾਂ ਕਿਹਾ ਕਿ ਪੰਜਾਬੀ ਟਰਾਂਸਲੇਟਰਾਂ ਦੇ ਜ਼ਰੀਏ ਅਸੀਂ ਉਹਨਾਂ ਦੇ ਨਾਲ ਗੱਲਬਾਤ ਕੀਤੀ, ਜਿਹਨਾਂ ਨੇ ਅਸਾਇਲਮ ਦੀ ਮੰਗ ਕੀਤੀ ਅਤੇ ਕਿਹਾ ਕਿ ਭਾਰਤ ਵਿਚ ਉਹਨਾਂ ਨੂੰ ਧਾਰਮਿਕ ਕੱਟੜਤਾ ਤੋਂ ਖਤਰਾ ਹੈ। ਇਹਨਾਂ ਵਿਚੋਂ ਜ਼ਿਆਦਾਤਰ ਸਿੱਖ ਅਤੇ ਇਸਾਈ ਹਨ। ਉਹਨਾਂ ਨੇ ਫੈਡਰਲ ਜੇਲ੍ਹ ਵਿਚ ਤਬਦੀਲ ਕੀਤੇ ਜਾਣ ਦੀ ਵੀ ਮੰਗ ਕੀਤੀ। ਉਹਨਾਂ ਨੇ ਕਿਹਾ ਕਿ ਉਹ ਅਮਰੀਕਾ ਵਿਚ ਧਾਰਮਿਕ ਆਜ਼ਾਦੀ ਦੇ ਕਾਰਨ ਆਏ ਹਨ ਪਰ ਉਹਨਾਂ ਨੂੰ ਪਕੜ ਲਿਆ ਗਿਆ ਅਤੇ ਜੇਲ੍ਹ ਦੇ ਛੋਟੇ ਸੈਲਾਂ ਵਿਚ ਸੁੱਟ ਦਿੱਤਾ ਗਿਆ। ਭਾਰਤੀ ਲੋਕਾਂ ਨੇ ਦੱਸਿਆ ਕਿ ਉਹਨਾਂ ਨੂੰ ਹੋਰ ਕੈਦੀਆਂ ਤੋਂ ਜ਼ਿਆਦਾ ਸਮਾਂ ਸੈਲ ਅੰਦਰ ਰੱਖਿਆ ਜਾਂਦਾ ਹੈ।

# ਜੰਮੂ ਕਸ਼ਮੀਰ ਵਿੱਚ ਭਾਜਪਾ ਪਿੱਛੇ ਹਟੀ, ਮੁਫਤੀ ਮਹਿਬੂਬਾ ਸਰਕਾਰ ਡਿੱਗੀ



**ਸ੍ਰੀਨਗਰ (ਬਿਊਰੋ)-** ਜੰਮੂ ਕਸ਼ਮੀਰ ਵਿੱਚ ਭਾਜਪਾ ਵੱਲੋਂ ਹਮਾਇਤ ਵਾਪਸ ਲੈਣ ਤੋਂ ਬਾਅਦ ਤਿੰਨ ਸਾਲ ਪੁਰਾਣੀ ਪੀਡੀਪੀ-ਭਾਜਪਾ ਸਰਕਾਰ ਡਿੱਗ ਪਈ। ਰਾਤੀਂ ਸ੍ਰੀਨਗਰ ਵਿੱਚ ਰਾਜ ਭਵਨ ਦੇ ਬੁਲਾਰੇ ਨੇ ਦੱਸਿਆ ਕਿ ਰਾਜਪਾਲ ਐਨ ਐਨ ਵੋਹਰਾ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਜੋ ਇਸ ਵੇਲੇ ਵਿਦੇਸ਼ ਦੌਰੇ 'ਤੇ ਹਨ, ਨੂੰ ਰਿਪੋਰਟ ਭੇਜ ਕੇ ਰਾਜ ਵਿੱਚ ਕੇਂਦਰੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕੀਤੀ ਹੈ ਜਿਸ ਦੀ ਇਕ ਕਾਪੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਵੀ ਭੇਜੀ ਗਈ ਹੈ।

ਪਾਰਟੀ ਹਾਈ ਕਮਾਂਡ ਵੱਲੋਂ ਜੰਮੂ ਕਸ਼ਮੀਰ ਸਰਕਾਰ ਵਿੱਚ ਆਪਣੇ ਮੰਤਰੀਆਂ ਨੂੰ ਹੰਗਾਮੀ ਸਲਾਹ ਮਸ਼ਵਰੇ ਲਈ ਤਲਬ ਕਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਪਾਰਟੀ ਦੇ ਜਨਰਲ ਸਕੱਤਰ ਰਾਮ ਮਾਧਵ ਨੇ ਕਾਹਲੀ ਨਾਲ ਪ੍ਰੈਸ ਕਾਨਫਰੰਸ ਸੱਦ ਕੇ ਹਮਾਇਤ ਵਾਪਸ ਲੈਣ ਦਾ ਅਚਨਚੇਤ ਐਲਾਨ ਕਰ ਦਿੱਤਾ। ਕੁਝ ਘੰਟਿਆਂ ਬਾਅਦ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਰਾਜਪਾਲ ਐਨ ਐਨ ਵੋਹਰਾ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ। ਦਸੰਬਰ 2014 ਵਿੱਚ 87 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਨੇ 25 ਸੀਟਾਂ ਤੇ ਪੀਡੀਪੀ ਨੇ 28 ਸੀਟਾਂ ਜਿੱਤੀਆਂ ਸਨ। ਨੈਸ਼ਨਲ ਕਾਨਫਰੰਸ ਨੂੰ 15 ਤੇ ਕਾਂਗਰਸ ਨੂੰ 12 ਜਦਕਿ ਸੱਤ ਹੋਰਨਾਂ ਪਾਰਟੀਆਂ ਤੇ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਸਨ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


Kash FABRICS

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।




Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# ਕੈਲੀਫੋਰਨੀਆ ਦੇ ਸਿੱਖਾਂ ਵੱਲੋਂ ਸਿੱਖ ਫਰੀਡਮ ਮਾਰਚ ਮੌਕੇ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਸ਼ਾਨਦਾਰ ਨਗਰ ਕੀਰਤਨ

## ਦਰਬਾਰ ਸਾਹਿਬ ਉੱਤੇ ਹਮਲੇ ਦੀ 34ਵੀ ਵਰ੍ਹੇਗੰਢ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ








**ਸੈਨ ਫਰਾਂਸਿਸਕੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨੇ ਇਸ 10 ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ 34 ਵੀਂ ਵਰ੍ਹੇਗੰਢ ਮਨਾਉਂਦਿਆਂ ਸਿੱਖ ਕੌਮ ਦੀ ਆਜ਼ਾਦੀ ਲਈ ਮਾਰਚ ਕੀਤਾ। ਜੂਨ-1984 ਅਤੇ ਬਾਅਦ ਵਿਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀ ਯਾਦ ਵਿਚ ਐਤਵਾਰ ਵਾਲੇ ਦਿਨ ਸਾਨਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਵੀ ਕਰਵਾਇਆ ਗਿਆ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਮਨਾਉਂਦਿਆਂ ਜੂਨ 1984 ਦੇ ਸਿੱਖ ਨਸਲਘਾਤ ਵਿਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿਚ ਪਿਛਲੇ ਐਤਵਾਰ ਨੂੰ ਕੈਲੇਫੋਰਨੀਆ ਦੇ ਅੰਤਰਰਾਸ਼ਟਰੀ ਸ਼ਹਿਰ ਸੈਨ ਫਰਾਂਸਿਸਕੋ ਵਿਚ ਸਮੂੰਹ ਗੁਰਦੁਆਰਿਆਂ, ਪੰਥਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਸਜਾਏ ਗਏ ਨਗਰ ਕੀਰਤਨ-ਫਰੀਡਮ ਮਾਰਚ ਤੇ ਸਿੱਖ ਪ੍ਰਭੂਸੱਤਾ ਰੈਲੀ ਦੌਰਾਨ ਹਜ਼ਾਰਾਂ ਸੰਗਤਾਂ ਨੇ ਹਿੱਸਾ ਲਿਆ, ਜਿਸ ਵਿਚ ਹਰ ਉਮਰ ਦੇ ਸਿੱਖ ਸਨ ਜਿਸ ਲਈ ਇਕ ਮਹੀਨੇ ਤੋਂ ਤਿਆਰੀ ਚੱਲ ਰਹੀ ਸੀ। ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਧਿਰਾਂ ਤੇ ਰਾਜਸੀ ਜਥੇਬੰਦੀਆਂ ਦੇ ਸਾਂਝੇ ਉੱਦਮ ਨਾਲ ਕੀਤੇ ਸਿੱਖ ਫਰੀਡਮ ਮਾਰਚ ਮੌਕੇ ਸ਼ਾਨਦਾਰ ਨਗਰ ਕੀਰਤਨ ਨਾਲ ਸੈਨ ਫਰਾਂਸਿਸਕੋ ਸ਼ਹਿਰ ਦਾ ਕੇਂਦਰੀ ਹਿੱਸਾ ਖਾਲਸਾਈ ਰੰਗ 'ਚ ਰੰਗਿਆ ਨਜ਼ਰ ਆ ਰਿਹਾ ਸੀ। ਇਹ ਮਾਰਚ 34 ਸਾਲ ਪਹਿਲਾਂ ਜੂਨ-1984 ਵਿਚ ਭਾਰਤ ਸਰਕਾਰ ਵੱਲੋਂ ਸਿੱਖਾਂ ਦੇ ਪਵਿੱਤਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ ਵਿਚ ਸੈਕੰਡ ਸਟਰੀਟ ਤੋਂ ਸ਼ੁਰੂ ਹੋਇਆ ਅਤੇ ਸਾਨਫਰਾਂਸਿਸਕੋ ਦੇ ਸਿਵਿਕ ਸੈਂਟਰ ਪਲਾਜ਼ਾ ਡਾਊਨਟਾਊਨ 'ਤੇ ਜਾ ਕੇ ਖਤਮ ਹੋਇਆ। ਇਸ ਮਾਰਚ ਦੌਰਾਨ ਕਰੀਬ ਦਸ ਹਜ਼ਾਰ ਸਿੱਖ ਸੜਕਾਂ ਤੇ ਬਾਜ਼ਾਰਾਂ ਵਿਚ ਚਲਦੇ ਗਏ। ਸਿੱਖ ਸੰਗਤ ਦੁਪਹਿਰ 1:50 ਵਜੇ ਦੇ ਲਗਭਗ ਸਿਵਿਕ ਸੈਂਟਰ ਪਲਾਜ਼ਾ ਪਹੁੰਚ ਗਈ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਰਿਕਾਰਡ ਭਾਸ਼ਣ ਅਤੇ ਜੂਨ- 1984 ਹਮਲੇ ਦੇ ਚਸ਼ਮਦੀਦ ਗਵਾਹਾਂ ਦੇ ਵਿਚਾਰ ਸੁਣੇ। ਸੈਨ ਫਰਾਂਸਿਸਕੋ ਸਥਿਤ ਗੁਰਦੁਆਰਾ ਸਾਹਿਬ ਦੀ ਸਮੂੰਹ ਸੰਗਤ ਤੇ ਪ੍ਰਬੰਧਕਾਂ ਵੱਲੋਂ ਹਜ਼ਾਰਾਂ ਦੀ ਗਿਣਤੀ ਵਿਚ ਦੂਰੋਂ ਨੇੜਿਓਂ ਪਹੁੰਚੀਆਂ ਸੰਗਤਾਂ ਨੂੰ ਨਾਸ਼ਤਾ ਚਾਹ ਪਾਣੀ ਛਕਾਇਆ ਗਿਆ। ਦੋਵੇਂ ਰੈਸਟੋਰੈਂਟ ਸੇਵਾ ਵਿਚ ਪੂਰੀ ਤਰਾਂ ਹਿੱਸਾ ਲੈ ਰਹੇ ਸਨ। ਮੌਸਮ ਸ਼ਾਨਦਾਰ ਸੀ।

ਅਰਦਾਸ ਤੇ ਹੁਕਮਨਾਮੇ ਤੋਂ ਬਾਦ ਜਦ ਸੰਗਤਾਂ ਦੀ ਗਿਣਤੀ ਸਿਖਰ ਤੇ ਪੁੱਜ ਗਈ ਤਾਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਹਿਨੁਮਾਈ ਤੇ ਪੰਜਾਂ ਸਿੰਘਾਂ ਦੀ ਅਗਵਾਈ ਹੇਠ ਨਗਰ ਕੀਰਤਨ੍ਹਫਰੀਡਮ ਮਾਰਚ ਦੀ ਸ਼ੁਰਆਤ ਕੀਤੀ ਗਈ। ਸ਼ਹਿਰ ਦੀ ਮੁੱਖ ਸੜਕ ਮਾਰਕੀਟ ਸਟਰੀਟ ਦੇ ਉਤੋਂ ਦੀ ਸ਼ਬਦ ਗਾਇਨ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰਿਆਂ ਜੈਕਾਰਿਆਂ ਨਾਲ ਨਗਰ ਕੀਰਤਨ ਅੱਗੇ ਵਧਿਆ, ਜਿਸ ਨੂੰ ਆਸੇ ਪਾਸੇ ਦੇ ਅੰਤਰਰਾਸ਼ਟਰੀ ਯਾਤਰੂਆਂ ਤੇ ਸ਼ਹਿਰ ਦੇ ਵੱਖ ਵੱਖ ਭਾਈਚਾਰਿਆਂ ਨੇ ਵੇਖਿਆ। ਵੀਡੀਓ ਬਣਾਈਆਂ ਤੇ ਵੰਡਿਆਂ ਜਾ ਰਿਹਾ ਕਿਤਾਬਚਾ ਪੜਿਆ ਜਿਸ ਉਤੇ ਸਿੱਖ ਧਰਮ ਬਾਰੇ ਜਾਣਕਾਰੀ ਦਿਤੀ ਹੋਈ ਸੀ। ਹਰ ਤਰਾਂ ਦੇ ਠੰਢੇ ਮਿੱਠੇ ਤੇ ਪਾਣੀ ਵੰਡਿਆਂ ਜਾ ਰਿਹਾ ਸੀ। ਸਭ ਤੋਂ ਅੱਗੇ ਨਗਾਰਾ ਲਗਾਤਾਰ ਵੱਜ ਰਿਹਾ ਸੀ। ਗੁਰੂ ਗਰੰਥ ਸਾਹਿਬ ਜੀ ਦੇ ਸਵਾਰੇ ਵਾਲੇ ਟਰੱਕ, ਜਿਸ ਉਤੇ ਸ਼ਬਦ ਕੀਰਤਨ ਹੋ ਰਿਹਾ ਸੀ। ਇਕ ਫਲੋਟ ਉਤੇ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ ਪਹੁੰਚੇ ਬੱਚੇ ਕੀਰਤਨ ਕਰ ਰਹੇ ਸਨ। ਕੈਲੇਫੋਰਨੀਆਂ ਗਤਕਾ ਦਲ ਵਾਲੇ ਸਿੰਘ ਸਿੰਘਣੀਆਂ ਗਤਕੇ ਦੇ ਜੌਹਰ ਵਿਖਾ ਰਹੇ ਸਨ। ਪੰਜਾਬ ਰੈਫਰੈਂਡਮ 2020 ਲਈ ਸਿੱਖਸ ਫਾਰ ਜਸਟਿਸ ਵਲੋਂ ਵੀ ਭਰਵਾਂ ਪ੍ਰਚਾਰ ਕੀਤਾ ਗਿਆ ਉਨਾਂ ਨੇ ਵੱਖਰੀ ਝਲਕੀ ਕੱਢ ਕੇ ਆਪਣੀ ਸਰਗਰਮੀਆਂ ਦਾ ਪ੍ਰਭਾਵ ਦਿੱਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਵੀ ਨਾਹਰੇ ਤੇ ਜੈਕਾਰੇ ਬੁਲਾ ਕੇ ਭਰਵੀਂ ਹਾਜਰੀ ਦਿੱਤੀ। ਇਕ ਘੰਟੇ ਦੀ ਯਾਤਰਾ ਤੋਂ ਬਾਦ ਨਗਰ ਕੀਰਤਨ-ਅਜ਼ਾਦੀ ਮਾਰਚ ਸ਼ਹਿਰ ਦੇ ਵਿਚਕਾਰ ਦੀ ਸਭ ਤੋਂ ਪ੍ਰਸਿੱਧ ਥਾਂ ਸਿਟੀ ਹਾਲ ਦੇ ਸਾਹਮਣੇ, ਸਿਵਕ ਸੈਂਟਰ ਪਲਾਜ਼ਾ ਪਹੁੰਚਿਆ ਜਿਥੇ ਪਹਿਲਾਂ ਤੋਂ ਹੀ ਢਾਡੀ ਸਿੰਘ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਸਟੇਜ ਦੀ ਕਾਰਵਾਈ ਨਿਭਾਉਂਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਜਸਦੇਵ ਸਿੰਘ ਨੇ ਨਗਰ ਕੀਰਤਨ ਦੇ ਉਦੇਸ਼ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਵਾਰੀ ਵਾਰੀ ਦੂਰੋਂ ਨੇੜਿਓ ਆਏ ਬੁਲਾਰਿਆਂ ਨੂੰ ਬੁਲਾ ਕੇ ਸੰਗਤਾਂ ਨਾਲ ਆਪਣੇ ਖਾਸ ਪੰਥਕ ਵਿਚਾਰ ਤੇ ਦਰਦ ਸਾਂਝੇ ਕਰਨ ਲਈ ਬੁਲਾਇਆ। ਜਿਸ ਵਿਚ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ, ਮਨੁੱਖੀ ਅਧਿਕਾਰਾਂ ਲਈ ਜਾਨ ਦੀ ਬਾਜ਼ੀ ਲਾਣ ਵਾਲੇ ਸ਼ਹੀਦ ਭਾਈ ਖਾਲੜਾ ਦੀ ਧੀ ਬੀਬੀ ਨਵਕਿਰਨ ਕੌਰ, ਡਾਕਟਰ ਅਮਰਜੀਤ ਸਿੰਘ, ਸੁਖਦੀਪ ਸਿੰਘ ਬਰਨਾਲਾ ਅਤੇ ਪੰਜਾਬ ਰੈਫਰੈਂਡਮ 2020 ਦੇ ਬੁਲਾਰੇ ਤਜਿੰਦਰ ਸਿੰਘ ਸ਼ਾਮਲ ਸਨ। ਸਾਰੇ ਬੁਲਾਰਿਆਂ ਨੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਦੱਸਦਿਆਂ ਉਨਾਂ ਦੀ ਸ਼ਹਾਦਤ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਭਾਰਤੀ ਫੌਜ ਵੱਲੋਂ ਕੀਤੇ ਗਏ ਸਿੱਖ ਕਤਲੇਆਮ-ਨਸਲਕੁਸ਼ੀ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਬਜ਼ਿਦ ਸੀ ਜੋ ਸਿੱਖਾਂ ਨੂੰ ਨਫਰਤ ਕਰਦੀ ਸੀ ਜਿਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਤੋਪਾਂ ਨਾ ਢਾਹ ਦਿੱਤਾ ਗਿਆ। ਇਸ ਤੋਂ ਇਲਾਵਾ 40 ਹੋਰ ਗੁਰਦੁਆਰਿਆਂ ਵਿਚ ਵੀ ਤਬਾਹੀ ਕੀਤੀ ਗਈ। ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਵੀ ਜੂਝਦਿਆਂ ਇਸ ਜੰਗ ਵਿਚ ਸ਼ਹੀਦੀ ਪਾਈ। ਜਰਨੈਲ ਜਥੇਦਾਰ ਸੁਬੇਗ ਸਿੰਘ ਤੇ ਭਾਈ ਅਮਰੀਕਾ ਸਿੰਘ ਵੀ ਇਸ ਅੰਮ੍ਰਿਤਸਰ ਦੀ ਲੜਾਈ ਵਿਚ ਸ਼ਹੀਦ ਹੋਏ। ਹਜ਼ਾਰਾਂ ਨੌਜਵਾਨ ਜੂਝਦੇ ਹੋਏ ਤੇ ਅਣਭੋਲ ਯਾਤਰੀ ਜਾਮੇ ਸ਼ਹਾਦਤ ਪੀ ਗਏ। ਸਭ ਬੁਲਾਰਿਆ ਨੇ ਇਕ ਆਵਾਜ਼ ਵਿਚ ਕਿਹਾ ਕਿ ਹੁਣ ਦੇ ਹਾਲਾਤ ਦਾ ਜਾਇਜ਼ਾ ਲੈਂਦਿਆਂ ਇਹ ਗੱਲ ਤਹਿ ਹੈ ਕਿ ਖਾਲਿਸਤਾਨ ਤੋਂ ਬਿਨਾਂ ਸਿੱਖ ਕੌਮ ਕੋਲ ਕੋਈ ਚਾਰਾ ਨਹੀਂ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376



# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਜੂਨ ਮਹੀਨੇ ਦੇ ਸਮਾਗਮ

**June 24, 2018**

**Sukhmani Sahib Path and Langar Sewa by Bhai Gurnam Singh and Bibi Kamlesh Kaur**

Sri Sukhmani Sahib Path Langar Sewa will be hosted by Bhai Gurnam Singh and Bibi Kamlesh Kaur for Sukh Shanti and Chardi Kala of their family. May Waheguru keep family in Chardi Kala.

**June 30, 2017 Saturday Blood Drive**
**Mata Kalsa Langar Hall**

From 9:00 AM to 2:45 PM

To Schedule your appointment or for more information visit Redcrossblood.org and enter sponsor code: SEVA

or call:

800-RED-CROSS (1-800-733-2767)

**June 30, 2018. Blood Drive**
**at SRI GURU RAVIDASS TEMPLE on Saturday**

Please register for donating blood, it is a noble cause. For more information regarding eligibility, you can click on the link below:

https://www.redcrossblood.org/faq.html#eligibility



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਜੂਨ ਮਹੀਨੇ ਦੇ ਸਮਾਗਮ

**ਪ੍ਰਕਾਸ਼ ਉਤਸਵ ਸਤਿਗੁਰੂ ਕਬੀਰ ਮਹਾਰਾਜ ਜੀ**
**ਮਿਤੀ 28, 29, 30 ਜੂਨ**

28 ਜੂਨ 2018 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
30 ਜੂਨ 2018 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।
ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ-ਢਾਡੀ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

# ਅਮਰੀਕਾ 'ਚ ਬੀਤੇ 6 ਹਫਤਿਆਂ 'ਚ 2000 ਪ੍ਰਵਾਸੀ ਬੱਚੇ ਆਪਣੇ ਪਰਿਵਾਰਾਂ ਤੋਂ ਹੋਏ ਵੱਖ

ਵਾਸ਼ਿੰਗਟਨ—ਅਮਰੀਕੀ ਸਰਹੱਦ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਬੀਤੇ 6 ਹਫਤਿਆਂ ਵਿਚ ਲੱਗਭਗ 2000 ਪ੍ਰਵਾਸੀ ਬੱਚੇ ਆਪਣੇ ਪਰਿਵਾਰਾਂ ਤੋਂ ਵਿਛੜ ਗਏ। ਇਕ ਅਖਬਾਰ




ਦੀ ਰਿਪੋਰਟ ਮੁਤਾਬਕ ਟਰੰਪ ਪ੍ਰਸ਼ਾਸਨ ਦੇ ਮੈਕਸੀਕੋ ਸਰਹੱਦ ਤੋਂ ਆਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸ਼ੁਰੂ ਕੀਤੇ ਗਏ ਅਭਿਆਨ ਤੋਂ ਬਾਅਦ ਬਾਲਗਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਬੱਚਿਆਂ ਨੂੰ ਉਨ੍ਹਾਂ ਤੋਂ ਵੱਖ ਰੱਖਿਆ ਜਾ ਰਿਹਾ ਹੈ। ਇਸ ਮੁੱਦੇ ਨੇ ਅਮਰੀਕਾ ਵਿਚ ਉਥਲ-ਪੁਥਲ ਮਚਾਈ ਹੋਈ ਹੈ। ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ 19 ਅਪ੍ਰੈਲ ਤੋਂ 31 ਮਈ 2018 ਦਰਮਿਆਨ 1,995 ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕਰ ਦਿੱਤਾ ਗਿਆ। ਹਾਲਾਂਕਿ ਇਨ੍ਹਾਂ ਬੱਚਿਆਂ ਦੀ ਉਮਰ ਦੇ ਬਾਰੇ ਵਿਚ ਕੋਈ ਜਾਣਕਾਰੀ ਉਪਲੱਬਧ ਨਹੀਂ ਕਰਾਈ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਕਾਰਵਾਈ ਨੂੰ ਦੇਖਦੇ ਹੋਏ ਯੂ.ਐਨ. ਨੇ ਅਮਰੀਕਾ ਨੂੰ ਕਿਹਾ ਕਿ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕੀਤਾ ਜਾ ਰਿਹਾ, ਇਹ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਹੈ।



# ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੂਨ ਮਹੀਨੇ ਦੇ ਪ੍ਰੋਗਰਾਮ

22 ਜੂਨ ਸ਼ੁੱਕਰਵਾਰ ਤੋਂ 24 ਜੂਨ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਵੱਲੋਂ ਸ. ਅਜੀਤ ਸਿੰਘ ਬੈਂਸ ਅਤੇ ਪਰਿਵਾਰ ਵੱਲੋਂ।

22 ਜੂਨ ਸ਼ੁੱਕਰਵਾਰ ਨੂੰ ਵਿਆਹ ਬੇਟੀ ਹਰਦੀਪ ਕੌਰ ਪੁੱਤਰੀ ਸ. ਪਿਆਰਾ ਸਿੰਘ ਰਾਹੁਲ।

23 ਜੂਨ ਸ਼ਨਿਚਰਵਾਰ ਵਿਆਹ ਬੇਟੀ ਅਮਰਪ੍ਰੀਤ ਕੌਰ ਪੁੱਤਰੀ ਡਾ. ਪਰਮਜੀਤ ਸਿੰਘ।

24 ਜੂਨ ਐਤਵਾਰ ਸਵੇਰੇ ਦੀਵਾਨ ਭੋਗ ਸ੍ਰੀ ਅਖੰਡ ਪਾਠ ਸਾਹਿਬ, ਕੀਰਤਨ ਕਥਾ ਦੀਵਾਨ ਅਤੇ ਲੰਗਰ ਦੀ ਸੇਵਾ ਵੱਲੋਂ ਸ. ਅਜੀਤ ਸਿੰਘ ਬੈਂਸ ਅਤੇ ਪਰਿਵਾਰ।

# ਯੂਨੈਸਕੋ ਵੱਲੋਂ ਪੱਤਰਕਾਰ ਬੁਖ਼ਾਰੀ ਦੀ ਹੱਤਿਆ ਦੀ ਨਿਖੇਧੀ

**ਪੈਰਿਸ–** ਯੂਨੈਸਕੋ ਦੇ ਮੁਖੀ ਔਡਰੇਅ ਅਯੌਲੇ ਨੇ ਜੰਮੂ ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿੱਚ ਸੀਨੀਅਰ ਪੱਤਰਕਾਰ ਸ਼ੁਜਾਤ ਬੁਖ਼ਾਰੀ ਅਤੇ ਉਸ ਦੇ ਦੋ ਸੁਰੱਖਿਆ ਗਾਰਦਾਂ ਦੀ ਕੀਤੀ ਹੱਤਿਆ ਦੀ ਨਿਖੇਧੀ ਕੀਤੀ ਹੈ। ਸੰਯੁਕਤ ਰਾਸ਼ਟਰ ਦੀ ਸਭਿਆਚਾਰਕ ਸੰਸਥਾ ਦੇ ਡਾਇਰੈਕਟਰ ਨੇ ਕਿਹਾ ਕਿ ਉਹ ਸ਼ੁਜਾਤ ਬੁਖ਼ਾਰੀ ਅਤੇ ਉਸਦੇ ਦੋ ਸੁਰੱਖਿਆ ਗਾਰਦਾਂ ਦੀ ਹੱਤਿਆਵਾਂ ਦੀ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਆਸ ਕਰਦੇ ਹਨ ਕਿ ਸਰਕਾਰੀ ਅਧਿਕਾਰੀ ਮੁਲਜ਼ਮਾਂ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਕੋਈ ਕਸਰ ਬਾਕੀ ਨਹੀ ਛੱਡਣਗੇ। ਜ਼ਿਕਰਯੋਗ ਹੈ ਕਿ ਰਾਈਜ਼ਿੰਗ ਕਸ਼ਮੀਰ ਦੇ ਮੁੱਖ ਸੰਪਾਦਕ ਸ਼ੁਜਾਤ ਬੁਖ਼ਾਰੀ ਅਤੇ ਉਨ੍ਹਾਂ ਦੇ ਦੋ ਸੁਰੱਖਿਆ ਗਾਰਦਾਂ ਨੂੰ ਸ੍ਰੀਨਗਰ ਦੀ ਪ੍ਰੈਸ ਕਾਲੋਨੀ ਵਿੱਚ ਅਤਿਵਾਦੀਆਂ ਨੇ 14 ਜੂਨ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

# 'ਰਾਈਜਿੰਗ ਕਸ਼ਮੀਰ' ਦੇ ਸੰਪਾਦਕ ਸਈਅਦ ਸੁਜਾਤ ਬੁਖਾਰੀ ਨੂੰ ਹਜ਼ਾਰਾਂ ਲੋਕਾਂ ਨੇ ਨਮ੍ਹ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਈ

**ਸ਼੍ਰੀਨਗਰ—** ਕਸ਼ਮੀਰ ਦੇ ਸੀਨੀਅਰ ਪੱਤਰਕਾਰ ਸੁਜਾਤ ਬੁਖਾਰੀ ਦੇ ਅੰਤਿਮ ਸੰਸਕਾਰ'ਚ ਹਜਾਰਾਂ ਦਾ ਇਕੱਠ ਹੋਇਆ। ਬਾਰਾਮੁੱਲਾ 'ਚ ਉਨ੍ਹਾਂ ਦੇ ਜੱਦੀ ਪਿੰਡ ਕ੍ਰੇਰਾ'ਚ ਬੁਖਾਰੀ ਨੂੰ ਸੁਪਰਦ-ਏ-ਖਾਕ ਕੀਤਾ ਗਿਆ। ਨਮ੍ਹ ਅੱਖਾਂ ਨਾਲ ਹਜ਼ਾਰਾਂ ਲੋਕਾਂ ਨੇ ਕਸ਼ਮੀਰ ਦੀ ਇਸ ਮੁਖਰ ਆਵਾਜ਼ ਨੂੰ ਭਰੇ ਦਿਲੀ ਸ਼ਰਧਾਂਜਲੀ ਦਿੱਤੀ। ਇਸ ਤੋਂ ਪਹਿਲਾਂ ਆਪਣੇ ਪ੍ਰਧਾਨ ਸੰਪਾਦਕ ਦੀ ਹੱਤਿਆ ਤੋਂ ਬਾਅਦ ਇਕ ਅੰਗਰੇਜ਼ੀ ਅਖ਼ਬਾਰ ਨੇ ਸ਼ੁੱਕਰਵਾਰ ਨੂੰ ਆਪਣਾ ਰੋਜ਼ਾਨਾ ਐਡੀਸ਼ਨ ਵੀ ਪ੍ਰਕਾਸ਼ਿਤ ਕੀਤਾ।ਅਖ਼ਬਾਰ ਦੇ ਫਰੰਟ ਪੇਜ 'ਤੇ ਕਾਲੇ ਰੰਗ ਦੇ ਬੈਕਗ੍ਰਾਉਂਡ 'ਚ ਸੁਜਾਤ ਬੁਖਾਰੀ ਦੀ ਤਸਵੀਰ ਨਾਲ ਸ਼ਰਧਾਂਜਲੀ ਦਿੱਤੀ ਗਈ ਹੈ। ਸੀਨੀਅਰ ਪੱਤਰਕਾਰ ਸੁਜਾਤ ਬੁਖਾਰੀ ਦੀ ਵੀਰਵਾਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ 'ਚ ਉਨ੍ਹਾਂ ਦੇ ਅੰਗ ਰੱਖਿਆ (ਪੀ.ਐੱਸ.ਓ. ਜਾਂ ਨਿੱਜੀ ਸੁਰੱਖਿਆ ਅਧਿਕਾਰੀ) ਵੀ ਮਾਰੇ ਗਏ ਹਨ। ਬੁਖਾਰੀ ਅਤੇ ਉਨ੍ਹਾਂ ਦੇ ਦੋ ਸੁਰੱਖਿਆ ਕਰਮੀਆਂ ਨੂੰ ਵੀਰਵਾਰ ਸ਼ਾਮ ਇਫਤਾਰ ਤੋਂ ਥੋੜਾ ਪਹਿਲਾਂ ਸ਼੍ਰੀਨਗਰ ਦੇ ਲਾਲ ਚੌਂਕ ਦੇ ਨਜ਼ਦੀਕ ਪ੍ਰੈੱਸ ਏਨਕਲੇਵ 'ਚ 'ਰਾਈਜ਼ਿੰਗ ਕਸ਼ਮੀਰ' ਦੇ ਪ੍ਰੋਗਰਾਮ ਦੇ ਬਾਹਰ ਅਣਜਾਣ ਬੰਦੂਕਧਾਰੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਬੁਖਾਰੀ ਦੇ ਪਰਿਵਾਰ 'ਚ ਪਤਨੀ, ਇਕ ਬੇਟਾ ਅਤੇ ਇਕ ਬੇਟੀ ਹੈ। ਸੰਪਾਦਕ ਬੁਖਾਰੀ ਦੀ ਹੱਤਿਆ ਦੀ ਨਿੰਦਾ ਜੰਮੂ ਸਮੇਤ ਪੂਰੇ ਭਾਰਤ 'ਚ ਹੋ ਰਹੀ ਹੈ।



# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 'ਤੇ ਵਿਸ਼ੇਸ਼ ਸਮਾਗਮ



**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਤਿੰਨ ਦਿਨਾ ਸਮਾਗਮ ਗੁਰਦੁਆਰਾ ਅਨੰਦਗੜ ਕਰਮਨ ਵਿਖੇ ਕਰਵਾਏ ਗਏ। ਇੰਨ੍ਹਾਂ ਸਮਾਗਮਾਂ ਦੌਰਾਨ ਸ੍ਰੀ ਅਖੰਡ ਸਾਹਿਬ ਦੀ ਇਲਾਹੀ ਬਾਣੀ ਦੇ ਤਿੰਨ ਦਿਨ ਪ੍ਰਵਾਹ ਚੱਲੇ ਅਤੇ ਗੁਰਮਤਿ ਵਿਚਾਰਾਂ ਹੋਈਆਂ।

ਸਮਾਪਤੀ 'ਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰੂ ਜੀ ਦੀ ਸ਼ਹੀਦੀ ਦਾ ਇਤਿਹਾਸ ਸਰਵਣ ਕਰਵਾਇਆ। ਇਸੇ ਦੌਰਾਨ ਗਿਆਨੀ ਮੇਜਰ ਸਿੰਘ ਨੇ ਹੁਕਮਨਾਮਾ ਸਾਹਿਬ 'ਤੇ ਵਿਚਾਰਾ ਦੀ ਸਾਂਝ ਪਾਉਂਦੇ ਹੋਏ ਸੰਗਤਾਂ ਨੂੰ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਅੰਤ ਕੁਲਵੰਤ ਸਿੰਘ ਉੱਭੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਹਰ ਸਾਲ ਦੀ ਤਰ੍ਹਾਂ ਸਮਾਗਮ ਦੀ ਸੇਵਾ 'ਸਰਬੱਤ ਦੇ ਭਲੇ' ਦੀ ਅਰਦਾਸ ਕਰਦੇ ਹੋਏ ਕਰਮਨ ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ ਨਾਲ ਸੰਬੰਧਤ ਮੈਡੀਕਲ ਸਟਾਫ ਵੱਲੋਂ ਕਰਵਾਈ ਗਈ ਸੀ।

ਇਸ ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨਤਮਸਤਕ ਹੋਈਆ। ਗੁਰੂ ਘਰ ਵਿਖੇ ਪੰਜਾਬ ਦੀ ਤਰ੍ਹਾਂ ਛਬੀਲ ਵੀ ਲਾਈ ਗਈ ਸੀ ਅਤੇ ਤਿੰਨੋ ਦਿਨ ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਸੈਕਰਾਮੈਂਟੋ ਵਿਖੇ ਪੰਜਾਬ ਪ੍ਰੋਡਕਸ਼ਨਜ ਵੱਲੋਂ ਕਰਵਾਇਆ ਗਿਆ 'ਪੰਜਾਬੀ ਮੇਲਾ'

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਪੰਜਾਬ ਪ੍ਰੋਡਕਸ਼ਨਜ ਵੱਲੋਂ ਸੈਕਰਾਮੈਂਟੋ ਫਲੋਰਨ ਰੋਡ ਤੇ ਸਥਿਤ ਮਾਰਟਨ ਲੂਥਰ ਸਕੂਲ ਦੇ ਅਡੀਟੋਰੀਅਮ ਚ ਕਰਵਾਏ ਗਏ ਸਭਿਆਚਾਰਕ ਪ੍ਰੋਗਰਾਮ ਦੌਰਾਨ ਵੱਖ ਵੱਖ ਕਲਾਕਾਰਾਂ ਨੇ ਆਪਣੀ ਆਪਣੀ ਗਾਇਕੀ ਦਾ ਮੁਜਾਹਰਾ ਕੀਤਾ ਜਿਨਾਂ ਚ ਕੁਲਵਿੰਦਰ ਬਿੱਲਾ , ਰਾਜਵੀਰ ਜਵੰਦਾ, ਰੁਪਾਲੀ, ਸ਼ਿਵਜੋਤ ਅਤੇ ਜੀਤਾ ਗਿੱਲ ਨੇ ਸੈਕਰਾਮੈਂਟੋ ਇਲਾਕੇ ਦੇ ਪੰਜਾਬੀਆਂ ਦਾ ਖੂਬ ਮੰਨੋਰੰਜਨ ਕੀਤਾ । ਇਸ ਪ੍ਰੋਗਰਾਮ ਵਿੱਚ ਗਿੱਧਾ ਤੇ ਭੰਗੜਾ ਕੋਚ ਪਰੀਤ ਚਾਹਲ ਦੁਆਰਾ ਤਿਆਰ ਕਰਵਾਈਆਂ ਵਿਰਸੇ ਦੀਆਂ ਸ਼ੌਕੀਨਾਂ ਅਕੈਡਮੀ ਮਨਟੀਕਾ ਦੇ ਬੱਚਿਆਂ ਦੀਆਂ ਟੀਮਾਂ ਨੇ ਪੰਜਾਬ ਦੇ ਲੋਕ ਨਾਚਾਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕਰਕੇ, ਵੱਖ ਵੱਖ ਕਲਾਕਾਰਾਂ ਨਾਲ ਸਾਥ ਨਿਭਾਇਆ । ਪੰਜਾਬੀ ਗਾਇਕ ਕੁਲਵਿੰਦਰ ਬਿੱਲਾ, ਰਾਜਵੀਰ ਜਵੰਦਾ, ਰੁਪਾਲੀ, ਗੁਰਜਿੰਦਰ ਸੰਧੂ, ਜੀਤਾ ਗਿੱਲ , ਪ੍ਰਤੀਕ ਢੀਂਡਸਾ ਅਤੇ ਸ਼ਿਵਜੋਤ ਨੇ ਆਪਣੇ



ਨਵੇਂ ਪੁਰਾਣੇ ਗੀਤਾ ਨਾਲ ਖੂਬ ਰੰਗ ਬੰਨਿਆ ।ਬੀਬੀ ਆਸ਼ਾ ਸ਼ਰਮਾ ਨੇ ਸਟੇਜ ਬੜੀ ਬਾਖੂਬੀ ਨਾਲ ਚਲਾਈ ! ਪਰਿਵਾਰਾਂ ਦੇ ਬੈਠਣ ਲਈ ਉਚਿਤ ਪ੍ਰਬਧ ਕੀਤੇ ਗਏ ਸਨ ਅਤੇ ਮੇਲਾ ਪੂਰੀ ਤਰਾ ਨਾਲ ਸੱਭਿਆਚਾਰਿਕ ਤੇ ਪਰਿਵਾਰਿਕ ਸੀ । ਮੇਲੇ ਦੇ ਪ੍ਰਬੰਧਕਾਂ ਵੱਲੋਂ ਗ੍ਰੈਂਡ ਸਪੌਂਸਰ ਇੰਦਰਜੀਤ ਚੀਨਾ ਜਿਊਲਰਜ, ਡਾਇਮੰਡ ਸਪੌਂਸਰ ਮਾਇਕ ਬੋਪਾਰਾਏ ਐਂਡ ਬ੍ਰਦਰਜ਼, ਪਲੈਟੀਨਮ ਸਪੌਂਸਰ ਵਰਲਡ ਫਾਈਨੈਸ਼ਲ ਗਰੁੱਪ ਐਲਕ ਗਰੋਵ ਦਫਤਰ, ਗੋਲਡਨ ਸਪੌਂਸਰ ਸ਼ਿਕਾਗੋ ਪੀਜ਼ਾ, ਟੋਬੈਕੋ ਕਾਰਟਲ, ਐਮ ਜੀ ਐਮ, ਦਰਸ਼ਨ ਸਿੰਘ ਮੁੰਡੀ, ਸੈਮ ਚਾਹਲ ਅਤੇ ਐਲ ਏ ਮਾਰਚੈਂਡਸ ਯੂਬਾ ਸਿਟੀ ਨੂੰ ਵਿਸ਼ੇਸ ਸਨਮਾਨਿਤ ਕੀਤਾ ਗਿਆ। ਮੇਲੇ ਦੇ ਪ੍ਰਬੰਧਕ ਦਲਜੀਤ ਸਿੰਘ ਢੰਡਾ, ਜਤਿੰਦਰ ਸੋਨੂੰ ਹੁੰਦਲ, ਗੈਰੀ ਤੁੰਗ ,ਟੀ ਜੇ ਹੁੰਦਲ, ਹਰਪ ਗਿੱਲ, ਹਰਵੀ ਕਾਹਲੋਂ ਵੱਲੋਂ ਸਾਰੇ ਸਪੌਂਸਰਾ, ਸਿੰਗਰਾ, ਸਰੋਤਿਆਂ ਅਤੇ ਮੇਲੇ ਨਾਲ ਜੁੜੀ ਹਰ ਇੱਕ ਸਖਸ਼ੀਅਤ ਦਾ ਧੰਨਵਾਦ ਕੀਤਾ ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ








**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾਸਿਟੀ ਵਿਖੇ ਬੀਤੀ 15, 16, 17 ਜੂਨ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸਮੂਹ ਸਾਧ ਸੰਗਤ ਜੀ ਵੱਲੋਂ ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਧੰਨ ਧੰਨ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਜੋੜ ਮੇਲਾ ਮਨਾਇਆ ਗਿਆ, ਜਿਸ ਵਿਚ 15 ਜੂਨ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 17 ਜੂਨ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਸਜਾਏ ਗਏ, ਜਿਸ ਵਿਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਹਜੂਰੀ ਕੀਰਤਨੀਏ ਭਾਈ ਮਨਜੀਤ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਜੀਵਨ ਤੇ ਕਥਾ ਕੀਤੀ। ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਵੀ ਗੁਰਬਾਣੀ ਕੀਰਤਨ ਦੁਆਰਾ ਹਾਜ਼ਰੀ ਲਗਵਾਈ।

ਭਾਈ ਗੁਰਦੀਪ ਸਿੰਘ ਹੀਰਾ ਜੀ ਵੱਲੋਂ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਸੰਗਤਾਂ ਵੱਲੋਂ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਗੁਰੂ ਹਰਗੋਬਿੰਦ ਜੀ ਮਹਾਰਾਜ ਅਤੇ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਉਤਸਵ ਮਿਤੀ 29, 30 ਜੂਨ ਅਤੇ 1 ਜੁਲਾਈ ਨੂੰ ਮਨਾਇਆ ਜਾ ਰਿਹਾ ਹੈ।

**29 ਜੂਨ 2018 ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**1 ਜੁਲਾਈ 2018 ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਢਾਡੀ ਕਥਾ ਵਾਚਕ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

*************

# ਲਾਇਬ੍ਰੇਰੀ ਦੀ ਸੰਭਾਲ ਲਈ ਵਿਦਿਆਰਥੀਆਂ ਦੀ ਕਲਾਸ ਲਗਾਈ

**ਯੂਨੀਅਨ ਸਿਟੀ (ਪ੍ਰਮਿੰਦਰ ਪ੍ਰਵਾਨਾ)–** ਲਾਇਬ੍ਰੇਰੀ (ਕਿਤਾਬ ਘਰ) ਵਿਚ ਗਿਆਨ ਦਾ ਖਜ਼ਾਨਾ ਹੈ। ਸ਼ਬਦ ਕੋਸ਼ ਦੇ ਅਰਥ ਵਿਚ



ਉਹ ਇਮਾਰਤ ਜਾਂ ਕਮਰਾ ਜਿੱਥੇ ਕਿਤਾਬਾਂ ਦਾ ਸੰਗ੍ਰਹਿ ਹੋਵੇ। ਲਾਇਬ੍ਰੇਰੀ ਦਾ ਸਮਾਜ ਸੇਵਾ ਵਿਚ ਇਕ ਉਘਾ ਨਾਂ ਹੈ। ਲਾਇਬ੍ਰੇਰੀ ਦੀ ਗਿਆਨ ਦੇ ਵਾਧੇ ਵਿਚ ਇਕ ਮਹੱਤਵਪੂਰਨ ਦੇਣ ਹੈ। ਸੰਸਾਰ ਵਿਚ ਬਹੁਤ ਸਾਰੇ ਪਾਠਕ ਹਨ, ਜਿਹਨਾਂ ਨੂੰ ਕਿਤਾਬਾਂ ਪੜ੍ਹਨ ਦਾ ਅਥਾਹ ਸ਼ੌਂਕ ਹੈ। ਕਿਤਾਬਾਂ ਤੋਂ ਇਲਾਵਾ ਹਰ ਲਾਇਬ੍ਰੇਰੀ ਵਿਚ ਵਿਦਿਅਕ, ਅਕਾਦਮਿਕ, ਸਿੱਖਿਆ, ਖੇਡ, ਮਨੋਰੰਜਨ, ਖੋਜ ਹਵਾਲੇ ਆਦਿ ਦੇ ਢੇਰ ਸਾਰੇ ਰੁਝੇਵੇਂ ਹਨ। ਜੋ ਹੁਨਰ ਸਿੱਖਣ ਵਿਚ ਚੰਗੇ ਜੀਵਨ ਦਾ ਰਾਹ ਦੱਸਦੇ ਹਨ। ਬਹੁਤ ਸਾਰੀਆਂ ਸੇਵਾਵਾਂ ਮੁਫਤ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸੇ ਸੰਦਰਭ ਵਿਚ ਯੂਨੀਅਨ ਸਿਟੀ ਲਾਇਬ੍ਰੇਰੀ ਵਿਚ ਰਵਾਇਤੀ ਕਲਾ ਵਾਟਰ ਕਲਰ ਸਿਖਾਉਣ ਲਈ 18 ਸਿਖਿਆਰਥੀਆਂ ਦੀ ਕਲਾਸ ਲਗਾਈ ਗਈ, ਜਿਸ ਵਿਚ ਵੱਖ-ਵੱਖ ਤਰ੍ਹਾਂ ਦੇ ਢੰਗ ਸਿਖਾਏ ਗਏ। ਪ੍ਰੋਗਰਾਮ ਦੇ ਪ੍ਰਬੰਧ ਵਿਚ ਮਾਹਿਰ ਦੀ ਮਦਦ ਲਈ ਗਈ, ਜਿਸ ਕੋਲ ਚਿੱਤਰ ਕਲਾ ਦੇ ਖੇਤਰ ਦਾ ਲੰਮਾ ਤਜਰਬਾ ਹੈ।



# ਮਾਤਾ ਗੁਰਬਚਨ ਕੋਰ ਸੰਧੂ ਸਵਰਗਵਾਸੀ




**ਸੈਨਹੋਜੇ–** ਬਹੁਤ ਦੁਖ ਭਰੇ ਹਿਰਦੇ ਨਾਲ ਇਹ ਖ਼ਬਰ ਪੜ੍ਹੀ ਅਤੇ ਸੁਣੀ ਜਾਵੇਗੀ ਕਿ ਸਰਦਾਰਨੀ ਮਾਤਾ ਗੁਰਬਚਨ ਕੋਰ ਸੰਧੂ ਸੁਪਤਨੀ ਸਰਦਾਰ ਕਸ਼ਮੀਰ ਸਿੰਘ ਸੰਧੂ (ਸਵਰਗਵਾਸੀ) ਜਿੰਨਾ ਦਾ ਪਿਛਲਾ ਪਿੰਡ ਕੋਟ ਖਾਲਸਾ ਜਿਲ੍ਹਾ ਅੰਮ੍ਰਿਤਸਰ ਪੰਜਾਬ ਸੀ, ਇਸ ਵਕਤ ਸੈਨਹੋਜੇ ਕੈਲੀਫੋਰਨੀਆ ਰਹਿ ਰਹੇ ਸਨ ਪਿਛਲੇ ਦਿਨੀ ਗੁਰਪੁਰੀ ਸਿਧਾਰ ਗਏ ਹਨ, ਇਹਨਾਂ ਦਾ ਜਨਮ ਮਿੰਟਗੁਮਰੀ ਪਾਕਿਸਤਾਨ ਵਿੱਚ ਹੋਇਆ ਸੀ, ਮਾਤਾ ਜੀ ਕਾਫ਼ੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ, ਜਿਹਨਾਂ ਦਾ ਇਲਾਜ Regional Medical Centre Sanjose California Dr Parven ਦੀ ਦੇਖ ਰੇਖ ਹੇਠ ਬਾਖੂਬੀ ਚੱਲ ਰਿਹਾ ਸੀ!

ਮਾਤਾ ਜੀ ਆਪਣੀ ਬਖਸ਼ੀ ਹੋਈ 96 Years ਦੀ ਸੰਸਾਰਕ ਯਾਤਰਾ ਖ਼ਤਮ ਕਰਕੇ, ਅਕਾਲ ਪੁਰਖ ਦੇ ਹੁਕਮ ਮੁਤਾਬਕ ਮਿਤੀ June-13-2018 ਵਾਲੇ ਦਿਨ ਆਪਣੇ ਬੱਚੇ, ਦਲਜੀਤ ਸਿੰਘ ਸੰਧੂ, ਹਰਪਾਲ ਸਿੰਘ ਸੰਧੂ, ਬੇਟੀਆਂ ਮਨਜੀਤ ਕੋਰ ਕੰਗ, ਪ੍ਰਭਜੀਤ ਕੋਰ ਰੋਡੇ, ਬਲਰਾਜ ਕੋਰ ਕਾਹਲੋ (ਸਵਰਗਵਾਸੀ) ਨੂੰ ਛੱਡ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ!

ਉਹਨਾਂ ਦੇ ਪਾਰਥਿਕ ਸ਼ਰੀਰ ਦਾ ਦਾਹ ਸਸਕਾਰ ਮਿਤੀ June-23-2018 Saturday 2018 ਵਾਲੇ ਦਿਨ ਦੁਪਹਿਰੇ 11AM To 1PM Spangler Mortuaries 174 N Sunnyvale Ave CA 94086, ਉਹਨਾਂ ਦੀ ਆਤਮਕ ਸ਼ਾਂਤੀ ਵਾਸਤੇ ਭੋਗ ਸਹਿਜ ਪਾਠ, ਅੰਤਿਮ ਅਰਦਾਸ ਗੁਰਦਵਾਰਾ ਸਾਹਿਬ 3636 Murillo Ave Sanjose CA 95148 ਮਿਤੀ June 23-2018 ਸ਼ਨਿਚਰਵਾਰ 2018 ਪਵੇਗਾ ਜੀ!

# ਜੂਨ 84 ਦੇ ਘੱਲੂਘਾਰੇ ਨੂੰ ਸਮਰਪਿਤ ਭਾਈ ਜੈ ਸਿੰਘ ਦਾ ਪ੍ਰਸੰਗ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਰਿਲੀਜ਼




**ਯੂਬਾ ਸਿਟੀ–** ਬੀਤੇ ਐਤਵਾਰ ਗਿਆਨ. ਦਇਆ ਸਿੰਘ ਦਿਲਬਰ ਦੇ ਸਪੁੱਤਰ ਗਿਆਨੀ ਕੁਲਜੀਤ ਸਿੰਘ ਦਿਲਬਰ ਦੇ ਜਥੇ ਵੱਲੋਂ ਗਾਇਆ ਤੇ ਬਿੱਲੂ ਯੂ. ਐਸ. ਏ. ਦਾ ਲਿਖਿਆ ਪ੍ਰਸੰਗ ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਦੇ ਗੁਰੂ ਘਰ ਵਿਚ ਰਿਲੀਜ਼ ਕੀਤਾ ਗਿਆ, ਜਿਸਨੂੰ ਸਰੰਗੀ ਮਾਸਟਰ ਗੁਰਪ੍ਰੀਤਪਾਲ ਸਿੰਘ ਅਮਰਗੜ੍ਹ, ਅਮਰਜੀਤ ਸਿੰਘ ਸ਼ੇਰੀਆਂ, ਸੰਦੀਪ ਸਿੰਘ ਲੁਹਾਰਾਂ ਨੇ ਆਵਾਜ਼ਾਂ ਦਿੱਤੀਆਂ ਹਨ, ਤੇਜ਼ੀ ਨਾਲ ਉਭਰ ਰਹੀ ਜੋਤ ਇੰਟਰਟੇਨਮੈਂਟ ਤੇ ਬਿੰਦਰ ਬੁੱਟਰ ਦੀ ਪੇਸ਼ਕਸ਼ ਬਹੁਤ ਸਲਾਹੁਣਯੋਗ ਹੈ, ਜਿਹਨਾਂ ਨੇ ਇਸ ਪ੍ਰਸੰਗ ਨੂੰ ਸੰਗਤਾਂ ਦੇ ਸਨਮੁਖ ਪੇਸ਼ ਕੀਤਾ ਹੈ। ਅੱਜਕਲ੍ਹ ਬਹੁਤ ਘੱਟ ਨਵੇਂ ਪ੍ਰਸੰਗ ਮਾਰਕੀਟ ਵਿਚ ਆ ਰਹੇ ਹਨ, ਜਦਕਿ ਸਾਨੂੰ ਲੋੜ ਹੈ ਨਵੀਂ ਪਨੀਰੀ ਦੇ ਬੱਚਿਆਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਣ ਦੀ। ਇਸ ਮੌਕੇ ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ ਅਤੇ ਹੋਰ ਬਹੁਤ ਪ੍ਰਸਿੱਧ ਹਸਤੀਆਂ ਹਾਜ਼ਰ ਸਨ।

# ਮਾਨ-ਸਨਮਾਨ ਪਾਰਟੀ 'ਚ ਮਿਲਦਾ ਰਹੇਗਾ- ਸੁਰਜੀਤ ਸਿੰਘ ਰੱਖੜਾ







**ਫਰਿਜ਼ਨੋ (ਕੈਲੀਫੋਰਨੀਆ)—** ਸ਼੍ਰੋਮਣੀ ਅਕਾਲੀ ਦਲ ਨੂੰ ਲੋਕ ਪੰਜਾਬ ਵਿੱਚ ਹੀ ਨਹੀ ਸਗੋਂ ਵਿਦੇਸ਼ਾ ਵਿੱਚ ਵੀ ਕਿੰਨਾਂ ਪਿਆਰ ਕਰਦੇ ਹਨ ਇਸ ਗੱਲ ਦਾ ਪ੍ਰਗਟਾਵਾ ਸ: ਸੁਰਜੀਤਿ ਸੰਘ ਰੱਖੜਾ ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਨੇਤਾ ਨੇ ਬੀਤੇ ਦਿਨੀਂ ਫਰਿਜ਼ਨੋ ਵਿਖੇ ਪਾਰਟੀ ਵਰਕਰਾਂ ਵਲੋ ਬੁਲਾਈ ਗਈ ਕਾਨਫਰੰਸ ਚ' ਇਸ ਗੱਲ ਦਾ ਪ੍ਰਗਟਾਵਾ ਸ: ਸੁਰਜੀਤਿ ਸੰਘ ਰੱਖੜਾ ਨੇ ਕੀਤਾ ਪਾਰਟੀ ਪ੍ਰਤੀ ਆਪਣੇ ਪਿਆਰ ਦਾ ਪਰਤੱਖ ਦਾ ਸਬੂਤ ਦਿੰਦੇ ਹੋਏ ਉਹਨਾਂ ਸ੍ਰੀ ਵਿਨੇ ਵੋਹਰਾ ਸੀਨੀਅਰ ਵਾਇਸ ਪੈਜੀਡੇਂਟ ਯੂਥ ਅਕਾਲੀ ਦਲ ਵੈਸਟ ਕੋਸਟ ਜੋਨ ਦੀ ਅਗਵਾਈ ਅਤੇ ਨਿਕਸਨ ਔਜਲਾ ਤੇ ਸੁਖਵਿੰਦਰ ਸਿੰਘ ਅਬਲੋਵਾਲ ਦੇ ਵਿਸ਼ੇਸ਼ ਯਤਨਾਂ ਸਦਕਾ ਫਰਿਜ਼ਨੋ ਕੈਲੀਫੋਰਨੀਆ ਅਮਰੀਕਾ ਵਿਖੇ ਕਰਵਾਈ ਗਈ ਕਾਨਫਰੰਸ ਨੇ ਜਿਸ ਵਿੱਚ ਨਾਮਵਾਰ ਸਖਸ਼ੀਅਤਾਂ ਨੇ ਸ਼ਿਰਕਤ ਕਰਕੇ ਇੱਥੇ ਆ ਕੇ ਵੱਸੇ ਸਾਡੇ ਪੰਜਾਬੀ ਭਾਈਚਾਰੇ ਨੇ ਆਪਣੇ ਕੀਮਤੀ ਸਮੇਂ ਵਿੱਚੋ ਸਮਾਂ ਕੱਢ ਕੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪਾਰਟੀ ਪ੍ਰਤੀ ਪਿਆਰ ਦਿਖਾਇਆ, ਅਤੇ ਉਹਨਾਂ ਇੱਕ ਹੋਰ ਮਿਸਾਲ ਯੂਬਾ ਸਿਟੀ ਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਸ. ਸਰਬਜੀਤ ਸਿੰਘ ਤਿਹਾੜਾ ਦੀ ਦਿੱਤੀ ਤੇ ਕਿਹਾ ਕਿ ਉਹਨਾਂ ਨੇ ਆਪਣੇ ਸਾਥੀਆਂ ਸਮੇਤ ਹਵਾਈ ਸਵਾਰੀ ਰਾਹੀਂ ਕੈਲੀਫੋਰਨੀਆ ਵਿਖੇ ਪਹੁੰਚ ਕੇ ਪਾਰਟੀ ਦੇ ਵਫਾਦਾਰ ਸਿਪਾਹੀ ਹੋਣ ਦਾ ਸਬੂਤ ਦਿੱਤਾ ਉਹਨਾਂ ਕਿਹਾ ਕਿ ਜਿਸ ਪਾਰਟੀ ਦੇ ਵਰਕਰ ਅਤੇ ਆਹੁਦੇਦਾਰ ਇੰਨੇ ਜੋਸ਼ੀਲੇ ਹੋਣ ਉਹ ਪਾਰਟੀ ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿੰਦੀ ਹੈ, ਇਸ ਕਾਨਫਰੰਸ ਵਿੱਚ ਇੱਥੋਂ ਦੇ ਵਸਨੀਕਾਂ ਨੇ ਮੈਨੂੰ ਸੋਨ ਤਗਮੇ ਨਾਲ ਸਨਮਾਨਤ ਕੀਤਾ ਹੈ ਮੈਂ ਵੀ ਹਰ ਕੋਸ਼ਿਸ ਕਰਾਂਗਾ ਕਿ ਸਾਡੇ ਐਨ.ਆਰ.ਆਈਜ਼ ਭਰਾਵਾਂ ਨੂੰ ਉਹਨਾਂ ਦਾ ਬਣਦਾ ਮਾਨ ਸਨਮਾਨ ਪਾਰਟੀ ਵਿੱਚ ਮਿਲਦਾ ਰਹੇ, ਸਾਰੇ ਵਰਕਰ, ਅਹੁਦੇਦਾਰਾਂ ਅਤੇ ਸਮੁੱਚੇ ਯੂਥ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਇੰਨਾਂ ਪਿਆਰ ਦੇਖ ਕੇ ਮੈਂ ਇਹ ਵੀ ਵਾਅਦਾ ਕਰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਨੂੰ ਮੈ ਜਲਦੀ ਹੀ ਅਮਰੀਕਾ ਤੁਹਾਡੇ ਵਿੱਚ ਲੈ ਕੇ ਆਵਾਂਗਾ।

**(ਰਾਜ ਗੋਗਨਾ)**

ਦੇਸ਼ ਦੁਆਬਾ

# ਰਾਸ਼ਟਰਪਤੀ ਟਰੰਪ ਦੇ ਐਲਾਨਾਂ ਤੇ ਵਿਵਾਦ

ਰਾਸ਼ਟਰ ਮੁਖੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਮੁਲਕ ਦੇ ਹਿੱਤਾਂ ਦੇ ਪ੍ਰਤੀ ਚੌਕਸ-ਸੁਚੇਤ ਰਹੇ ਅਤੇ ਲੋੜ ਪੈਣ 'ਤੇ ਢੁਕਵੇਂ ਕਦਮ ਚੁੱਕੇ ਪਰ ਇਸਦਾ ਇਹ ਮਤਲਬ ਵੀ ਨਹੀਂ ਕਿ ਉਸ ਵੱਲੋਂ ਕੌਮਾਂਤਰੀ ਹਿੱਤਾਂ ਨੂੰ ਦਾਅ ਤੇ ਲਗਾਉਣ ਵਾਲੇ ਕਦਮ ਚੁੱਕੇ ਜਾਣ। ਅੱਜਕਲ੍ਹ ਰਾਸ਼ਟਰਪਤੀ ਸ੍ਰੀ ਡੋਨਾਲਡ ਟਰੰਪ ਇਹੀ ਕਾਰ ਰਹੇ ਹਨ। ਉਹਨਾਂ ਨੇ ਅਮਰੀਕਾ ਦੇ ਹਿੱਤਾਂ ਨੂੰ ਪਹਿਲ ਦਿੰਦਿਆਂ ਹੋਰ ਮੁਲਕਾਂ ਤੋਂ ਆਯਾਤ ਹੋਣ ਵਾਲੀ ਸਮਗੱਰੀ ਤੇ ਜ਼ਿਆਦਾ ਟੈਕਸ ਲਗਾ ਦਿੱਤਾ ਹੈ। ਇਸ ਕਾਰਨ 1990 ਦੇ ਦਹਾਕੇ ਵਿਚ ਜੋ ਗਲੋਬਲਾਈਜੇਸ਼ਨ ਦੀ ਲਹਿਰ ਚੱਲੀ ਸੀ, ਉਹ ਫਿਰ ਦੁਬਾਰਾ ਟਰੇਡ ਵਾਰ ਵਿਚ ਤਬਦੀਲ ਹੁੰਦੀ ਨਜ਼ਰ ਆ ਰਹੀ ਹੈ। ਅਮਰੀਕੀ ਰਾਸ਼ਟਰਪਤੀ ਪਹਿਲਾਂ ਤਾਂ ਚੀਨ ਅਤੇ ਕੁਝ ਹੋਰ ਖਾਸ ਮੁਲਕਾਂ ਨੂੰ ਹੀ ਆਪਣੇ ਨਿਸ਼ਾਨੇ ਤੇ ਲੈਣ ਦੀ ਗੱਲ ਕਰਦੇ ਸਨ ਪਰ ਅਜਿਹਾ ਲੱਗਦਾ ਹੈ ਕਿ 'ਅਮੈਰਿਕਾ ਫਸਟ' ਦੀ ਆਪਣੀ ਨੀਤੀ ਦੇ ਤਹਿਤ ਉਹ ਸਾਰੇ ਮੁਲਕਾਂ ਦੇ ਨਾਲ ਟਰੇਡ ਵਾਰ ਛੇੜਨ ਦਾ ਇਰਾਦਾ ਰੱਖਦੇ ਹਨ। ਇਹ ਹੈਰਾਨੀਜਨਕ ਹੈ ਕਿ ਇਸ ਲੜੀ ਵਿਚ ਉਹ ਆਪਣੇ ਮਿੱਤਰ ਅਤੇ ਹਿਤੈਸ਼ੀ ਮੁਲਕਾਂ ਦੇ ਪ੍ਰਤੀ ਵੀ ਨਕਾਰਾਤਮਕ ਰਵੱਈਆ ਦਿਖਾ ਰਹੇ ਹਨ। ਪਰ ਜੇਕਰ ਇਸ ਦੇ ਉਲਟ ਹੋ ਗਿਆ ਅਤੇ ਹੋਰ ਮੁਲਕਾਂ ਨੇ ਵੀ ਅਮਰੀਕੀ ਵਸਤਾਂ 'ਤੇ ਟੈਕਸ ਵਧਾਉਣਾ ਆਰੰਭ ਕਰ ਦਿੱਤਾ ਤਾਂ ਅਮਰੀਕਾ ਇਕੱਲਾ ਪੈ ਜਾਵੇਗਾ।

ਅਮਰੀਕਾ ਦੀ ਭੂਮਿਕਾ ਦੁਨੀਆਂ ਵਿਚ ਵੱਖਰੀ ਕਿਸਮ ਦੀ ਹੈ। ਅਮਰੀਕਾ ਨੂੰ ਸੁਪਰ ਪਾਵਰ ਕਿਹਾ ਜਾਂਦਾ ਹੈ। ਅਮਰੀਕਾ ਦੀ ਫੌਜ ਦੁਨੀਆਂ ਦੀਆਂ ਤਾਕਤਵਰ ਫੌਜਾਂ ਵਿਚ ਮੰਨੀ ਜਾਂਦੀ ਹੈ। ਅਟਲਾਂਟਿਕ ਤੋਂ ਲੈ ਕੇ ਪੈਸੇਫਿਕ ਸਮੁੰਦਰਾਂ ਤੱਕ ਅਮਰੀਕੀ ਫੌਜ ਦਾ ਦਬਦਬਾ ਹੈ। ਹਿੰਦ ਮਹਾਂਸਾਗਰ ਵਿਚ ਅਮਰੀਕੀ ਫੌਜ ਭਾਰਤੀ ਫੌਜ ਦੇ ਨਾਲ ਮਿਲ ਕੇ ਚੱਲ ਰਹੀ ਹੈ। ਇਸ ਦਾ ਫਾਇਦਾ ਇਹ ਹੈ ਕਿ ਦੁਨੀਆਂ ਵਿਚ ਹੋਣ ਵਾਲੀ ਗੜਬੜ, ਇਕ ਮੁਲਕ ਦਾ ਦੂਜੇ ਮੁਲਕ ਤੇ ਹਮਲਾ ਕਰਨ ਦੀ ਪ੍ਰਵਿਰਤੀ, ਵਿਸਥਾਰਵਾਦ ਦੀ ਪ੍ਰਵਿਰਤੀ ਆਦਿ 'ਤੇ ਰੋਕ ਤਾਂ ਹੀ ਲੱਗ ਸਕਦੀ ਹੈ, ਜੇਕਰ ਕੋਈ ਤਾਕਤਵਰ ਮੁਲਕ ਦੁਨੀਆਂ ਦਾ ਚੌਧਰੀ ਬਣਿਆ ਰਹੇ। ਭਾਰਤ ਵਰਗੇ ਮੁਲਕ ਇਸੇ ਕਾਰਨ ਹੀ ਅਮਰੀਕਾ ਦਾ ਸਮਰਥਨ ਕਰਦੇ ਹਨ ਕਿ ਅਮਰੀਕਾ ਨੇ ਗਲਤੀਆਂ ਕਰਨ ਦੇ ਬਾਵਜੂਦ ਵਿਸ਼ਵ ਸ਼ਾਂਤੀ ਲਈ ਬਹੁਤ ਕੁਝ ਕੀਤਾ ਹੈ। ਦੁਨੀਆਂ ਵਿਚ ਅੱਜ ਭਾਰਤ ਦੇ ਹੱਕ ਵਿਚ ਸਭ ਤੋਂ ਜ਼ਿਆਦਾ ਮੁਲਕ ਹਨ। ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਦੇ ਧੜਾਧੜ ਵਿਦੇਸ਼ ਦੌਰੇ ਕੋਈ ਸੈਰ-ਸਪਾਟਾ ਨਹੀਂ, ਬਲਕਿ ਦੁਨੀਆਂ ਵਿਚ ਸ਼ਾਂਤੀ ਲਈ ਭਾਰਤ ਦਾ ਦਰਜਾ ਵਧਾਉਣ ਦੀ ਇਕ ਸਕਾਰਾਤਮਕ ਕੋਸ਼ਿਸ਼ ਹੈ ਪਰ ਇਹ ਕਹਾਵਤ 'ਜਿਸ ਦੀ ਲਾਠੀ ਉਸ ਦੀ ਮੱਝ' ਬਿਲਕੁਲ ਸਹੀ ਅਤੇ ਸਾਡੇ ਬਜ਼ੁਰਗਾਂ ਦੇ ਤਜਰਬਿਆਂ ਤੇ ਆਧਾਰਿਤ ਹੈ। ਭਾਰਤ ਦੁਨੀਆਂ ਤੇ ਵੱਖਰੇ ਤਰੀਕੇ ਨਾਲ ਆਪਣਾ ਪ੍ਰਭਾਵ ਰੱਖਦਾ ਹੈ, ਜਦਕਿ ਅਮਰੀਕਾ ਡੰਡੇ ਦੇ ਜ਼ੋਰ ਨਾਲ ਆਪਣਾ ਪ੍ਰਭਾਵ ਰੱਖਦਾ ਹੈ। ਅਜਿਹੀ ਗੱਲ ਨਹੀਂ ਕਿ ਅਮਰੀਕਾ ਸਾਰੀ ਦੁਨੀਆਂ ਨੂੰ ਡਰਾ ਕੇ ਆਪਣੇ ਪਿੱਛੇ ਲਗਾ ਸਕਦਾ ਹੈ। ਜੇਕਰ ਦੁਨੀਆਂ ਦੇ ਵੱਡੇ ਛੇ ਮੁਲਕ ਅਮਰੀਕਾ ਦੇ ਖਿਲਾਫ ਇੱਕਜੁਟ ਹੋ ਗਏ ਤਾਂ ਅਮਰੀਕਾ ਸਿਰਫ ਆਪਣੇ ਮਹਾਂਦੀਪ ਤੱਕ ਸੀਮਤ ਹੋ ਕੇ ਰਹਿ ਜਾਵੇਗਾ।

ਅਮਰੀਕਾ ਨੇ ਦੁਨੀਆਂ ਨੂੰ ਬਹੁਤ ਕੁਝ ਦਿੱਤਾ ਹੈ। ਮੌਜੂਦਾ ਗਲੋਬਲਾਈਜੇਸ਼ਨ ਦੀ ਵਿਵਸਥਾ ਵੀ ਅਮਰੀਕਾ ਦੀ ਦੇਣ ਹੈ ਪਰ ਹੁਣ ਅਮਰੀਕਾ ਇਸ ਤੋਂ ਪਿੱਛੇ ਹਟੇਗਾ ਤਾਂ ਨੁਕਸਾਨ ਅਮਰੀਕਾ ਦਾ ਜ਼ਿਆਦਾ ਹੋਵੇਗਾ।ਦੁਨੀਆਂ ਹੁਣ ਆਪਸ ਵਿਚ ਨੇੜਤਾ ਵਧਾ ਰਹੀ ਹੈ। ਅਜਿਹੀ ਦੁਨੀਆਂ ਵਿਚ ਅਮਰੀਕਾ ਹੁਣ ਖੁਦ ਨੂੰ ਟਾਪੂ ਬਣਾ ਕੇ ਨਹੀਂ ਰੱਖ ਸਕਦਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-69

## ਗੁਰਬਾਣੀ ਚਾਨਣ 'ਚ "ਹਲਾਲ"

ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ "ਹਲਾਲ" ਅਰਬੀ ਦਾ ਲਫਜ਼ ਹੈ। ਅਰਥ ਹਨ-ਧਰਮ ਕ੍ਰਿਤ, ਨੇਕ ਕਮਾਈ, ਕੁੱਠਾ ਮਾਸ-ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ॥(੧੪੧) ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ (੧੪੦) ਜਿਬਾਹ, ਮੁਸਲਮਾਨੀ ਤਰੀਕੇ ਨਾਲ ਜਿਬਹ ਕੀਤੇ ਜੀਵ ਦਾ ਮਾਸ ਜੋ ਇਸਲਾਮ ਅਨੁਸਾਰ "ਹਲਾਲ" ਹੈ-ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥ ਦਫਤਰ ਦਈ ਜਬ ਕਾਢਿ ਹੈ ਹੋਇਗਾ ਕਉਨ ਹਵਾਲੁ॥੧੯੯॥(੧੩੭੫) ਜਿਬਾਹ-ਹੋਇ ਹਲਾਲੁ ਲਗੈ ਹਕ ਜਾਇ॥(੯੫੬) ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥ (੧੩੫੦) ਨੇਕ ਕਮਾਈ-ਹਕੁ ਹਲਾਲੁ ਬਖੋਰਹੁ ਖਾਣਾ॥(੧੦੮੪) ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥ (੧੪੧)

ਸੋ "ਹਲਾਲ" ਦੇ ਦੋ ਹੀ ਅਸਲ ਅਰਥ ਹਨ ਨੇਕ ਕਮਾਈ ਅਤੇ ਮੁਸਲਮਾਨੀ ਤਰੀਕੇ ਨਾਲ ਕਲਮਾ ਪੜ੍ਹਦੇ ਜਿਬਾਹ ਕੀਤਾ ਮਾਸ। ਅੱਜ ਵੀ ਕੱਟੜ ਮੁਸਲਮਾਨ ਹਲਾਲ ਮੀਟ ਤੋਂ ਬਿਨਾਂ ਦੂਜਾ ਮੀਟ ਨਹੀਂ ਖਾਂਦੇ ਪਰ ਧਰਮ ਦੀ ਕਿਰਤ (ਨੇਕ ਕਮਾਈ) ਤੋਂ ਉਹ ਵੀ ਬਹੁਤੇ ਕੰਨੀ ਕਤਰਾਉਂਦੇ ਤੇ ਵਿਰਲੇ ਹੀ ਨੇਕ ਕਮਾਈ ਕਰਦੇ ਹਨ। ਦੂਜਾ ਮੁਗਲ ਸਾਮਰਾਜ ਵੇਲੇ ਕੋਈ ਸਿਰ ਤੇ ਦਸਤਾਰ ਨਹੀਂ ਸੀ ਸਜਾ ਸਕਦਾ, ਮਰਦਾਵੀਂ ਖੇਡਾਂ ਨਹੀਂ ਸੀ ਖੇਡ ਸਕਦਾ, ਕੋਈ ਗੁਲਾਮ ਘੋੜ ਸਵਾਰੀ ਨਹੀਂ ਸੀ ਕਰ ਸਕਦਾ। ਕੋਈ ਹਥਿਆਰ ਚੱਕ ਕੇ ਸ਼ਿਕਾਰ ਨਹੀਂ ਸੀ ਖੇਡ ਸਕਦਾ। ਮੀਟ ਖਾਣ ਵਾਲਿਆਂ ਨੂੰ ਹਲਾਲ ਕੀਤਾ ਹੋਇਆ ਮਾਸ ਹੀ ਖਾਣਾ ਪੈਂਦਾ ਸੀ। ਇਹ ਸਾਰੇ ਕਾਰਨ ਗੁਲਾਮੀ ਦੀਆਂ ਨਿਸ਼ਾਨੀਆਂ ਸਨ।

ਕਰਤਾਰ ਨੇ ਸਭ ਨੂੰ ਅਜਾਦ ਪੈਦਾ ਕੀਤਾ ਹੈ, ਉਸ ਦੀ ਮਰਜੀ ਹੈ ਉਸ ਨੇ ਕਿਵੇਂ ਜੀਵਨ ਜੀਣਾ ਤੇ ਕਿਵੇਂ ਦਾ ਖਾਣਾ ਪੀਣਾ ਹੈ। ਹਰੇਕ ਰਹਿਣ-ਸਹਿਣ, ਖਾਣ-ਪੀਣ ਤੇ ਧਰਮ ਕਮਾਉਣ ਲਈ ਅਜ਼ਾਦ ਹੈ। ਗੁਰੂ ਗ੍ਰੰਥ ਸਾਹਿਬ ਤਾਂ ਇੱਥੋਂ ਤੱਕ ਫੁਰਮਾਂਦੇ ਹਨ ਕਿ-ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥੪੨॥ (੧੩੮੦) ਕ੍ਰਾਂਤੀਕਾਰੀ ਰੱਬੀ ਭਗਤਾਂ ਤੇ ਸੰਤ ਸਿਪਾਹੀ ਸਿੱਖ ਗੁਰੂ ਸਹਿਬਾਨਾਂ ਨੇ ਮਾਨਸਿਕ ਤੇ ਸਰੀਰਕ ਗੁਲਾਮੀ ਪ੍ਰਵਾਨ ਨਹੀਂ ਕੀਤੀ। ਭਗਤਾਂ ਤੇ ਗੁਰੂਆਂ ਨੇ ਜਿੱਥੇ ਗਿਆਨ ਨਾਲ ਸਮਝਾਇਆ ਓਥੇ ਸਿੱਖ ਗੁਰੂ ਸਹਿਬਾਨਾਂ ਨੇ ਪ੍ਰੈਕਟੀਕਲ ਐਲਾਨ ਕੀਤੇ ਤੇ ਕਮਾਏ ਵੀ। ਗੁਰੂ ਦਾ ਹੁਕਮ ਸੀ ਹਰੇਕ ਸਿੱਖ ਸਿਰ ਤੇ ਦਸਤਾਰ ਸਜਾਏ, ਘੋੜ ਸਵਾਰੀ ਕਰੇ, ਸ਼ਸਤਰ ਵਿਦਿਆ ਸਿਖੇ, ਮਰਦਾਵੀਂ ਖੇਡਾਂ ਖੇਡੇ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰੇ। "ਹਲਾਲ" ਮੀਟ ਨਾਂ ਖਾਏ ਜੋ ਮੁਗਲਾਂ ਦੀ ਗੁਲਾਮੀ ਕਬੂਲ ਕਰਨਾ ਹੈ। ਇਸ ਕਰਕੇ ਉਸ ਵੇਲੇ ਸਿੱਖ ਹਲਾਲ ਮੀਟ ਨਹੀਂ ਖਾਂਦੇ ਸਨ। ਬਾਅਦ ਚ ਕਈ ਸਿੱਖ ਸੰਪ੍ਰਦਾਵਾਂ ਤੇ ਡੇਰਿਆਂ ਨੇ ਸ਼ਾਇਦ ਇਸੇ ਕਰਕੇ ਮਾਸ ਖਾਣਾ ਬੰਦ ਕਰ ਦਿੱਤਾ ਅਤੇ ਲੰਬਾ ਸਮਾਂ ਉਦਾਸੀ ਤੇ ਕਾਸ਼ੀ ਤੋਂ ਆਏ ਨਿਰਮਲਿਆਂ ਦੇ ਪ੍ਰਭਾਵ ਨੂੰ ਕਬੂਲ ਲਿਆ ਜੋ ਬ੍ਰਾਹਮਣਾਂ ਤੋਂ ਸਿਖ ਕੇ ਆਏ ਸਨ ਪਰ ਅਸਲੀ ਨਿਹੰਗ ਸਿੰਘਾਂ ਨੇ ਗੁਰੂ ਹੁਕਮ ਤੇ ਪਹਿਰਾ ਦਿੰਦੇ ਮਾਰਸ਼ਲ ਆਰਟ ਗਤਕਾ ਤੇ ਝਟਕਾ ਖਾਣਾ ਬਰਕਰਾਰ ਰੱਖਿਆ।

ਅੱਜ ਬਹੁਤੇ ਡੇਰੇਦਾਰਾਂ ਤੇ ਟਕਸਾਲਾਂ ਨਾਲ ਸਬੰਧਤ ਸਿੱਖ ਆਪਣੇ ਆਪ ਨੂੰ ਵੈਸ਼ਨੂੰ ਦਸਦੇ ਹਨ ਪਰ ਵੈਸ਼ਨੂੰ ਤਾਂ ਹਿੰਦੂਆਂ ਦਾ ਇੱਕ ਫਿਰਕਾ ਹੈ ਜੋ ਵਿਸ਼ਨੂੰ ਦੇਵਤੇ ਦਾ ਪੁਜਾਰੀ ਹੈ। ਸਿੱਖ ਵੈਸ਼ਨੂੰ ਨਹੀਂ ਸਗੋਂ ਮਾਰਸ਼ਲ ਕੌਮ ਹੈ। ਵੈਸ਼ਨੂੰ ਕੌਣ ਹੈ? ਦਾ ਫੈਸਲਾ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਰਦੀ ਹੈ-ਸੋ ਬੈਸਨੋ ਹੈ ਅਪਰ ਅਪਾਰੁ॥ਕਹੁ ਨਾਨਕ ਜਿਨਿ ਤਜੇ ਬਿਕਾਰ॥(੧੯੯) ਸਿੰਘ ਸਿੰਘਣੀਆਂ ਅੱਜ ਵੀ ਝਟਕਾ ਮਾਸ ਛਕਦੇ ਤੇ ਹਲਾਲ ਨਹੀਂ ਖਾਂਦੇ। ਬਾਕੀ ਮਾਸ ਤਾਂ ਮਾਸ ਹੀ ਹੈ, ਜਦ ਕਿਸੇ ਵੀ ਤਰੀਕੇ ਜੀਵ ਨੂੰ ਮਾਰਤਾ ਫਿਰ ਪਿਛੇ ਮਾਸ ਹੀ ਰਹਿ ਜਾਂਦਾ ਹੈ।

ਅੱਜ ਦੁਨੀਆਂ ਗਲੋਬਲ ਹੋ ਚੁੱਕੀ ਹੈ। ਵਿਕਸਤ ਦੇਸ਼ਾਂ ਵਿੱਚ ਮੀਟ ਦੀਆਂ ਫੈਕਟਰੀਆਂ ਲੱਗੀਆਂ ਹੋਈਆਂ ਹਨ ਜਿੱਥੇ ਮਸ਼ੀਨਾਂ ਨਾਲ ਜਾਨਵਰ ਕੱਟੇ ਜਾਂਦੇ ਹਨ। ਓਥੇ ਕੋਈ ਕਲਮਾ ਨਹੀਂ ਪੜ੍ਹਿਆ ਜਾਂਦਾ ਅਤੇ ਨਾਂ ਹੀ ਕਿਸੇ ਨੂੰ ਕਿਹਾ ਜਾਂਦਾ ਹੈ ਕਿ ਤੈਂਨੂੰ ਹਲਾਲ ਮਾਸ ਹੀ ਖਾਣਾ ਪਵੇਗਾ। ਸੋ ਪਰਾਇਆ ਹੱਕ ਮਾਰਨਾਂ ਸਭ ਤੋਂ ਵੱਡਾ ਪਾਪ ਹੈ-ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥(੧੪੧) ਸੋ ਪਰਾਇਆ ਹੱਕ ਮਾਰਨਾ ਭਾਵ ਦੂਜਿਆਂ ਨੂੰ ਪੂਰੀ ਮਿਹਨਤ ਨਾ ਦੇਣੀ, ਉਨ੍ਹਾਂ ਦੇ ਰਹਿਣ, ਸਹਿਣ ਤੇ ਕਹਿਣ ਦੇ ਹੱਕ ਖੋਹਣੇ ਹੀ ਵੱਡਾ ਪਾਪ ਹੈ। ਇਹ ਹੀ ਹਿੰਦੂਆਂ ਵਾਸਤੇ ਗਾਂ ਤੇ ਮੁਸਲਮਾਨਾਂ ਵਾਸਤੇ ਸੂਰ ਖਾਣਾ ਹੈ ਕਿਉਂਕਿ ਹਿੰਦੂ ਗਾਂ ਖਾਣੀ ਤੇ ਮੁਸਲਮ ਸੂਰ ਖਾਣਾ ਹਰਾਮ ਸਮਝਦੇ ਹਨ। ਹਾਂ ਕਿਸੇ ਵੀ ਜਨਵਰ ਨੂੰ ਦੁੱਖ ਤਕਲੀਫ ਦੇ ਕੇ ਮਾਰਨਾ ਗਲਤ ਹੈ ਜਿਵੇਂ ਮੁਸਲਿਮ ਤੇ ਚੀਨੇ ਲੋਕ ਮਾਰਦੇ ਹਨ।

ਸੋ ਹੱਕ ਦੀ ਕਮਾਈ ਕਰਨੀ ਤੇ ਲੋਕਾਂ ਦੇ ਹੱਕ ਨਾਂ ਮਾਰਨੇ ਹੀ ਅਸਲ ਹਲਾਲ ਹੈ-ਹਕ ਹਲਾਲੁ ਬਖੋਰਹੁ ਖਾਣਾ॥ਦਿਲ ਦਰੀਆਉ ਧੋਵਹੁ ਮੈਲਾਣਾ॥(੧੦੮੪) ਭਾਵ ਹੇ ਖੁਦਾ ਦੇ ਬੰਦੇ ਆਪਣੇ ਦਿਲ ਦਰਿਆ ਨੂੰ ਰੱਬੀ ਗਿਆਨ ਨਾਲ ਧੋ ਕੇ ਵਿਕਾਰਾਂ ਦੀ ਮੈਲ ਲਾਂਹਦਾ ਰਹਿ ਤੇ ਹੱਕ ਦੀ ਕਮਾਈ ਕਰਕੇ ਖਾਇਆ ਕਰ, ਇਹ ਹੀ ਅਸਲ ਹਲਾਲ ਹੈ। ਅੱਜ ਜਾ ਰਹੀ ੨੧ਵੀਂ ਸਦੀ ਚ ਸਾਨੂੰ ਖਾਣ ਪੀਣ ਦੇ ਸ਼ਰਈ ਜਾਂ ਧਰਮ ਝਗੜੇ ਛੱਡ ਦੇਣੇ ਚਾਹੀਦੇ ਤੇ ਨੇਕ (ਹਲਾਲ) ਦੀ ਕਮਾਈ ਕਰਕੇ ਖੱਟਣਾ ਖਾਣਾ ਚਾਹੀਦਾ ਹੈ ਕਿਉਂਕਿ ਅਸੀਂ ਸਾਰੇ ਇੱਕ ਹੀ ਕਰਤੇ ਦੀ ਕਿਰਤ ਹਾਂ, ਸੰਤਾਨ ਹਾਂ।

# ਅੰਮ੍ਰਿਤ ਛਕਾਉਣ ਵੇਲੇ ਮਜ਼੍ਹਬੀ ਸਿੰਘਾਂ ਨਾਲ ਹੋਏ ਵਿਤਕਰੇ ਬਾਰੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜਿਆ ਪੱਤਰ




**ਐਸ. ਏ. ਐਸ. ਨਗਰ (ਮੋਹਾਲੀ)-** ਆਪਣਾ ਸਮਾਜ ਪਰਟੀ/ ਫੋਰਸ ਵੰਨ ਦੇ ਪ੍ਰਧਾਨ ਡਾ. ਸਵਰਨ ਸਿੰਘ ਸਾਬਕਾ ਆਈ. ਏ. ਐਸ. ਨੇ ਅੰਮ੍ਰਿਤ ਛਕਾਉਣ ਵੇਲੇ ਮਜ਼੍ਹਬੀ ਸਿੰਘਾਂ ਨਾਲ ਹੋਏ ਵਿਤਕਰੇ ਬਾਰੇ ਇਕ ਪੱਤਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜਿਆ ਹੈ। ਉਹਨਾਂ ਪੱਤਰ ਵਿਚ ਲਿਖਿਆ ਕਿ ਆਪ ਜੀ ਦੇ ਧਿਆਨ ਵਿਚ ਲਿਆਇਆ ਜਾਂਦਾ ਹੈ ਕਿ ਜਦੋਂ ਕੁਲਵਿੰਦਰ ਸਿੰਘ ਅਤੇ ਉਹਨਾਂ ਦੀ ਧਰਮ ਪਤਨੀ ਵਾਸੀ ਰਤੀਆ, ਹਰਿਆਣਾ ਤਖਤ ਸ੍ਰੀ ਦਮਦਮਾ ਸਾਹਿਬ ਅੰਮ੍ਰਿਤ ਛਕਣ ਪਹੁੰਚੇ ਤਾਂ ਪੰਜ ਪਿਆਰਿਆਂ ਵਿਚੋਂ ਇਕ ਸਿੰਘ ਨੇ ਉਹਨਾਂ ਨੂੰ ਪੁੱਛਿਆ ਕਿ ਤੁਸੀਂ ਕਿਹੜੀ



ਜਾਤ ਦੇ ਹੋ? ਜਾਤ ਮਜ਼੍ਹਬੀ ਸਿੰਘ ਦੱਸਣ ਤੇ ਉਹਨਾਂ ਨੂੰ 3 ਹੋਰ ਬੰਦੇ ਜੋ ਰਵਿਦਾਸ ਕੌਮ ਨਾਲ ਸਬੰਧਤ ਸਨ, ਉਹਨਾਂ ਦੀ ਲਾਈਨ ਵਿਚ ਵੱਖਰਾ ਖੜਿਆ ਕਰ ਦਿੱਤਾ। ਉਹਨਾਂ ਨੂੰ ਅੰਮ੍ਰਿਤ ਛਕਣ ਵੇਲੇ ਵੱਖਰਾ ਬਾਟਾ ਜੋ ਘਟੀਆ ਕਿਸਮ ਦਾ ਸੀ, ਦਿੱਤਾ ਗਿਆ ਅਤੇ ਅੰਮ੍ਰਿਤ ਵੀ ਦੂਰੋਂ ਪਾਇਆ ਗਿਆ, ਭਾਵ ਛੂਹਣ ਨਹੀਂ ਦਿੱਤਾ। ਫੋਰਸ ਵੰਨ/ ਆਪਣਾ ਸਮਾਜ ਪਾਰਟੀ ਸਿੱਖਾਂ ਵਿਚ ਜਾਤਪਾਤ ਦਾ ਵਿਰੋਧ ਕਰਦੀ ਆ ਰਹੀ ਹੈ ਅਤੇ ਅਨੁਸੂਚਿਤ ਜਾਤੀਆਂ ਨਾਲ ਛੂਆ ਛਾਤ ਦਾ ਵਤੀਰਾ ਜੋ ਕਿ ਮਨੂੰਵਾਦ ਦੀ ਸਿੱਖਾਂ ਵਿਚ ਘਰ ਕਰ ਚੁੱਕੀ ਸੋਚ ਹੈ, ਦੀ ਘੋਰ ਨਿੰਦਾ ਕਰਦੀ ਹੈ।

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਜੋ ਉਹਨਾਂ ਖਾਲਸਾ ਪੰਥ ਦੀ ਸਿਰਜਣਾ ਸਮੇਂ ਦਿੰਤੇ ਸਨ, ਦੀ ਕੁਤਾਹੀ ਹੀ ਨਹੀਂ ਸਗੋਂ ਉਹਨਾਂ ਦਾ ਅਪਮਾਨ ਵੀ ਹੈ। ਉਪਰੋਕਤ ਦਰਸਾਈ ਘਟਨਾ ਦੀ ਤੁਰੰਤ ਜਾਂਚ ਕੀਤੀ ਜਾਵੇ ਅਤੇ ਸਿੱਖ ਧਰਮ ਦੇ ਅਸੂਲਾਂ ਦੀ ਉਲੰਘਣਾ ਕਰਨ ਵਾਲੇ ਪੰਜ ਪਿਆਰਿਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ ਜੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਦੁਆਬੇ 'ਚ ਮੀਂਹ ਵੀ ਨਾ ਰੋਕ ਸਕਿਆ ਦਲਿਤਾਂ ਦਾ ਜ਼ਬਰ ਵਿਰੋਧੀ ਜਲਸਾ








ਦੇਸ ਵਿੱਚ ਸੋਚੀ ਸਮਝੀ ਸ਼ਾਜਿਸ਼ ਤਹਿਤ ਜਾਤ-ਪਾਤ ਨੂੰ ਉਭਾਰਿਆ ਜਾ ਰਿਹਾ ਹੈ। ਭਾਜਪਾ ਦਾ ਹੁਣ 2019 ਦੀਆਂ ਵੋਟਾਂ ਵਿੱਚ ਹਿੰਦੂ ਕਾਰਡ ਨਹੀਂ ਚੱਲਣਾ। ਇਸ ਲਈ ਦਲਿਤਾਂ 'ਤੇ ਗਿਣੀ ਮਿੱਥੀ ਚਾਲ ਰਾਹੀਂ ਹਮਲੇ ਹੋ ਰਹੇ ਹਨ ਤੇ ਇੰਨ੍ਹਾਂ ਹਮਲਿਆਂ ਨੂੰ ਭਾਜਪਾ ਦਾ ਆਈ.ਟੀ ਸੈੱਲ ਸ਼ੋਸ਼ਲ ਮੀਡੀਆ ਰਾਹੀਂ ਤੇਜ਼ੀ ਨਾਲ ਫੈਲਾ ਰਿਹਾ ਹੈ।" ਇਹ ਦਾਅਵਾ ਕੀਤਾ ਹੈ ਦਲਿਤਾਂ 'ਤੇ ਜ਼ਬਰ ਵਿਰੋਧੀ ਮੁਹਿੰਮ ਕਮੇਟੀ ਪੰਜਾਬ ਦੇ ਸੂਬਾਈ ਕਨਵੀਨਰ ਲਛਮਣ ਸਿੰਘ ਸੇਵੇਵਾਲ ਨੇ। ਇਹ ਕਾਨਫਰੰਸ ਜਲੰਧਰ ਦੇ ਮਲਸੀਆ ਵਿੱਚ ਹੋਈ । ਬਠਿੰਡਾ ਤੋਂ ਬਾਅਦ ਇਹ ਦੂਜਾ ਵੱਡਾ ਇਕੱਠ ਕੀਤਾ ਗਿਆ ਸੀ।

ਲਛਮਣ ਸਿੰਘ ਦਾ ਇਹ ਦਾਅਵਾ ਹੈ ਕਿ ਰਾਖਵੇਂਕਰਨ ਦੀ ਨੀਤੀ ਵਿਰੁੱਧ ਵੀ ਪੂਰੇ ਦੇਸ ਵਿੱਚ ਇੱਕ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਉੱਚ ਜਾਤੀਆਂ ਦੇ ਮਨਾਂ ਵਿੱਚ ਇਹ ਗੱਲ ਬੈਠਾਈ ਜਾ ਰਹੀ ਹੈ ਕਿ ਦਲਿਤਾਂ ਨੂੰ ਤਾਂ ਯੋਗਤਾ ਪੂਰੀ ਨਾ ਹੋਣ ਦੇ ਬਾਵਜੂਦ ਵੀ ਦੇਣਾ ਪੈਂਦਾ ਹੈ ਕਿਉਂਕਿ ਕਾਨੂੰਨ ਹੀ ਅਜਿਹਾ ਬਣਿਆ ਹੋਇਆ ਹੈ। ਇਸ ਲਈ ਐੱਸਸੀ/ਐੱਸਟੀ ਐਕਟ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਦਲਿਤਾਂ 'ਤੇ ਹੋ ਰਹੇ ਹਮਲਿਆਂ ਵਿਰੁੱਧ ਇੱਕਲੇ ਦਲਿਤ ਹੀ ਅਵਾਜ਼ ਨਾ ਉਠਾਉਣ ਸਗੋਂ ਇਸ ਬੁਰਛਾਗਰਦੀ ਵਿਰੁੱਧ ਸਾਰਿਆਂ ਨੂੰ ਬੋਲਣਾ ਚਾਹੀਦਾ ਹੈ।

### ਦਲਿਤਾਂ ਦੇ ਹੱਕ ਦੀ ਜ਼ਮੀਨ ਮਿਲੇ

ਕਮੇਟੀ ਦੇ ਮੈਂਬਰ ਹਰਮੇਸ਼ ਮਾਲੜੀ ਦਾ ਕਹਿਣਾ ਹੈ, "ਜਾਤ-ਪਾਤ ਨੂੰ ਖ਼ਤਮ ਕਰਨਾ ਹੈ ਤਾਂ ਦਲਿਤਾਂ ਦੇ ਹਿੱਸੇ ਆਉਂਦੀਆਂ ਜ਼ਮੀਨਾਂ ਦਿੱਤੀਆਂ ਜਾਣ। 1972 ਦਾ ਲੈਂਡ ਸੀਲਿੰਗ ਐਕਟ ਲਾਗੂ ਕੀਤਾ ਜਾਵੇ ਜਿਸ ਅਨੁਸਾਰ ਕੋਈ ਵੀ ਸਾਢੇ 17 ਏਕੜ ਤੋਂ ਵੱਧ ਜ਼ਮੀਨ ਦਾ ਮਾਲਕ ਨਹੀਂ ਬਣ ਸਕਦਾ। ਇਸ ਐਕਟ ਨੂੰ ਲਾਗੂ ਕਰਨ ਨਾਲ ਹੀ ਸਾਲ 2011 ਵਿੱਚ ਕੀਤੀ ਗਈ ਜਨਗਣਨਾ ਅਨੁਸਾਰ ਪੰਜਾਬ ਵਿੱਚ 16 ਲੱਖ 66 ਹਜ਼ਾਰ ਏਕੜ ਜ਼ਮੀਨ ਵਾਧੂ ਨਿਕਲ ਆਵੇਗੀ।"

ਉਘੇ ਨਾਟਕਕਾਰ ਮਰਹੂਮ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੀ ਧੀ ਡਾ. ਨਵਸ਼ਰਨ ਕੌਰ ਨੇ ਦਲਿਤਾਂ ਨੂੰ ਸੱਦਾ ਦਿੱਤਾ ਕਿ ਉਨ੍ਹਾਂ ਨੂੰ ਮੁਸਬੀਤਾਂ ਵਿੱਚੋਂ ਕੱਢਣ ਲਈ ਕੋਈ ਹੋਰ ਨਹੀਂ ਆਵੇਗਾ । ਉਨ੍ਹਾਂ ਨੂੰ ਖੁਦ ਨੂੰ ਇੱਕਠਿਆ ਹੋਣਾ ਪੈਣਾ ਹੈ। ਕਿਸੇ ਨੇ ਵੀ ਥਾਲੀ ਵਿੱਚ ਪਰੋਸ ਕੇ ਮੰਗਾਂ ਨਹੀਂ ਦੇਣੀਆਂ।

### ਗਰੀਬਾਂ 'ਤੇ ਆਰਥਿਕ ਹਮਲਾ

ਕਾਮਰੇਡ ਅਮੋਲਕ ਸਿੰਘ ਦਾ ਕਹਿਣਾ ਹੈ, "ਗਰੀਬ ਲੋਕਾਂ 'ਤੇ ਆਰਥਿਕ ਹਮਲਾ ਬੋਲਿਆ ਜਾ ਰਿਹਾ ਹੈ। ਉੱਚ ਜਾਤੀ ਤੇ ਨੀਵੀ ਜਾਤੀ ਦੇ ਲੋਕਾਂ ਵਿਚਲੀ ਲੀਕ ਨੂੰ ਹੋਰ ਗੂੜ੍ਹਾ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਉਹ ਵਾਅਦਾ ਤਾਂ ਪੂਰਾ ਨਹੀਂ ਹੋਇਆ ਹੁਣ ਦਲਿਤਾਂ ਨੂੰ ਘੋੜੀ ਚੜ੍ਹਨ ਦੇ ਹੱਕ ਤੋਂ ਵੀ ਰੋਕਿਆ ਜਾ ਰਿਹਾ ਹੈ। ਰਾਖਵੇਂਕਰਨ ਵਿਰੋਧੀ ਮਾਹੌਲ ਤਾਂ ਹੀ ਰੁੱਕ ਸਕਦਾ ਹੈ ਜੇ ਨਿੱਜੀਕਰਨ 'ਤੇ ਵਪਾਰੀਕਰਨ ਦੀਆਂ ਨੀਤੀਆਂ 'ਤੇ ਲਗਾਮਾਂ ਕੱਸੀਆਂ ਜਾਣ। ਪੇਂਡੂ ਕਿਰਤੀਆਂ ਨੂੰ ਚੰਗੀਆਂ ਸਿੱਖਿਆ ਦਿੱਤੀ ਜਾਵੇ।


### ਦੋਹਰੇ ਦਲਿਤ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ

ਕਾਨਫਰੰਸ 'ਚ ਉਸ ਸਮੇਂ ਮਾਹੌਲ ਗੰਮਗੀਨ ਬਣ ਗਿਆ ਜਦੋਂ ਪਿੰਡ ਤਲਵੰਡੀ ਸਲੇਮ ਵਿੱਚ ਕੁਝ ਦਿਨ ਪਹਿਲਾਂ ਕਤਲ ਕੀਤੇ ਗਏ ਮਜ਼ਦੂਰ ਪਿਓ-ਪੁੱਤਰ ਦੇ ਪਰਿਵਾਰਿਕ ਮੈਂਬਰਾਂ ਨੇ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ।

ਕਾਨਫਰੰਸ ਨੇ ਦਲਿਤਾਂ ਦੇ ਹੋਏ ਇਸ ਦੋਹਰੇ ਕਤਲ ਨੂੰ ਗੰਭੀਰਤਾ ਨਾਲ ਲੈਂਦਿਆਂ ਕਾਤਲਾਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ। ਕਾਨਫਰੰਸ 'ਚ ਮੰਗ ਕੀਤੀ ਗਈ ਕਿ ਪੀੜਤ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਪਰਿਵਾਰ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। 2 ਅਪ੍ਰੈਲ ਨੂੰ ਭਾਰਤ ਬੰਦ ਦੌਰਾਨ ਦਲਿਤਾਂ 'ਤੇ ਦਰਜ ਕੀਤੇ ਮੁਕੱਦਮੇ ਰੱਦ ਕੀਤੇ ਜਾਣ, ਜ਼ਮੀਨ ਦੀ ਮੁੜ ਵੰਡ ਕਰਕੇ ਦਲਿਤਾਂ ਨੂੰ ਜ਼ਮੀਨਾਂ ਦੇ ਮਾਲਿਕ ਬਣਾਇਆ ਜਾਵੇ ਅਤੇ ਸਭ ਲਈ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ।

# ਬਸਪਾ ਦੇ ਜਨਰਲ ਸਕੱਤਰ ਬਿਲਗਾ ਨੇ ਰਿਹਾਇਸੀ ਇਲਾਕੇ 'ਚ ਖੋਲੀ ਜਾ ਰਹੀ ਗਊਸ਼ਾਲਾ ਤੇ ਰੋਕ ਲਗਾਉਣ ਲਈ ਡੀ ਸੀ ਨੂੰ ਦਿੱਤੀ ਸ਼ਿਕਾਇਤ

**ਲੁਧਿਆਣਾ-** ਬਹੁਜਨ ਸਮਾਜ ਪਾਰਟੀ ਦੇ ਜਿਲਾ ਜਨਰਲ ਸਕੱਤਰ ਪ੍ਰਗਣ ਬਿਲਗਾ ਨੇ ਡਿਪਟੀ ਕਮਿਸ਼ਨਰ ਸ੍ਰੀ ਪ੍ਰਦੀਪ ਅਗਰਵਾਲ ਨਾਲ ਮੁਲਾਕਾਤ ਕਰਕੇ ਵਾਰਡ ਨੰ: 87 ਦੇ ਰਿਹਾਇਸੀ ਇਲਾਕੇ 'ਚ ਖੋਲੀ ਜਾ ਰਹੀ ਗਊਸਾਲਾ ਨੂੰ ਭਵਿੱਖ ਲਈ ਠੀਕ ਫੈਸਲਾ ਨਾ ਆਖ ਰੋਕ ਲਗਾਉਣ ਲਈ ਲਿਖਤੀ ਦਿੱਤੀ। ਉਹਨਾਂ ਮੰਗ ਕੀਤੀ ਕਿ ਲੋਕਾਂ ਦੀ ਸੇਹਤ ਅਤੇ ਹੋਰਨਾਂ ਕਾਰਨਾਂ ਨੂੰ ਤਿਆਰ ਵਿੱਚ ਰੱਖਦੇ ਹੋਏ ਗਊਸਾਲਾ ਖੋਲਣ ਦਾ ਪ੍ਰਜੈਕਟ ਬੰਦ ਕਰਕੇ ਇਸ ਦੇ ਬਦਲ ਦੇ ਰੂਪ ਵਿੱਚ ਲੋਕਾਂ ਨੂੰ ਲਾਭ ਪਹੁੰਚਾਉਣ ਵਾਲੇ ਪ੍ਰੋਜੈਕਟ ਨੂੰ ਖੋਲਣ ਦੀ ਸਲਾਹ ਦਿੱਤੀ। ਉਹਨਾਂ ਗੱਲਬਾਤ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਬੁੱਢਾ ਨਾਲ ਸਮੇਤ ਅਜਿਹੇ ਹੋਰ ਅਤਿ ਦੂਸ਼ਿਤ ਕਾਰਕ ਸ਼ਹਿਰਵਾਸੀਆਂ ਨੂੰ ਪ੍ਰੇਸ਼ਾਨ ਕਰਕੇ ਮਾੜੀ ਸੇਹਤ ਦੇ ਰਹੇ ਹਨ ਜਿਹਨਾਂ ਤੇ ਰੋਕਥਾਮ ਅਤੇ ਸੁਧਾਰਾਂ ਲਈ ਲੋਕਾਂ ਵੱਲੋਂ ਲਗਾਤਾਰ ਅਵਾਜ ਬੁਲੰਦ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਬਸਪਾ ਗਊਸਲਾਵਾਂ ਖੋਲਣ ਦੇ ਵਿਰੋਧ ਵਿੱਚ ਨਹੀ ਹੈ ਪਰ ਰਿਹਾਇਸੀ ਕਲੋਨੀ ਵਿੱਚ ਖੋਲੀ ਜਾ ਰਹੀ ਇਸ ਗਊਸਾਲਾ ਨੂੰ ਭਵਿੱਖ ਦਾ ਦੂਸ਼ਿਤ ਕਾਰਕ ਜਰੂਰ ਮੰਨਦੀ ਹੈ। ਉਹਨਾਂ ਕਿਹਾ



ਕਿ ਵਾਰਡ ਨੰ: 87 ਦੇ ਮੁਹੱਲਾ ਕਾਰਾਬਾਰਾ ਵਿੱਚ ਕੁਝ ਲੋਕ ਪ੍ਰਾਚੀਨ ਗਊਸਾਲਾ ਹੋਣ ਦਾ ਆਖ ਗਊਸਾਲਾ ਖੋਲਣ ਦੀ ਜਿੱਦ ਕਰੀ ਬੈਠੇ ਹਨ ਜਦਕਿ ਏਹ ਸੰਘਣੀ ਅਬਾਦੀ ਵਾਲਾ ਰਿਹਾਇਸੀ ਇਲਾਕਾ ਹੈ। ਉਹਨਾਂ ਕਿਹਾ ਕਿ ਗਊਸਾਲਾ ਖੋਲੇ ਜਾਣ ਨਾਲ ਮੱਖੀਆਂ, ਮੱਛਰਾਂ ਅਤੇ ਬਦਬੂ ਦਾ ਫੈਲਣਾ ਸੁਭਾਵਿਕ ਹੈ ਜਿਸ ਨਾਲ ਕਾਲਾ ਪੀਲ-ਿਆ, ਪੀਲੀਆ, ਡੇਂਗੂ, ਮਲੇਰੀਆ, ਚਿਕਨ ਗੁਣੀਆ ਸਮੇਤ ਅਜਿਹੀਆਂ ਹੋਰ ਬਿਮਾਰੀਆਂ ਫੈਲਣ ਦਾ ਪੂਰਾ ਪੂਰਾ ਖਦਸ਼ਾ ਹੈ ਜਿਸ ਦਾ ਇਲਾਕੇ ਦੇ ਲੋਕ ਵਿਰੋਧ ਕਰ ਰਹੇ ਹਨ ਪਰ ਉਹਨਾਂ ਦੀ ਅਵਾਜ ਨੂੰ ਦਬਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਉਹਨਾਂ ਡੀ ਸੀ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਲੋਕਾਂ ਦੀ ਸੇਹਤ ਨੂੰ ਚੰਗਾ ਬਣਾਉਣ ਲਈ ਸਮੇਂ ਦੀ ਲੋੜ ਨੂੰ ਤਿਆਰ ਵਿੱਚ ਰੱਖਦੇ ਹੋਏ ਇਸ ਥਾਂ ਤੇ ਸਟੇਡੀਅਮ, ਪਾਰਕ ਜਾਂ ਸਵਿਮਿੰਗ ਪੂਲ ਬਣਾਇਆ ਜਾਵੇ।

ਇਸ ਮੌਕੇ ਉਹਨਾਂ ਨਾਲ ਹਲਕਾ ਪੂਰਬੀ ਦੇ ਪ੍ਰਧਾਨ ਰਾਜਿੰਦਰ ਨਿੱਕਾ, ਹਲਕਾ ਉੱਤਰੀ ਦੇ ਪ੍ਰਧਾਨ ਹੰਸਰਾਜ ਬੰਗੜ ਅਤੇ ਹੋਰ ਹਾਜਰ ਸਨ।

# ਕਈ ਪਰਿਵਾਰ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਬਸਪਾ ਵਿੱਚ ਸ਼ਾਮਿਲ

## ਭਾਜਪਾ ਨੂੰ ਸੱਤਾ ਵਿੱਚੋਂ ਬਾਹਰ ਕਰਨ ਲਈ ਬਸਪਾ ਹਰ ਪ੍ਰਕਾਰ ਦੀ ਰਣਨੀਤੀ ਲਈ ਤਿਆਰ : ਰਾਜੂ





**ਲੁਧਿਆਣਾ-** ਬਹੁਜਨ ਸਮਾਜ ਪਾਰਟੀ ਨੂੰ ਅੱਜ ਉਦੋਂ ਭਾਰੀ ਬਲ ਮਿਲਿਆ ਜਦੋਂ ਕਾਰਾਬਾਰਾ ਵਿਖੇ ਰੱਖੀ ਮੀਟਿੰਗ ਵਿੱਚ ਕਾਂਗਰਸ ਅਤੇ ਅਕਾਲੀ ਦਲ ਨੂੰ ਛੱਡ ਕੇ ਕਈ ਮੋਹਰਲੀ ਕਤਾਰ ਦੇ ਆਗੂ ਸੂਬਾ ਪ੍ਰਧਾਨ ਸ੍ਰੀ ਰਛਪਾਲ ਸਿੰਘ ਰਾਜੂ ਅਤੇ ਸਟੇਟ ਕੋਆਡੀਨੇਟਰ ਨਿਰਮਲ ਸਿੰਘ ਸੁਮਨ ਦੀ ਅਗਵਾਈ ਹੇਠ ਬਸਪਾ ਵਿੱਚ ਸ਼ਾਮਿਲ ਹੋ ਗਏ। ਸ੍ਰੀ ਰਾਜੂ ਅਤੇ ਸੀਨੀਅਰ ਲੀਡਰਸ਼ਿਪ ਨੇ ਦੋਵਾਂ ਪਾਰਟੀਆਂ ਦੇ ਨੂੰ ਅਲਵਿਦਾ ਆਖਣ ਵਾਲਿਆਂ ਸਰਬਜੀਤ ਸਿੰਘ, ਨਿਰਮਲ ਸਿੰਘ, ਹਰਜੀਤ ਕੁਮਾਰ, ਪਰਵਿੰਦਰ ਸਿੰਘ, ਚਰਨਜੀਤ ਸਿੰਘ, ਅਮਨਦੀਪ ਸਿੰਘ ਅਤੇ ਕੁਲਵਿੰਦਰ ਸਿੰਘ ਦਾ ਸਿਰੋਪਾਓ ਪਾ ਕੇ ਸਵਾਗਤ ਕਰਦਿਆਂ ਬਸਪਾ ਵਿੱਚ ਸਮੂਲੀਅਤ ਕਰਵਾਈ। ਸ੍ਰੀ ਰਾਜੂ ਨੇ ਪਰਿਵਾਰਾਂ ਸਮੇਤ ਸਮੂਲੀਅਤ ਕਰਨ ਵਾਲਿਆਂ ਨੂੰ ਜਲਦ ਹੀ ਯੋਗ ਅਹੁਦੇਦਾਰੀਆਂ ਦੇਣ ਦਾ ਭਰੋਸਾ ਦਿੱਤਾ। ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੇ ਖੱਚਾਖਚ ਭਰੇ ਹਾਲ ਨੂੰ ਸੰਬੋਧਨ ਕਰਦਿਆਂ ਸ੍ਰੀ ਰਾਜੂ ਨੇ ਕਿਹਾ ਕਿ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਤੋਂ ਲੋਕਾਂ ਦਾ ਪਹਿਲਾਂ ਹੀ ਮੋਹ ਭੰਗ ਸੀ ਅਤੇ ਸੱਤਾ ਵਿੱਚ ਆ ਕੇ ਲੋਕਾਂ ਦੀਆਂ ਉਮੀਦਾਂ ਦੇ ਖਰਾ ਨਾ ਉਤਰਨ ਵਾਲੀ ਕਾਂਗਰਸ ਚੋਣਾਂ ਦੌਰਾਨ ਕੀਤੇ ਵਾਅਦਿਆਂ ਤੋਂ ਮੁਕਰਨ ਦੀ ਦੋਸ਼ੀ ਹੈ, ਤੋਂ ਵੀ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਰੋਜਾਨਾ ਪੰਜਾਬ ਭਰ ਵਿੱਚੋਂ ਇਹਨਾਂ ਦੋਵਾਂ ਪਾਰਟੀਆਂ ਨੂੰ ਛੱਡ ਕੇ ਬਸਪਾ ਵਿੱਚ ਸਮੂਲੀਅਤ ਕੀਤੇ ਜਾਣਾ ਇਸਦੀ ਉਦਾਹਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਸਬੰਧ ਵਿੱਚ ਦੋਸ਼ੀਆਂ ਨੂੰ ਜੇਲਾਂ ਵਿੱਚ ਭੇਜਣ ਲਈ ਬਰਗਾੜੀ ਵਿਖੇ ਲਗੇ ਇਨਸਾਫ ਮੋਰਚੇ ਨੂੰ ਹਰ ਪ੍ਰਕਾਰ ਦਾ ਸਹਿਯੋਗ ਹੋਣ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਪਾਰਟੀ ਦਾ ਸੰਵਿਧਾਨ ਮੰਨਿਆ ਸੀ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਸੰਵਿਧਾਨ ਦੀ ਰੱਖਿਆ ਲਈ ਬਸਪਾ ਹਮੇਸ਼ਾਂ ਮੈਦਾਨ ਵਿੱਚ ਰਹੀ ਹੈ। ਉਹਨਾਂ ਕਿਹਾ ਜਾਂਚ ਤੋਂ ਸਾਫ ਹੋ ਗਿਆ ਹੈ ਕਿ ਅਕਾਲੀ ਭਾਜਪਾ ਸਰਕਾਰ ਅਤੇ ਇਸਦੇ ਵੱਡੇ ਆਗੂ ਸਿੱਧੇ ਤੌਰ ਤੇ ਬੇਅਦਬੀ ਦੀਆਂ ਘਟਨਾਵਾਂ ਲਈ ਦੋਸ਼ੀ ਹਨ ਜੇਕਰ ਕਾਂਗਰਸ ਨੇ ਦੋਗਲਾ ਕਿਰਦਾਰ ਅਦਾ ਕਰ ਇਹਨਾਂ ਨੂੰ ਬਚਾਉਣ ਦੀ ਕੋਸ਼ਿਸ ਕੀਤੀ ਤਾਂ ਉਹ ਵੀ ਬਰਾਬਰ ਦੀ ਦੋਸ਼ੀ ਹੋਵੇਗੀ ਜਿਸਨੂੰ ਸਿੱਖ ਕੌਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਰਧਾ ਰੱਖਣ ਵਾਲੀ ਸੰਗਤ ਕਦੇ ਮੁਆਫ ਨਹੀ ਕਰੇਗੀ। ਉਹਨਾਂ ਕਿਹਾ ਕਿ ਜਦੋਂ ਦੀ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਦੇਸ਼ ਦਾ ਮਾਹੌਲ ਪੂਰੀ ਤਰਾਂ ਖਰਾਬ ਹੋ ਗਿਆ ਹੈ ਅਤੇ ਦੇਸ਼ ਦੀ ਜਨਤਾ ਖਾਸ ਕਰ ਅਨੁਸੂਚਿਤ ਜਾਤੀ, ਜਨ ਜਾਤੀ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਲੋਕ ਖੁਦ ਨੂੰ ਅਸੁੱਰਖਿਅਤ ਮਹਿਸੂਸ ਕਰਨ ਲੱਗੇ ਹਨ। 2019 ਦੀਆਂ ਲੋਕ ਸਭਾ ਚੋਣਾਂ ਰਾਹੀਂ ਭਾਜਪਾ ਨੂੰ ਸੱਤਾ ਵਿੱਚੋਂ ਬਾਹਰ ਕਰਨ ਲਈ ਬਸਪਾ ਹਰ ਪ੍ਰਕਾਰ ਦੀ ਰਣਨੀਤੀ ਲਈ ਤਿਆਰ ਹੈ। ਉਹਨਾਂ ਪ੍ਰਧਾਨ ਮੰਤਰੀ ਮੋਦੀ ਤੇ ਸਬਦੀ ਹਮਲਾ ਕਰਦਿਆਂ ਕਿਹਾ ਕਿ ਤੁਹਾਡੀ 56 ਇੰਚ ਚੌੜੀ ਛਾਤੀ ਦੀ ਤਾਕਤ ਕਿਥੇ ਗਈ ਅੱਤਵਾਦੀਆਂ ਨੇ ਦੇਸ਼ ਦੇ ਰਖਵਾਲੇ ਫੌਜੀ ਔਰਗਜੇਬ ਅਤੇ ਲੋਕਤੰਤਰ ਦੇ ਰਖਵਾਲੇ ਪੱਤਰਕਾਰ ਸ਼ੁਜਾਤ ਬੁਖਾਰੀ ਨੂੰ ਮਾਰ ਦਿੱਤਾ। ਉਹਨਾਂ ਅਨੁਸੁਚਿਤ ਜਾਤੀ ਅਤੇ ਜਨ ਜਾਤੀ ਦੇ ਵਿਦਿਆਰਥੀਆਂ ਦੀ ਪੋਸਟਮੈਟਰਿਕ ਸਕਾਲਰਸ਼ਿਪ ਦੀ ਰਾਸ਼ੀ ਜਾਰੀ ਨਾ ਕਰਨ ਤੇ ਵੀ ਕੇਂਦਰ ਅਤੇ ਸੂਬਾ ਸਰਕਾਰ ਦੀ ਨੁਕਤਾਚੀਨੀ ਕੀਤੀ। ਇਸ ਮੌਕੇ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ, ਦੇਸ਼ ਰਾਜ ਚੌਹਾਨ, ਲਾਲ ਸਿੰਘ ਸਲਹਾਣੀ, ਜਿਲਾ ਪ੍ਰਧਾਨ ਜੀਤਰਾਮ ਬਸਰਾ, ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆਂ, ਜਨਰਲ ਸਕੱਤਰ ਪ੍ਰਗਣ ਬਿਲਗਾ, ਸੁਰਿੰਦਰ ਕੌਰ, ਕੈਪਟਨ ਰਾਮਪਾਲ ਸਿੰਘ, ਰਾਜਿੰਦਰ ਨਿੱਕਾ, ਹੰਸਰਾਜ, ਚਰਨ ਸਿੰਘ, ਬਿੱਕਰ ਸਿੰਘ, ਦਲਬੀਰ ਸਿੰਘ, ਸੁਖਵਿੰਦਰ ਕੌਰ, ਕਰਨੈਲ ਸਿੰਘ, ਲਾਭ ਸਿੰਘ ਭਾਮੀਆਂ ਅਤੇ ਹੋਰ ਹਾਜਰ ਸਨ।

## ਬੱਬਾ ਬੋਲਦਾ ਐ!

'ਬੱਬਾ' ਆਖਦਾ ਬਾਬਿਆਂ ਗੰਦ ਪਾਇਆ
ਬਹੁਤ ਲੋਕਾਂ ਨੂੰ ਬੁੱਧੂ ਬਣਾਈ ਜਾਂਦੇ।

ਬਾਣੇ ਪਹਿਨ ਕੇ ਧਰਮੀਆਂ ਸਾਧੂਆਂ ਦੇ
ਕਰੀ ਮਕਰ ਦੇ ਨਾਲ ਕਮਾਈ ਜਾਂਦੇ।

ਬੱਲੇ ਬੱਲੇ ਕਰਵਾਉਣ ਲਈ ਡੇਰਿਆਂ ਦੀ
ਯਾਰੀ ਨਾਲ ਸਿਆਸਤਾਂ ਪਾਈ ਜਾਂਦੇ।



'ਵੋਟ-ਬੈਂਕ' ਜੋ ਸਾਧਾਂ ਦਾ ਸਾਂਭਣੇ ਲਈ
ਹਾਕਮ ਉਨ੍ਹਾਂ ਦੇ ਕਾਰੇ ਛੁਪਾਈ ਜਾਂਦੇ।

ਧਰਮ ਗ੍ਰੰਥ ਦੇ ਸਫੇ ਪੋਲੀਸ ਵਾਲਾ
ਦੇਖੋ ਡਰੇਨ ਦੇ ਪਾਣੀ 'ਚ ਟੋਲ੍ਹਦਾ ਐ

ਬਹਿਲ ਕਲਾਂ, ਬਰਗਾੜੀ, ਬਿਆਦਬੀਆਂ ਤੇ
ਚੌਥਾ 'ਬਾਦਲ' ਵਿਚ 'ਬੱਬਾ' ਹੀ ਬੋਲਦਾ ਐ।

**ਤਰਲੋਚਨ ਸਿੰਘ ਦੁਪਾਲਪੁਰ**
**001-408-915-1268**

# ਘੱਲ ਕਲਾਂ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਘੱਲ ਕਲਾਂ (ਬਲਰਾਜ ਸਿੰਘ ਘੱਲ ਕਲਾਂ)–** ਗੁਰਦੁਆਰਾ ਗੁਰੂਸਰ ਪ੍ਰਬੰਧਕ ਕਮੇਟੀ ਵਲੋਂ ਨਗਰ ਨਿਵਾਸੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਂਵੀ ਪਿੰਡ ਘੱਲ ਕਲਾਂ ਵਿਖੇ ਪੰਜਵੇ ਗੁਰੂ ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਭੋਗ ਉਪਰੰਤ ਭਾਈ ਸੇਵਕ ਸਿੰਘ ਸੋਂਢੀ ਅਤੇ ਭਾਈ ਮੇਜ਼ਰ ਸਿੰਘ, ਭਾਈ ਰਣਜੀਤ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਆਸਾ ਜੀ ਦੀ ਵਾਰ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਭਾਈ ਸੇਵਕ ਸਿੰਘ ਸੋਢੀ ਨੇ ਹਾਜ਼ਰ ਸੰਗਤਾਂ ਨੂੰ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ 30 ਮਈ 1606 ਈ. ਨੂੰ ਮੁਸਲਮਾਨ ਸਾਸ਼ਕ ਜਹਾਂਗੀਰ ਦੇ ਰੱਖੋ ਹੋਈ ਸੀ। ਉਨਹਾਂ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਜੀ ਦੀ ਅਮਰ ਰਚਨਾ ਕੀਤੀ ਜਿਸ ਦਾ ਸਿਮਰਨ ਸਮੁੱਚਾ ਜਗਤ ਸਵੇਰ ਚੜ੍ਹਨ ਸਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਸਮਾਜ ਵਾਸਤੇ ਬਹੁਤ ਹੀ ਮਹਾਨ ਕਾਰਜ ਕੀਤਾ।ਦੁਪਹਿਰ ਸਮੇਂ ਵੱਖ-ਵੱਖ ਢਾਡੀ ਜਥਿਆਂ ਨੇ ਗੁਰੂਆਂ ਤੇ ਉਨ੍ਹਾਂ ਦੀਆਂ ਬਾਣੀ ਨਾਲ ਸਬੰਧਿਤ ਵਾਰਾਂ ਪੇਸ਼ ਕੀਤੀਆਂ। ਇਸ ਮੌਕੇ ਸੰਗਤਾਂ ਲਈ ਠੰਡੇ ਮਿੱਠੇ ਜੱਲ ਦੀ ਛਬੀਲ ਵੀ ਲਾਈ ਗਈ । ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ, ਉਪ ਪ੍ਰਧਾਨ ਬਲਦੇਵ ਸਿੰਘ, ਖਜ਼ਾਨਚੀ ਨਿਰਮਲਜੀਤ ਸਿੰਘ, ਗੁਰਤੇਜ ਸਿੰਘ, ਸਕੱਤਰ ਕਰਨੈਲ ਸਿੰਘ, ਲੰਗਰ ਪ੍ਰਧਾਨ ਰੇਸ਼ਮ ਸਿੰਘ, ਜਗਤਾਰ ਸਿੰਘ, ਅਮਰ ਸਿੰਘ ਅਤੇ ਸੰਗਤਾਂ ਵੱਡੀ ਗਿਣਤੀ ਚ' ਹਾਜ਼ਰ ਸਨ।

# ਈਦ ਮੌਕੇ ਕੰਨਿਆ ਦਾਨ ਸੰਸਥਾ ਵਲੋਂ ਦੁਬਈ ਵਿਖੇ ਹੋਇਆ ਚੌਥਾ ਇਫ਼ਤਾਰੀ ਪ੍ਰੋਗਰਾਮ





**ਸ਼ਾਮਚੁਰਾਸੀ (ਚੁੰਬਰ)–** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਂ ਦਾਨ ਸੰਸਥਾ ਰਜਿ.ਦੇ ਬੈਨਰ ਹੇਠ ਚੇਅਰਮੈਨ ਡਾ. ਹਰੀ ਸਿੰਘ ਬੱਧਣ ਦੀ ਅਗਵਾਈ ਹੇਠ ਭਾਈਚਾਰਕ ਸਾਂਝ ਨੂੰ ਵਧਾਉਂਦੇ ਹੋਏ ਅਤੇ ਈਦ ਦੇ ਤਿਉਹਾਰ ਨੂੰ ਮਨਾਉਣ ਸਮੇਂ ਮੁਸਲਿਮ ਵੀਰਾਂ ਨੂੰ ਚੌਥੀ ਵਾਰ ਫਰਾਹ ਹਰਬਜ਼ ਟਰੇਡਿੰਗ ਕਲੀਨਿਕ ਅਜ਼ਮਾਨ ਯੂ ਏ ਈ ਵਿਖੇ 300 ਮੁਸਲਿਮ ਵੀਰਾਂ ਨੂੰ ਸਭਾ ਦੇ ਵਿਛੜੇ ਸਾਥੀ ਬਿੰਦਰ ਸਹਿਜਲ ਬੀਨੇਬਾਲ ਦੀ ਯਾਦ ਵਿਚ ਇਫ਼ਤਾਰੀ ਦਿੱਤੀ ਗਈ। ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਹਮਰ ਬਿਨ ਨਾਸਿਰ ਸ਼ਾਰਜਾਹ ਯੂ ਏ ਈ ਪਹੁੰਚੇ ਅਤੇ ਉਨ੍ਹਾਂ ਨੇ ਸੰਸਥਾ ਦੇ ਲੋਕ ਭਲਾਈ ਕਾਰਜਾਂ ਦੀ ਪ੍ਰਸੰਸਾ ਕੀਤੀ। ਸੰਸਥਾ ਮੈਂਬਰਾਂ ਵਲੋਂ ਹਮਰ ਬਿਨ ਨਾਸਿਰ ਜੀ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪ ਚੇਅਰਮੈਨ ਅਜੇ ਕੁਮਾਰ ਗਾਹਟ, ਪ੍ਰਧਾਨ ਸਤਪਾਲ ਮਹੇ, ਉਪ ਪ੍ਰਧਾਨ ਸ਼ੁਰੇਸ਼ ਕਲੇਰ, ਕੈਸ਼ੀਅਰ ਅਸ਼ਵਨੀ ਵਿਰਦੀ, ਸਕੱਤਰ ਬਲਵਿੰਦਰ ਚੰਦ ਬੰਗੜ, ਮੁੱਖ ਸਲਾਹਕਾਰ ਸੰਤੋਖ ਲਾਲ ਵਿਰਦੀ, ਹਰਟਹਿਲ ਸਿੰਘ, ਵਿਜੇ ਕੁਮਾਰ, ਇੰਜ. ਜੀਵਨ ਸਰੋਆ, ਸੁਖਦੇਵ ਸੰਧੂ, ਰੇਸ਼ਮ ਲਾਲ, ਗੁਰਮੇਲ ਸਿੰਘ, ਵਿਜੇ ਭਾਰਤੀ, ਤੀਰਥ, ਮਦਨ ਹੀਰ, ਮੁਹੰਮਦ ਸ਼ਹਿਯਾਦ, ਜਗਦੀਸ਼ ਲਾਲ, ਤਰਸੇਮ ਲਾਲ, ਬਲਦੇਵ ਸਿੰਘ, ਬਲਵੀਰ ਸਿੰਘ, ਧਰਮਜੀਤ, ਸੁਖਵਿੰਦਰ ਸਿੰਘ, ਜਮੀਲ, ਅਰਸ਼ਦ ਆਦਿ ਮੈਂਬਰਾਂ ਵਲੋਂ ਹਾਜ਼ਰੀ ਭਰੀ ਗਈ।


## ਲੜਕੀ ਦੀ ਲੋੜ

32 ਸਾਲਾ, ਅਮਰੀਕਨ ਸਿਟੀਜ਼ਨ, 6 ਫੁੱਟ ਲੰਬੇ, ਨਸ਼ਿਆਂ ਤੋਂ ਮੁਕਤ, ਮਾਪਿਆਂ ਦੇ ਕਹਿਣੇਕਾਰ, ਬੀ. ਐਸ. ਇਲੈਕਟ੍ਰੀਕਲ ਇੰਜੀਨੀਅਰ ਕੰਮ ਕਰਦੇ ਪੰਜਾਬੀ ਲੜਕੇ ਲਈ ਉਚੀ, ਲੰਮੀ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਅਮਰੀਕਾ ਪੜ੍ਹਨ ਆਈ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।ਸੰਪਰਕ ਕਰਨ, ਫੋਟੋ ਤੇ ਬਾਇਓਡਾਟਾ ਭੇਜਣ ਲਈ (559)- 375-4691 'ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਮਿਹਨਤ ਅਤੇ ਸਾਹਿਤ ਦਾ ਮੁਜੱਸਮਾ-ਅਧਿਆਪਕ ਮੇਜਰ ਸਿੰਘ ਨਾਭਾ




ਸਤਨਾਮ ਸਿੰਘ ਮੱਟੂ
91-97797-08257


ਹਾਸ਼ਮ ਫਤਿਹ ਨਸੀਬ ਉਹਨਾਂ ਨੂੰ,
ਜਿੰਨ੍ਹਾਂ ਹਿੰਮਤ ਯਾਰ ਬਣਾਈ।"

ਜ਼ਿੰਦਗੀ ਚ ਕਾਮਯਾਬ ਹੋਣ ਲਈ ਕੀਤੀ ਮਿਹਨਤ ਇਨਸਾਨ ਨੂੰ ਇਤਨਾ ਮਿਹਨਤੀ ਬਣਾ ਦਿੰਦੀ ਹੈ ਕਿ ਉਹ ਦੂਜਿਆਂ ਨੂੰ ਮਿਹਨਤ ਕਰਨ ਲਈ ਮਜਬੂਰ ਕਰ ਦਿੰਦੇ ਹਨ ਅਤੇ ਉਹ ਦੂਜਿਆਂ ਲਈ ਇੱਕ ਉਦਾਹਰਣ ਬਣ ਜਾਂਦੇ ਹਨ। ਇਹ ਸਤਰਾਂ ਮਾਸਟਰ ਮੇਜਰ ਸਿੰਘ ਨਾਭਾ ਉੱਪਰ ਪੂਰਨ ਰੂਪ ਚ ਢੁੱਕਦੀਆਂ ਹਨ। ਉਹਨਾਂ ਜ਼ਿੰਦਗੀ ਚ ਇਤਨੀ ਮਿਹਨਤ ਕੀਤੀ ਕਿ ਸਫਲਤਾ ਨੂੰ ਉਹਨਾਂ ਅੱਗੇ ਸਿਰ ਝੁਕਾ ਕੇ ਮੁਬਾਰਕਬਾਦ ਕਹਿਣਾ ਪਿਆ।



ਮੇਜਰ ਸਿੰਘ ਨੇ ਰਿਆਸਤੀ ਤਹਿਸੀਲ ਨਾਭਾ ਦੇ ਪਿੰਡ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਵਿਖੇ ਪਿਤਾ ਸ੍ਰ ਸ਼ੇਰ ਸਿੰਘ ਅਤੇ ਮਾਤਾ ਸ੍ਰੀਮਤੀ ਸੁਰਜੀਤ ਕੌਰ ਦੇ ਵਿਹੜੇ 13 ਜੂਨ 1958 ਨੂੰ ਗਰੀਬ ਪਰਿਵਾਰ ਵਿੱਚ ਜਨਮ ਲਿਆ। ਟੇਲਰ ਮਾਸਟਰ ਪਿਤਾ ਦੇ ਵਿਹੜੇ ਤੰਗੀਆਂ ਤਰੁਸ਼ੀਆਂ ਤਨ ਤੇ ਹੰਢਾਉਂਦਿਆਂ ਮੁੱਢਲੀ ਸਿੱਖਿਆ ਅਤੇ ਦਸਵੀਂ ਪਿੰਡ ਦੇ ਸਕੂਲ ਚੋਂ ਦੂਜੇ ਨੰਬਰ ਤੇ ਰਹਿ ਕੇ ਪਾਸ ਕੀਤੀ। ਰਿਪੁਦਮਨ ਕਾਲਜ ਨਾਭਾ ਤੋਂ ਗ੍ਰੈਜੂਏਸ਼ਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਰਾਜਨੀਤੀ ਚ ਮਾਸਟਰ ਡਿਗਰੀ ਦੀ ਪੜ੍ਹਾਈ ਕੀਤੀ। ਦਿਲ ਚ ਅਧਿਆਪਕ ਲੱਗਣ ਦੀ ਤਾਂਘ ਨਾਲ ਸਰਕਾਰੀ ਸੰਸਥਾ ਨਾਭਾ ਤੋਂ 1982 ਚ ਆਰਟ ਐਂਡ ਕਰਾਫਟ ਦਾ ਕੋਰਸ ਕੀਤਾ। ਵੱਖ ਵੱਖ ਸਕੂਲਾਂ 'ਚ ਛੁੱਟੀ ਗਏ ਅਧਿਆਪਕਾਂ ਦੀ ਥਾਂ 1984 ਐਡਹਾਕ ਅਧਿਆਪਕ ਵਜੋਂ ਸੇਵਾਵਾਂ ਦਿੱਤੀਆਂ। ਉਹਨਾਂ ਐਡਹਾਕ ਨੌਕਰੀ ਛੱਡ ਪਰਿਵਾਰ ਦਾ ਪੇਟ ਪਾਲਣ ਲਈ ਨਾਭਾ ਵਿਖੇ 'ਸਟੂਡੈਂਟ ਟੇਲਰ' ਦੇ ਦੁਕਾਨ ਖੋਲ ਲਈ।ਪਰ ਮਿਹਨਤ ਦਾ ਪੱਲਾ ਫੜੀ ਰੱਖਿਆ। ਇਹ ਦੁਕਾਨ ਉਸਦੇ ਬੇਰੁਜ਼ਗਾਰ ਅਧਿਆਪਕ ਸਾਥੀਆਂ ਦੀਆਂ ਸਰਗਰਮੀਆਂ ਦਾ ਅੱਡਾ ਬਣ ਗਿਆ। ਬਤੌਰ ਯੂਨੀਅਨ ਦੇ ਪ੍ਰੈਸ ਦੀਆਂ ਸੇਵਾਵਾਂ ਨਿਭਾਉਂਦਿਆਂ ਲਿਖਣ ਦੀ ਚੇਟਕ ਲੱਗ ਗਈ।ਅਖਬਾਰਾਂ ਲਈ ਖਬਰਾਂ ਲਿਖਦਿਆਂ ਸੰਪਾਦਕ ਨੂੰ ਚਿੱਠੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਦਿਲ ਅੰਦਰ ਉੱਠਦੇ ਵਿਚਾਰਾਂ ਦੇ ਵਲਵਲਿਆਂ ਨੂੰ ਕੋਰੇ ਕਾਗਜ਼ਾਂ ਦੀ ਹਿੱਕ ਤੇ ਝਰੀਟ ਕੇ ਅਖਬਾਰਾਂ ਨੂੰ ਭੇਜਣ ਲੱਗਾ ਤਾਂ ਰੋਜ਼ਾਨਾ ਅਜੀਤ ਚ ਛਪੇ ਲੇਖ"ਡਰਾਇੰਗ ਵਿਸ਼ੇ ਦੀ ਮਹੱਤਤਾ," ਅਤੇ "ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ" ਨਾਲ ਉਸਦੇ ਹੱਥ ਕਲਮ ਅਜਿਹੀ ਆਈ ਕਿ ਉਸਨੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ।ਪੰਜਾਬੀ ਦੇ ਅਜੀਤ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਅੱਜ ਦੀ ਆਵਾਜ਼, ਆਕਾਲੀ ਪੱਤ੍ਰਿਕਾ, ਚੜ੍ਹਦੀ ਕਲਾ,ਪੰਜਾਬੀ ਜਾਗਰਣ, ਨਵਾਂ ਜ਼ਮਾਨਾ, ਆਸ਼ਿਆਨਾ ਆਦਿ ਤੋਂ ਇਲਾਵਾ ਵਿਦੇਸ਼ ਚ ਛਪਦੇ 'ਦੇਸ਼ ਦੁਆਬਾ', ਦਾ ਟਾਇਮਜ਼ ਆਫ ਪੰਜਾਬ, ਇੰਡੋ ਕੈਨੇਡੀਅਨ, ਪੰਜਾਬ ਮੇਲ, ਪੰਜਾਬ ਟਾਇਮਜ਼, ਸ਼ਾਨ-ਏ-ਪੰਜਾਬ, ਸਾਡੇ ਲੋਕ ਅਖਬਾਰਾਂ ਅਤੇ ਮੈਗਜੀਨ ਪੰਖੜੀਆਂ, ਨਿਰੰਤਰ ਸੋਚ, ਸਿੱਖ ਫੁਲਵਾੜੀ, ਗੁਰਮਤਿ ਪ੍ਰਕਾਸ਼, ਸ਼ਬਦ ਬੂੰਦ (ਹਰਿਆਣਾ), ਜਨ ਸਾਹਿਤ (ਭਾਸ਼ਾ ਵਿਭਾਗ) ਆਦਿ ਵਿੱਚ ਕਵਿਤਾਵਾਂ, ਲੇਖ ਕਹਾਣੀਆਂ ਛਪਦੀਆਂ ਰਹੀਆਂ ਹਨ ਅਤੇ ਨਿਰੰਤਰ ਜਾਰੀ ਹਨ।

ਉਹਨਾਂ 30 ਅਪ੍ਰੈਲ 1997 ਨੂੰ ਬਤੌਰ ਰੈਗੂਲਰ ਡਰਾਇੰਗ ਅਧਿਆਪਕ ਸਹਸ ਉਲਾਣਾ (ਪਟਿਆਲਾ) ਤੋਂ ਸਰਕਾਰੀ ਨੌਕਰੀ ਦੀ ਸ਼ੁਰੂਆਤ ਕੀਤੀ।ਉਹਨਾਂ ਸ਼ਾਖਰਤਾ ਮੁਹਿੰਮ ਚ ਵੀ ਸਰਗਰਮ ਵਰਕਰ ਵਜੋਂ ਸੇਵਾਵਾਂ ਨਿਭਾਈਆਂ ਹਨ।

ਉਹ ਸਮੇਂ ਦੇ ਪਾਬੰਦ, ਮਿਹਨਤੀ, ਦ੍ਰਿੜ ਇਰਾਦੇ ਵਾਲੇ, ਵਿਗਿਆਨਕ ਦ੍ਰਿਸ਼ਟੀਵਾਦੀ ਅਧਿਆਪਕ ਵਜੋਂ ਵਿਚਰੇ ਹਨ। ਉਹ ਗਰੀਬਾਂ ਦੇ ਹਮਦਰਦ ਵਜੋਂ ਗਰੀਬ ਬੱਚਿਆਂ ਦੀ ਸਕੂਲ ਦੀ ਫੀਸ ਵੀ ਜੇਬ ਚੋਂ ਦੇ ਦਿੰਦੇ ਸਨ, ਕਿਉਂਕਿ ਗਰੀਬੀ ਨੂੰ ਉਹਨਾਂ ਤਨ ਤੇ ਹੰਢਾਇਆ ਸੀ। ਸਸਸਸ ਮਾਝੀ (ਸੰਗਰੂਰ) ਵਿਖੇ ਸੇਵਾ ਨਿਭਾਉਂਦਿਆਂ ਉਹਨਾਂ ਸਕੂਲ ਦੀ ਬੇਹਤਰੀ ਅਤੇ ਬੱਚਿਆਂ ਦੀ ਹਾਜ਼ਰੀ ਵਧਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ।

ਉਹਨਾਂ ਦੇ ਸਕੂਲ ਦੇ ਨਤੀਜੇ ਹਮੇਸ਼ਾ ਚੰਗੇ ਆਉਂਦੇ ਰਹੇ ਹਨ। ਉਹਨਾਂ ਦੀ ਜੀਵਣ ਸਾਥਣ ਸ੍ਰੀਮਤੀ ਰਾਜਵੰਤ ਕੌਰ ਹਮੇਸ਼ਾ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਖੜੀ ਹੈ ਅਤੇ ਸਹਿਯੋਗ ਦਿੱਤਾ ਹੈ। ਉਹ ਸਿੱਖਿਆ ਵਿਭਾਗ ਚ ਬੇਦਾਗ ਅਤੇ ਇਮਾਨਦਾਰੀ ਭਰਪੂਰ ਸੇਵਾਵਾਂ ਨਿਭਾ ਕੇ 30 ਜੂਨ ਨੂੰ ਸੇਵਾ ਮੁਕਤ ਹੋ ਰਹੇ ਹਨ। ਵਾਹਿਗੁਰੂ ਕਰੇ ਉਹਨਾਂ ਦੀ ਕਲਮ ਅੱਲੜ੍ਹ ਦਰਿਆ ਦੇ ਵਹਿਣ ਵਾਂਗ ਨਿਰੰਤਰ ਅਤੇ ਮਸਤ ਚਾਲੇ ਚਲਦੀ ਰਹੇ।

# ਮਾਨ ਹੋਏ ਸਿੰਘ ਸਾਹਿਬ ਭਾਈ ਮੰਡ ਸਾਹਮਣੇ ਪੇਸ਼, ਅਪਸ਼ਬਦ ਬੋਣ ਬਦਲੇ ਮੰਗੀ ਮੁਆਫੀ



**ਬਰਨਾਲਾ (ਬਿਊਰੋ)–** ਮਾਇਆਵਤੀ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬਰਗਾੜੀ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਦੇ ਸਾਹਮਣੇ ਪੇਸ਼ ਹੋ ਕੇ ਮੁਆਫੀ ਮੰਗ ਲਈ ਹੈ। ਜ਼ਿਕਰਯੋਗ ਹੈ ਕਿ ਸ. ਮਾਨ ਨੇ 1 ਜੂਨ ਦੇ ਬਰਗਾੜੀ ਇਕੱਠ ਵਿਚ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਬੀਬੀ ਮਾਇਆਵਤੀ ਖਿਲਾਫ ਸਟੇਜ ਤੋਂ ਇਤਰਾਜ਼ਯੋਗ ਭਾਸ਼ਾ ਦਾ ਇਸਤੇਮਾਲ ਕੀਤਾ ਸੀ, ਜਿਸ 'ਤੇ ਸਮੂਹ ਬਹੁਜਨ ਸਮਾਜ ਦੇ ਲੋਕਾਂ ਵੱਲੋਂ ਭਾਰੀ ਰੋਸ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮਾਮਲੇ 'ਤੇ ਬੀਤੇ ਦਿਨੀਂ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਨੇ ਕਾਰਵਾਈ ਕਰਦਿਆਂ ਅਖਬਾਰਾਂ ਵਿਚ ਬਿਆਨ ਜਾਰੀ ਕਰਕੇ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਵਰਤੇ ਗਏ ਅਪਸ਼ਬਦਾਂ ਤੇ ਜਿੱਥੇ ਅਫਸੋਸ ਪ੍ਰਗਟ ਕੀਤਾ ਸੀ, ਉਥੇ ਸ. ਮਾਨ ਨੂੰ ਸਿੱਖ ਕੌਮ ਦੇ ਅਨਿਖੜਵੇਂ ਅੰਗ ਦਲਿਤ ਭਾਈਚਾਰੇ ਤੋਂ ਮੁਆਫੀ ਮੰਗਣ ਦੇ ਆਦੇਸ਼ ਵੀ ਜਾਰੀ ਕੀਤੇ ਸਨ, ਪ੍ਰੰਤੂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜਥੇਦਾਰ ਮੰਡ ਨੇ ਨਿੱਜੀ ਤੌਰ 'ਤੇ ਮਾਨ ਨੂੰ ਬਰਗਾੜੀ ਵਿਖੇ ਪੇਸ਼ ਹੋਣ ਦੇ ਹੁਕਮ ਵੀ ਕੀਤੇ, ਜਿਸ ਤੇ ਅਮਲ ਕਰਦਿਆਂ ਬੀਤੇ ਦਿਨੀਂ ਸ. ਮਾਨ ਸਿੰਘ ਸਾਹਿਬ ਸਾਹਮਣੇ ਪੇਸ਼ ਹੋਏ ਸਨ। ਇਸ ਕਾਰਵਾਈ ਦੀ ਜਾਣਕਾਰੀ ਦਿੰਦਿਆਂ ਸਿੰਘ ਸਾਹਿਬ ਭਾਈ ਮੰਡ ਨੇ ਪਹਿਰੇਦਾਰ ਨੂੰ ਦੱਸਿਆ ਕਿ ਮਾਨ ਸਾਹਿਬ ਨੇ ਜਿੱਥੇ ਇਸ ਗੱਲ 'ਤੇ ਬਹੁਜਨ ਸਮਾਜ ਤੋਂ ਮੁਆਫੀ ਮੰਗੀ ਹੈ, ਉਥੇ ਆਪਣੇ ਵੱਲੋਂ ਬੋਲੇ ਅਪਸ਼ਬਦਾਂ ਤੇ ਸ਼ਰਮਿੰਦਗੀ ਮਹਿਸੂਸ ਕਰਦਿਆਂ ਇਹ ਵੀ ਕਿਹਾ ਹੈ ਕਿ ਮੇਰੀ ਅਜਿਹੀ ਭਾਵਨਾ ਨਹੀਂ ਸੀ, ਮੈਂ ਮਹਿਲਾਵਾਂ ਨਾਲ ਹੁੰਦੀਆਂ ਵਧੀਕੀਆਂ ਦੇ ਮਾਮਲੇ ਵਿਚ ਨਾ ਕਦੇ ਜਾਤ ਦੇਖਦਾ ਹਾਂ ਅਤੇ ਨਾ ਹੀ ਇਹ ਦੇਖਦਾ ਹਾਂ ਕਿ ਇਹ ਪੀੜਤ ਔਰਤ ਕਿਹੜੇ ਧਰਮ ਨਾਲ ਸਬੰਧ ਰੱਖਦੀ ਹੈ, ਮੈਂ ਹਮੇਸ਼ਾਹੀ ਔਰਤ ਨਾਲ ਹੁੰਦੀਆਂ ਵਧੀਕੀਆਂ ਦੀ ਵਿਰੋਧਤਾ ਕੀਤੀ ਹੈ। ਮੈਂ ਕਦੇ ਇਹ ਵੀ ਪਰਵਾਹ ਨਹੀਂ ਕੀਤੀ ਕਿ ਔਰਤ ਨਾਲ ਧੱਕਾ ਜਾਂ ਵਧੀਕੀ ਕਰਨ ਵਾਲਾ ਅਸਰ ਰਸੂਖ ਵਾਲਾ ਵਿਅਕਤੀ ਹੈ। ਮੈਂ ਰੂਪਨ ਦਿਓਲ ਬਜਾਜ ਨਾਲ ਬਦਤਮੀਜ਼ੀ ਕਰਨ ਵਾਲੇ ਉਸ ਸਮੇਂ ਦੇ ਜਾਲਮ ਪੁਲਿਸ ਮੁਖੀ ਕੇ. ਪੀ. ਐਸ. ਗਿੱਲ ਨੂੰ ਸਜ਼ਾ ਦਿਵਾਈ ਅਤੇ ਫਰਾਂਸ ਦੀ ਕੁੜੀ ਕੇਤੀਆ ਨਾਲ ਬਦਤਮੀਜ਼ੀ ਕਰਨ ਵਾਲੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਗੁਰਕੀਰਤ ਕੋਟਲੀ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ।

ਜਥੇਦਾਰ ਮੰਡ ਨੇ ਕਿਹਾ ਕਿ ਭਾਵੇਂ ਸ. ਮਾਨ ਨੇ ਮੁਆਫੀ ਮੰਗ ਲਈ ਅਤੇ ਗਲਤੀ ਤੇ ਪਛਤਾਤਾਪ ਵੀ ਕੀਤਾ ਹੈ ਪਰ ਮੈਂ ਬਤੌਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ. ਮਾਨ ਨੂੰ ਭਵਿੱਖ ਵਿਚ ਅਜਿਹੀ ਗਲਤੀ ਨਾ ਕਰਨ ਦੀ ਤਾੜਨਾ ਵੀ ਕੀਤੀ ਹੈ। ਜਥੇਦਾਰ ਸਾਹਿਬ ਨੇ ਕਿਹਾ ਕਿ ਬਹੁਜਨ ਸਮਾਜ ਸਮੇਤ ਸਮੁੱਚੇ ਦਲਿਤ ਭਾਈਚਾਰੇ ਨੂੰ ਹੁਣ ਇਸ ਮਾਮਲੇ ਨੂੰ ਇੱਥੇ ਹੀ ਖਤਮ ਕਰਨ ਦੇ ਆਦੇਸ਼ ਦਿੰਦਾ ਹਾਂ।

# ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲ਼ਿਆਂ ਦਾ ਗਿਆਨੀ ਦਿੱਤ ਸਿੰਘ ਅਵਾਰਡ ਗੋਲਡ ਮੈਡਲ ਅਤੇ ਨਾਲ ਸਨਮਾਨ



**ਖੰਨਾ (ਬਿਊਰੋ)–** ਮਿਤੀ 17 ਜੂਨ 2018 ਦਿਨ ਐਤਵਾਰ ਨੂੰ ਪੂਰੀ ਦੁਨੀਆਂ ਵਿੱਚ ਸਿੱਖ ਧਰਮ ਵਿੱਚ ਪ੍ਰਚਾਰ ਦੀ ਸੇਵਾ ਨਿਭਾਉਣ ਵਾਲੇ ਪ੍ਰਚਾਰਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਦਾ ਖੰਨਾ ਖਮਾਣੋ ਰੋਡ ਤੇ ਸਥਿਤ ਪਿੰਡ ਸੇਹ ਦੇ ਗੁਰਦਵਾਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦਵਾਰਾ ਸ੍ਰੀ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਸੇਹ ਅਤੇ ਇਲਾਕਾ ਨਿਵਾਸੀਆਂ ਵੱਲੋਂ ਭਾਈ ਸਾਹਿਬ ਨੂੰ ਸਿਰੋਪਾਓ, ਗੋ.ਲਡ ਮੈਡਲ ਅਤੇ ਗਿਆਨੀ ਦਿੱਤ ਸਿੰਘ ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਜਿਕਰਯੋਗ ਹੈ ਕੇ ਭਾਈ ਅਮਰੀਕ ਸਿੰਘ ਜੀ ਲੰਬੇ ਸਮੇ ਤੋਂ ਗੁਰਬਾਣੀ ਕਥਾ ਅਤੇ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਭਾਈ ਅਮਰੀਕ ਸਿੰਘ ਜੀ ਨੇ ਸਮਾਜ ਅੰਦਰ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਪੱਖ ਤੋਂ ਕੀਤੀਆਂ ਤਰੱਕੀਆ ਅਤੇ ਆਏ ਨਿਘਾਰ ਨੂੰ ਬੇਖੌਫ ਕਥਾ ਨਾਲ ਹੀ ਬਿਆਨ ਨਹੀਂ ਕੀਤਾ ਆਪਣੀ ਕਲਮ ਨਾਲ ਵੀ ਬਹੁਤ ਅੱਛੇ ਢੰਗ ਨਾਲ ਲਿਖਕੇ ਇਤਿਹਾਸ ਸਿਰਜਿਆਂ ਹੈ। ਭਾਈ ਅਮਰੀਕ ਸਿੰਘ ਜੀ ਦੀ ਕਲਮ ਤੋਂ ਲਿਖੀਆਂ 10 ਕਿਤਾਬਾਂ ਮਾਂ ਬੋਲੀ ਨੂੰ ਪਿਆਰ ਕਰਨ ਵਾਲ਼ਿਆਂ ਦੇ ਹੱਥਾਂ ਦਾ ਸ਼ਿੰਗਾਰ ਬਣ ਚੁੱਕੀਆਂ ਹਨ। ਜ਼ਿਹਨਾਂ ਵਿੱਚ ਨਵੀਂ ਦਸਤਾਰ ਪੁਸਤਕ ਜਿਸਨੂੰ ਪਾਠਕਾ ਵੱਲੋਂ ਬਹੁਤ ਪਿਆਰ ਮਿਲ ਰਿਹਾ ਪੂਰੀ ਦੁਨੀਆ ਵਿੱਚ ਜਿਸਦੀ ਮੰਗ ਹੋ ਰਹੀ ਹੈ। ਕਿਤਾਬ ਵਿਆਹ ਅਤੇ ਨਿਰਬਾਹ ਦਾ ਅੰਗਰੇਜ਼ੀ ਅਨੁਵਾਦ ਵੀ ਛਪ ਚੁੱਕਾ ਹੈ। 2 ਕਿਤਾਬਾਂ ਗੁਰਮਤ ਮੋਤੀ ਭਾਗ 3 ਅਤੇ ਖੁੱਲ੍ਹ ਲੇਖ ਬਹੁਤ ਜਲਦੀ ਛਪਕੇ ਪਾਠਕਾਂ ਦੇ ਹੱਥਾਂ ਦਾ ਸ਼ਿੰਗਾਰ ਬਣਨਗੀਆਂ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡਾ. ਧਰਮਵੀਰ ਗਾਂਧੀ ਨੇ ਚਾਹ-ਮਿਲਣੀ ਉਤੇ ਕੀਤੀਆਂ ਬਾ-ਕਮਾਲ ਵਿਚਾਰਾਂ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਕੁਝ ਲੋਕ ਭਾਵੇਂ ਰਾਜਨੀਤਿਕ ਪਿਛੋਕੜ ਨਹੀਂ ਰੱਖਦੇ ਪਰ ਉਨ੍ਹਾਂ ਦੀ ਜਨਤਾ ਪ੍ਰਤੀ ਨੀਤੀ ਬੜੀ ਉਚੇ ਪੱਧਰ ਦੀ ਹੁੰਦੀ ਹੈ। ਅਜਿਹੀ ਨੀਤੀ ਦੇ ਬੂਟੇ ਨੂੰ ਭਾਵੇਂ ਬੂਰ ਪਵੇ ਜਾਂ ਨਾ ਪਵੇ ਪਰ ਉਹ ਇਸਨੂੰ ਸਿੰਜਣ ਜਾਰੀ ਰੱਖਦੇ ਹਨ। ਇਕ ਅਜਿਹੀ ਹੀ ਰਾਜਨੀਤਕ ਸਖਸ਼ੀਅਤ ਹੈ ਡਾ. ਧਰ-ਮਵੀਰ ਗਾਂਧੀ ਜੋ ਕਿ ਪਟਿਆਲਾ ਤੋਂ ਆਮ ਆਦਮੀ ਦੇ ਉਮੀਦਵਾਰ ਸਨ ਅਤੇ ਸੰਸਦ ਮੈਂਬਰ ਚੁਣੇ ਗਏ ਸਨ। ਬੀਤੇ ਦੋ ਕੁ ਦਿਨਾਂ ਤੋਂ ਉਹ ਨਿਊਜ਼ੀਲੈਂਡ ਦੌਰੇ ਉਤੇ ਹਨ। ਅੱਜ ਸਵੇਰੇ ਉਨ੍ਹਾਂ ਦੇ ਨਾਲ ਇਕ ਚਾਹ ਮਿਲਣੀ ਸ. ਖੜਗ ਸਿੰਘ ਜੋ ਕਿ ਆਮ ਆਦਮੀ ਪਾਰਟੀ ਨਿਊਜ਼ੀਲੈਂਡ ਵਿੰਗ ਦੇ ਮੋਹਰੀ ਰਹੇ ਹਨ, ਦੇ ਗ੍ਰਹਿ ਵਿਖੇ ਰੱਖੀ ਗਈ। ਸ. ਲਖਵਿੰਦਰ ਸਿੰਘ ਨੰਦਾ ਹੋਰਾਂ ਫੁੱਲਾਂ ਦਾ ਗੁਲਦਸਤਾ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਨਿਊਜ਼ੀਲੈਂਡ ਦੇ ਸੰਸਦ ਮੈਂਬਰ ਸ. ਕੰਵਲਜੀਤ ਸਿੰਘ ਬਖਸ਼ੀ ਵੀ ਕੁਝ ਸਮੇਂ ਲਈ ਪਹੁੰਚੇ। ਬਹੁਤ ਹੀ ਘਰੇਲੂ ਮਾਹੌਲ ਦੇ ਵਿਚ ਪੰਜਾਬ ਦੀ ਮੌਜੂਦਾ ਸਥਿਤੀ, ਨਸ਼ਿਆਂ ਦੀ ਮਾਰ, ਸਰਕਾਰਾਂ ਦੀਆਂ ਥੋੜ੍ਹੇ ਸਮੇਂ ਵਾਲੀਆਂ ਨੀਤੀਆਂ, ਦੂਰ ਅੰਦੇਸ਼ੀ ਦੀ ਘਾਟ, ਆਧੁਨਿਕਤਾ ਦੀ ਬਰਾਬਰਤਾ ਅਤੇ ਵਿਸ਼ਵ ਪੱਧਰ ਉਤੇ ਸੈਟ ਹੋ ਰਹੇ ਮਾਪਦੰਡਾਂ ਬਾਰੇ ਗੱਲਬਾਤ ਕੀਤੀ ਗਈ। ਉਨ੍ਹਾਂ ਕਿਹਾ ਕਿ ਜੇਕਰ ਸਿਆਸਤ ਦਾਨ ਆਪਣੀ ਜਿੰਮੇਵਾਰੀ ਸਮਝਣ ਤਾਂ ਵਰਤਮਾਨ ਅਤੇ ਭਵਿੱਖ ਇਕ ਨਵੀਂ ਦਿਸ਼ਾ ਵੱਲ ਸਾ-ਸੁਥਰਾ ਵਿਕਾਸ ਕਰ ਸਕਦਾ ਹੈ, ਪਰ ਰਾਜਨੀਤੀ ਗੰਧਲੇਪਨ ਦਾ ਸ਼ਿਕਾਰ ਹੋ ਚੁੱਕੀ ਹੈ। ਸ. ਖੜਗ ਸਿੰਘ ਨੇ ਸਾਰੇ ਵਲੰਟੀਅਰਜ਼ ਦੇ ਉਨ੍ਹਾਂ ਦੀ ਜਾਣ-ਪਹਿਚਾਣ ਕਰਵਾਈ। ਸੰਖੇਪ ਮੀਟਿੰਗ ਦੇ ਵਿਚ ਡਾ. ਧਰਮਵੀਰ ਗਾਂਧੀ ਹੋਰਾਂ ਬਹੁਤ ਹੀ ਉਚ ਪੱਧਰ ਦੀਆਂ ਗੱਲਾਂ ਕੀਤੀਆਂ ਜਿਨ੍ਹਾਂ ਨੂੰ ਸੁਣ ਕੇ ਸਭ ਨੂੰ ਚੰਗਾ ਲੱਗਾ। ਇਸ ਚਾਹ ਮਿਲਣੀ ਉਤੇ ਸ. ਬਖਸ਼ੀ ਤੋਂ ਇਲਾਵਾ, ਸ. ਹਰਜਿੰਦਰ ਸਿੰਘ ਮਾਨ, ਸ. ਕੁਲਦੀਪ ਸਿੰਘ, ਸ. ਲਖਵਿੰਦਰ ਸਿੰਘ ਨੰਦਾ, ਸ. ਮੰਦੀਪ ਸਿੰਘ, ਸ. ਅਮਨ ਸਿੰਘ ਸੈਣੀ, ਸ. ਮੁਖਤਿਆਰ ਸਿੰਘ, ਸ. ਹਰਪਾਲ ਸਿੰਘ ਲੋਹੀ, ਸ. ਮਨਿੰਦਰ ਸਿੰਘ ਰੰਧਾਵਾ ਅਤੇ ਬਲਜੀਤ ਕੌਰ ਸ਼ਾਮਿਲ ਹੋਏ।



# ਭਗਵਾਨ ਵਾਲਮੀਕ ਤੇ ਗੁਰੂ ਰਵਿਦਾਸ ਜੀ ਦੀਆਂ ਮੂਰਤੀਆਂ ਦੀ ਮਾਤਾ ਦੇ ਮੰਦਰ 'ਚ ਸਥਾਪਨਾ ਤੋਂ ਭੜਕਿਆ ਭਾਈਚਾਰਾ

**ਪਟਿਆਲਾ-** ਉਤਰੀ ਭਾਰਤ ਦੇ ਪ੍ਰਸਿੱਧ ਮਾਤਾ ਮਹ-ਾਂਕਾਲੀ ਦੇਵੀ ਦੇ ਮੰਦਰ 'ਚ ਭਗਵਾਨ ਵਾਲਮੀਕ ਅਤੇ ਗੁਰੂ ਰਵਿਦਾਸ ਜੀ ਦੀਆਂ ਮੂਰਤੀਆਂ ਸਥਾਪਤ ਕੀਤੇ ਜਾਣ ਦਾ ਮਾਮਲਾ ਪੂਰੀ ਤਰ੍ਹਾਂ ਗਰਮਾ ਗਿਆ ਹੈ। ਅਖਿਲ ਭਾਰਤੀ ਹਿੰਦੂ ਸੁਰੱਖਿਆ ਸੰਮਤੀ ਅਤੇ ਸ੍ਰੀ ਹਿੰਦੂ ਤਖਤ ਦੇ ਮੁਖੀ ਵੱਲੋਂ ਇਯ ਸੰਦਰਭ 'ਚ ਭਗਵਾਨ ਵਾਲਮੀਕ ਜੀ ਅਤੇ ਗੁਰੂ ਰਵਿਦਾਸ ਮਹਾਰਾਜ ਦੀਆਂ ਮੂਰਤੀਆਂ ਨੂੰ ਰੱਥ ਵਿਚ ਸੁਸ਼ੋਭਿਤ ਕਰਕੇ ਰੱਥ ਯਾਤਰਾ ਕੱਢੇ ਜਾਣ ਦਾ ਪ੍ਰੋਗਰਾਮ ਸੀ ਅਤੇ ਜੁਲਾਈ ਦੇ ਪਹਿਲੇ ਹਫਤੇ ਮਾਤਾ ਮਹਾਂਕਾਲੀ ਦੇਵੀ ਮੰਦਰ ਵਿਖੇ ਭਗਵਾਨ ਵਾਲਮੀਕ ਜੀ ਅਤੇ ਗੁਰੂ ਰਵਿਦਾਸ ਮਹਾਰਾਜ ਦੀਆਂ ਮੂਰਤੀਆਂ ਦੀ ਸਥਾਪਨਾ ਕਰਨ ਦਾ ਪ੍ਰੋਗਰਾਮ ਸੀ। ਜਿਵੇਂ ਹੀ ਵਾਲਮੀਕ ਭਾਈਚਾਰੇ ਨੂੰ ਇਸ ਬਾਰੇ ਪਤਾ ਲੱਗਾ ਤਾਂ ਵਾਲਮੀਕ ਭਾਈਚਾਰੇ ਨੇ ਇਸਦਾ ਵਿਰੋਧ ਕੀਤਾ। ਲਾਹੌਰੀ ਗੇਟ ਪਟਿਆਲਾ ਵਿਖੇ ਭਾਈਚਾਰੇ ਦੀ ਇਕ ਮੀਟਿੰਗ ਕਰਨ ਤੋਂ ਬਾਅਦ ਵਾਲਮੀਕ ਭਾਈਚਾਰੇ ਦੇ ਵੱਖ-ਵੱਖ ਸੰਗਠਨਾਂ ਅਤੇ ਐਸ. ਸੀ. ਭਾਈਚਾਰੇ ਨਾਲ ਸਬੰਧਤ ਹੋਰ ਜਥੇਬ-ੰਦੀਆਂ ਵੱਲੋਂ ਸਾਂਝੇ ਤੌਰ 'ਤੇ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮਿਲ ਕੇ ਇਸ ਮੂਰਤੀ ਸਥਾਪਨਾ ਨੂੰ ਤੁਰੰਤ



ਰੋਕਣ ਲਈ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਵਾਲਮੀਕ ਸਮਾਜ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਦੱਸਿਆ ਕਿ ਭਗਵਾਨ ਵਾਲਮੀਕ ਜੀ ਦੀ ਪੂਜਾ ਅਰਚਨਾ ਦੀ ਮਰਿਆਦਾ ਅਲੱਗ ਹੈ ਅਤੇ ਗੁਰੂ ਰਵਿਦਾਸ ਮਹਾਰਾਜ ਦੇ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਹੁੰਦੇ ਹਨ। ਮਾਤਾ ਦੇ ਮੰਦਰ 'ਚ ਸ਼ਰਾਬ ਦਾ, ਬੱਕਰਿਆਂ ਦਾ, ਮੁਰਗਿਆਂ ਦਾ ਚੜ੍ਹਾਵਾ ਚੜ੍ਹਦਾ ਹੈ, ਲਿਹਾਜਾ ਇਸ ਜਗ੍ਹਾ ਭਗਵਾਨ ਵਾਲਮੀਕ ਜੀ ਅਤੇ ਗੁਰੂ ਰਵਿਦਾਸ ਦੀ ਮੂਰਤੀ ਸਥਾਪਨਾ ਕਰਨ ਨਾਲ ਦੋਵਾਂ ਭਾਈਚਾਰਿਆਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੇਗੀ। ਇਸ ਲਈ ਸ਼ਹਿਰ ਵਿਚ ਕਿਸੇ ਤਰ੍ਹਾਂ ਦਾ ਮਾਹੌਲ ਖਰਾਬ ਨਾ ਹੋਵੇ, ਇਸ ਲਈ ਤੁਰੰਤ ਮਾਤਾ ਮਹਾਂਕਾਲੀ ਦੇਵੀ ਦੇ ਮੰਦਰ ਵਿਚ ਮੂਰਤੀਆਂ ਦੀ ਸਥਾਪਨਾ ਦੇ ਕੰਮ ਨੂੰ ਰੋਕਿਆ ਜਾਵੇ। ਵਾਲਮੀਕ ਭਾਈਚਾਰੇ ਦੇ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਜੇਕਰ ਮੂਤਰੀ ਸਥਾਪਨਾ ਨਾ ਰੋਕੀ ਗਈ ਤਾਂ ਪਟਿਆਲਾ ਵਿਚ ਵਾਲਮੀਕ ਭਾਈਚਾਰੇ ਅਤੇ ਰਵਿਦਾਸੀਆ ਭਾਈਚਾਰੇ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਐਸ. ਸੀ. ਭਾਈਚਾਰੇ ਦੇ ਆਗੂਆਂ ਵਿਚ ਸੀਨੀਅਰ ਕਾਂਗਰਸੀ ਆਗੂ ਸੋਨੂੰ ਸੰਗਰ, ਐਸ. ਸੀ./ਬੀ. ਸੀ. ਇੰਪਲਾਈਜ਼ ਫੈਡਰੇਸ਼ਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਡਾ. ਜਤਿੰਦਰ ਸਿੰਘ ਮੱਟੂ, ਲਾਹੌਰੀ ਗੇਟ ਵਾਲਮੀਕ ਧਰਮ ਸਭਾ ਦੇ ਪ੍ਰਧਾਨ ਵੀਰ ਜਤਿੰਦਰ ਪ੍ਰਿੰਸ ਆਦਿ ਧਰਮ ਸਮਾਜ ਦੇ ਰਾਸ਼ਟਰੀ ਮਹਾਂਮੰਤਰੀ ਵੀਰ ਲਵਲੀ ਅਛੂਤ, ਭਾਰਤੀ ਵਾਲਮੀਕ ਧਰਮ ਸਮਾਜ ਦੇ ਜ਼ਿਲ੍ਹਾ ਪ੍ਰਧਾਨ ਵੀਰ ਅਰੁਣ ਧਾਲੀਵਾਲ ਤੋਂ ਇਲਾਵਾ ਵੱਡੀ ਗਿਣਤੀ 'ਚ ਭਾਈਚਾਰੇ ਦੇ ਨੁਮਾਇੰਦੇ ਹਾਜ਼ਰ ਹੋਏ।

# ਗੁਰਦੁਆਰਾ ਸਾਹਿਬ ਵਲਿੰਗਟਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਅਤੇ ਜੂਨ-84 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਸਮਾਗਮ



**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਦੇਸ਼ ਦੀ ਰਾਜਧਾਨੀ ਵਲਿੰਗਟਨ ਵਿਖੇ ਪੰਜਵੇਂ ਪਾਤਸ਼ਾਹਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਅਤੇ ਜੂਨ 1984 ਦੇ ਸ਼ਹੀਦ ਸਿੰਘਾਂ-ਸਿੰਘਣੀਆਂ ਨੂੰ ਸਮਰਪਿਤ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਅੱਜ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਹਜ਼ੂਰੀ ਰਾਗੀ ਭਾਈ ਦਲਬੀਰ ਸਿੰਘ, ਭਾਈ ਮਲਵਿੰਦਰ ਸਿੰਘ ਅਤੇ ਵੀਰ ਜਸਪ੍ਰੀਤ ਸਿੰਘ ਨੇ ਬਹੁਤ ਹੀ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ. ਪਰਮਜੀਤ ਸਿੰਘ (ਸਾਬਕਾ ਪ੍ਰਧਾਨ) ਨੇ ਇਸ ਦਿਹਾੜੇ ਨੂੰ ਸਮਰਪਿਤ ਕੁਝ ਇਤਿਹਾਸਕ ਸਾਂਝ ਵੀ ਪਾਈ। ਅੱਜ ਦੇ ਹਫਤਾਵਾਰੀ ਦੀਵਾਨ ਦੇ ਵਿਚ ਭਾਰੀ ਗਿਣਤੀ ਦੇ ਵਿਚ ਸੰਗਤਾਂ ਜੁੜੀਆਂ। ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਦਲਿਤ ਨੌਜਵਾਨ ਨੇ ਮੁੱਖ ਮੰਤਰੀ ਤੋਂ ਕੀਤੀ ਬ੍ਰਾਹਮਣ ਬਣਾਉਣ ਦੀ ਮੰਗ

**ਪਟਨਾ-** ਅਖਿਲ ਭਾਰਤੀ ਰਵਿਦਾਸੀਆ ਧਰਮ ਸੰਗਠਨ, ਬਿਹਾਰ ਪ੍ਰਦੇਸ਼ ਦੇ ਜ਼ਿਲ੍ਹਾ ਪ੍ਰਧਾਨ ਅਭਿਨੰਦਨ ਕੁਮਾਰ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਚਮਾਰ ਜਾਤੀ ਛੱਡ ਕੇ ਬ੍ਰਾਹਮਣ ਬਣਨਾ ਚਾਹੁੰਦਾ ਹੈ। ਉਸਨੇ ਮੰਗ ਕੀਤੀ ਕਿ ਮੈਨੂੰ ਸਵਰਣ ਵਿਚ ਬ੍ਰਾਹਮਣ ਜਾਤੀ ਬਣਾਇਆ ਜਾਵੇ, ਮੈਂ ਰਿਜ਼ਰਵੇਸ਼ਨ ਛੱਡਣਾ ਚਾਹੁੰਦਾ ਹੈ ਕਿਉਂਕਿ ਹੁਣ ਵੱਡੀਆਂ ਜਾਤੀਆਂ ਦੇ ਲੋਕ ਦਲਿਤ ਬਣਨ ਲਈ ਤਿਆਰ ਹਨ ਤਾਂ ਮੈਂ ਸਵਰਣ ਬਣਨ ਲਈ ਤਿਆਰ ਹਾਂ। ਕਿਉਂਕਿ ਸਦੀਆਂ ਤੋਂ ਪੂਰਵਜਾਂ ਤੋਂ ਹਰਜੀਨ, ਦਲਿਤ, ਚਮਰਵਾ ਦੀ ਤਕਲੀਫ ਰਹਿੰਦੇ ਆ ਰਹੇ ਹਾਂ। ਇਹਨਾਂ ਸਾਰੀਆਂ ਮੁਸ਼ਕਿਲਾਂ ਤੋਂ ਨਿਜਾਤ ਪਾਉਣ ਦੇ ਲਈ ਮੈਂ ਸਵਰਣ ਬਣਨਾ ਚਾਹੁੰਦਾ ਹੈ, ਤਾਂ ਮੈਨੂੰ ਕੋਈ ਤੰਗ ਨਹੀਂ ਕਰੇਗਾ। ਜਦੋਂ ਤੁਸੀਂ ਕਿਸੇ ਨੂੰ ਵੀ ਕਿਸੇ ਜਾਤੀ ਵਿਚ ਸ਼ਾਮਲ ਕਰਨ ਦੇ ਸਮਰੱਥ ਹੋ ਤਾਂ ਮੈਨੂੰ ਵੀ ਸਵਰਣ ਜਾਤੀ ਵਿਚ ਸ਼ਾਮਲ ਕਰਨ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ।







# ਵਿਰਸੇ ਦੀਆਂ ਅਨਮੁੱਲੀਆਂ ਯਾਦਾਂ ਕਿਤਾਬ ਲਾਇਬ੍ਰੇਰੀ ਨੂੰ ਭੇਂਟ

**ਸ੍ਰੀ ਮੁਕਤਸਰ ਸਾਹਿਬ–** ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਵੱਲੋਂ ਹੁਣੇ-ਹੁਣੇ ਰਿਲੀਜ਼ ਹੋਈ ਆਪਣੀ ਚੌਥੀ ਪੁਸਤਕ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ ਦੀਆਂ ਦੋ ਪੁਸਤਕਾਂ ਅੱਜ ਰੈੱਡ ਕਰਾਸ ਭਵਨ ਵਿਖੇ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ। ਇਸ ਤੋਂ ਪਹਿਲਾਂ ਵੀ ਸਮੇਂ ਸਮੇਂ ਤੇ ਜਦੋਂ ਵੀ ਉਹਨਾਂ ਦੀਆਂ ਤਿੰਨ ਕਿਤਾਬਾਂ ਆਈਆਂ ਤਾਂ ਉਹਨਾਂ ਨੇ ਪਾਠਕਾਂ ਲਈ ਉਹ ਕਿਤਾਬਾਂ ਵੀ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਸਨ, ਜਿੰਨ੍ਹਾਂ ਦੀ ਪਾਠਕਾਂ ਵੱਲੋਂ ਭਰਪੂਰ ਸ਼ਲਾਘਾ ਹੋ ਰਹੀ ਹੈ। ਇਹ ਚੌਥੀ ਪੁਸਤਕ ਜਿਸ ਵਿੱਚ ਵਾਰਤਕ ਦੇ ਰੂਪ ਵਿੱਚ ਸਾਡੇ ਵਿੱਸਰ ਚੁੱਕੇ ਵਿਰਸੇ ਪ੍ਰਤੀ 36 ਲੇਖ, ਕੁਝ ਵਿਰਸੇ ਪ੍ਰਤੀ ਚੌਕੇ, ਦੋਹੇ ਤੇ ਪੰਜਾਬੀ ਪੈਂਤੀ ਵੀ ਦਰਜ ਹੈ। ਜਿਸ ਵਿੱਚ ਸਾਡੇ ਪੁਰਖਿਆਂ ਦੇ ਰਹਿਣ ਸਹਿਣ ਤੇ ਕਾਰ ਵਿਹਾਰ ਤੇ ਅੱਜ ਤੋਂ ਕਰੀਬ ਅੱਧੀ ਸਦੀ ਪਹਿਲਾਂ



ਦੀ ਜੀਵਨ ਜਾਂਚ ਦੇ ਸਾਰੇ ਤੌਰ ਤਰੀਕੇ ਸਾਡੀ ਅਜੋਕੀ ਪੀੜ੍ਹੀ ਲਈ ਇਕ ਚਾਨਣ ਮੁਨਾਰਾ ਹੋਣਗੇ। ਇਸ ਸਮੇਂ ਗੋਪਾਲ ਸਿੰਘ ਮੱਕੜ ਸੈਕਟਰੀ ਰੈਡ ਕਰਾਸ, ਹਰਮੀਤ ਸਿੰਘ ਬੇਦੀ, ਲਾਇਨਜ਼ ਕਲੱਬ ਦੇ ਪ੍ਰਧਾਨ ਨਿਰੰਜਨ ਸਿੰਘ ਰੱਖੜਾ ਅਤੇ ਲਾਇਨਜ਼ ਕਲੱਬ ਦੇ ਸੀਨੀਅਰ ਮੈਂਬਰ ਡਾ. ਮਿੱਠੂ ਸਿੰਘ ਢਿੱਲੋਂ ਹਾਜਰ ਸਨ। ਇਸ ਸਮੇਂ ਜਸਵੀਰ ਸ਼ਰਮਾ ਦੱਦਾਹੂਰ ਦੀ ਪ੍ਰਸੰਸ਼ਾ ਕਰਦਿਆਂ ਗੋਪਾਲ ਸਿੰਘ ਮੱਕੜ ਨੇ ਕਿਹਾ ਕਿ ਐਸੇ ਕਾਰਜ ਕਰਨੇ ਬਹੁਤੇ ਅਸਾਨ ਨਹੀਂ ਜੋ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਦਾ ਗਿਆਨ ਕਰਵਾਉਣਾ ਅਤੇ ਪੁਰਖਿਆਂ ਦੀ ਜੀਵਨ ਜਾਂਚ ਨਾਲ ਜੋੜ ਕੇ ਰੱਖਣ ਦਾ ਤੁਹੱਈਆਂ ਕਰਦੇ ਹਨ। ਇਹਨਾਂ ਨੇ ਆਪਣੀ ਜਿੰਦਗੀ ਦੇ ਅਨੁਭਵ ਵਿੱਚੋਂ ਬਿਲਕੁਲ ਹਕੀਕੀ ਗੱਲਾਂ ਹੀ ਇਸ ਕਿਤਾਬ ਵਿੱਚ ਦਰਜ ਕੀਤੀਆਂ ਹਨ। ਵਾਕਿਆ ਹੀ ਦੱਦਾਹੂਰ ਇਕ ਡਰਾਈਵਰੀ ਕਿੱਤੇ ਵਿੱਚ ਇਸ ਕਾਰਜ ਲਈ ਸਮਾਂ ਕੱਢਣ ਅਤੇ ਵੱਡੇ ਉਪਰਾਲੇ ਲਈ ਵਧਾਈ ਦੇ ਪਾਤਰ ਹਨ।

# ਰਾਈਜ਼ਿੰਗ ਕਸ਼ਮੀਰ ਦੇ ਸੰਪਾਦਕ ਦੀ ਹੱਤਿਆ ਦੀ ਨਿੰਦਾ

**ਜਲੰਧਰ–**'ਰਾਈਜਿੰਗ ਕਸ਼ਮੀਰ' ਦੇ ਸੰਪਾਦਕ ਸਈਅਦ ਸੁਜਾਤ ਬੁਖ਼ਾਰੀ ਨੂੰ ਲਾਲ ਚੌਕ ਸ੍ਰੀਨਗਰ ਸਥਿਤ ਦਫ਼ਤਰ ਦੇ ਬਾਹਰ ਉਹਨਾਂ ਦੇ ਸੁਰੱਖਿਆ ਅਮਲੇ ਸਮੇਤ ਗੋਲੀਆਂ ਮਾਰਕੇ ਮਾਰਨ ਦੀ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਜ਼ੋਰਦਾਰ ਨਿੰਦਾ ਕੀਤੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਕਾਮਰੇਡ ਜਗਰੂਪ, ਸੀਤਲ ਸਿੰਘ ਸੰਘਾ ਅਤੇ ਚਰੰਜੀ ਲਾਲ ਕੰਗਣੀਵਾਲ ਨੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ ਕਰਕੇ ਸੁਜਾਤ ਬੁਖ਼ਾਰੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਕਮੇਟੀ ਨੇ ਕਿਹਾ ਕਿ ਡਾ. ਦਭੋਲਕਰ, ਡਾ. ਕਲਬੁਰਗੀ, ਡਾ. ਗੌਰੀ ਲੰਕੇਸ਼ ਉਪਰੰਤ ਸੁਜਾਤ ਬੁਖ਼ਾਰੀ ਦਾ ਵਹਿਸ਼ੀਆਨਾ ਕਤਲ, ਰਵੀਸ਼ ਕੁਮਾਰ ਅਤੇ ਰਾਣਾ ਆਯੂਬ ਨੂੰ ਜਾਨੋਂ ਮਾਰਨ ਦੀਆਂ ਨਿਰੰਤਰ ਧਮਕੀਆਂ ਸਾਬਤ ਕਰਦੀਆਂ ਹਨ ਕਿ ਲੋਕ-ਦੋਖੀ ਪ੍ਰਬੰਧ ਦੀਆਂ ਰਖੇਲ ਹਕੂਮਤਾਂ ਅਤੇ ਕਾਤਲੀ ਗਰੋਹਾਂ ਦਾ ਯਾਰਾਨਾ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਝਪਟਣ ਲਈ ਹਰ ਕੋਝਾ ਹੱਥ ਕੰਡਾ ਵਰਤ ਰਿਹਾ ਹੈ। ਕਮੇਟੀ ਨੇ ਸਮੂਹ ਜਮਹੂਰੀਅਤ ਅਤੇ ਇਨਸਾਫ਼ਪਸੰਦ ਸ਼ਕਤੀਆਂ ਨੂੰ ਮਿਲਕੇ ਲੋਕ ਲਹਿਰ ਉਸਾਰਨ ਦਾ ਸੱਦਾ ਦਿੱਤਾ ਹੈ।

**– ਅਮੋਲਕ ਸਿੰਘ, ਕਨਵੀਨਰ, ਸਭਿਆਚਾਰਕ ਵਿੰਗ**
**91-94170 76735**

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੂਲ ਮੁਖੀਆਂ ਨੂੰ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਵਜ਼ੀਫ਼ਾ ਫਾਰਮ ਤਸਦੀਕ ਕਰਨ ਲਈ ਹਦਾਇਤਾਂ ਜਾਰੀ

**ਅਲਾਵਲਪੁਰ–** ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਵੱਲੋਂ ਪੰਜਾਬ ਰਾਜ ਵਿੱਚ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੜ੍ਹਾਈ ਵਿਚ ਉਤਸ਼ਾਹਿਤ ਕਰਨ ਲਈ ਜਿਹੜੀ ਵਜ਼ੀਫ਼ਾ ਸਕੀਮ ਚਲਾਈ ਜਾ ਰਹੀ ਹੈ ਇਸ ਅਧੀਨ ਪਹਿਲੀ ਕਲਾਸ ਤੋਂ ਲੈ ਕੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੇ 3000 ਹਜ਼ਾਰ ਰੁਪਏ ਤੋਂ ਲੈ ਕੇ 70¢000 ਹਜ਼ਾਰ ਰੁਪਏ ਹੋਸਟਲ ਖਰਚੇ ਸਮੇਤ ਪ੍ਰਤੀ ਸਾਲ ਵਜ਼ੀਫ਼ਾ ਦਿੱਤਾ ਜਾਂਦਾ ਹੈ ਪ੍ਰੰਤੂ ਇਨ੍ਹਾਂ ਲਾਭਪਾਤਰੀਆਂ ਦੀ ਤ੍ਰਾਸਦੀ ਬਣ ਜਾਂਦੀ ਹੈ ਜਦੋਂ ਸਕੂਲਾਂ ਦੇ ਮੁਖੀ ਨਾਦਰਸ਼ਾਹੀ ਰੁੱਖ ਰੱਖਦਿਆਂ ਵਜ਼ੀਫ਼ਾ ਫਾਰਮ ਤਸਦੀਕ ਕਰਨ ਲਈ ਟਾਲ ਮਟੋਲ ਕਰਦੇ ਹਨ ਇਨ੍ਹਾਂ ਨੂੰ ਖੱਜਲ ਖੁਆਰ ਕਰਦੇ ਹਨ ਇਸ ਪਰਸਥਿਤੀ ਚ ਬਹੁਤ ਸਾਰੇ ਕਿਰਤੀ ਮਜ਼ਦੂਰ ਇਹ ਵਜ਼ੀਫਾ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ ਹੁਣ ਕਿਰਤ ਵਿਭਾਗ ਵੱਲੋਂ ਇਹ ਗੰਭੀਰ ਮਾਮਲਾ ਪੰਜਾਬ ਸਿੱਖਿਆ ਬੋਰਡ ਦੇ ਧਿਆਨ ਵਿੱਚ ਲਿਆਂਦਾ ਹੈ ਅਤੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵੈੱਲਫੇਅਰ ਬੋਰਡ ਨੇ ਸਪੱਸ਼ਟ ਕੀਤਾ ਹੈ ਕਿ ਅਗਰ ਅਜਿਹਾ ਵਜ਼ੀਫਾ ਪੰਜਾਬ ਸਰਕਾਰ ਦੇ ਕਿਸੇ ਹੋਰ ਸੰਸਥਾ ਵੱਲੋਂ ਵੀ ਦਿੱਤਾ ਜਾਂਦਾ ਹੈ ਤਾਂ ਵੀ ਉਸਾਰੀ ਕਿਰਤੀ ਦੇ ਬੱਚੇ ਬੋਰਡ ਵੱਲੋਂ ਇਹ ਵਜ਼ੀਫਾ ਲੈਣ ਦੇ ਹੱਕਦਾਰ ਹਨ ਇਸ ਸਮੱਸਿਆ ਦੇ ਹੱਲ ਲਈ ਸਿੱਖਿਆ ਵਿਭਾਗ ਵੱਲੋਂ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਸੀਨੀਅਰ ਅਤੇ ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਮੀਮੋ ਨੰਬਰ 9ḳ7-2015 (ਵਜ਼ੀਫ਼ਾ )5ਮਿਤੀ 5-6-2018 ਦੇ ਪੱਤਰ ਅਨੁਸਾਰ ਸਖ਼ਤ ਹਦਾਇਤ ਕੀਤੀ ਹੈ ਕਿ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਵਜ਼ੀਫ਼ਾ ਫਾਰਮ ਪਹਿਲ ਦੇ ਆਧਾਰ ਤੇ ਤਸਦੀਕ ਕਰਨੇ ਯਕੀਨੀ ਬਣਾਏ ਜਾਣ।

**– ਮਦਨ ਬੰਗੜ**

# ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਭਾਈਚਾਰੇ ਲਈ ਵੱਡਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਹੈ ਕਿ ਸੰਗਤਾਂ ਦੇ ਸਹਿਯੋਗ ਨਾਲ ਸਿਕਲੀਗਰ ਸਿੱਖਾਂ ਦੇ ਬੱਚਿਆਂ ਲਈ ਇੰਦੌਰ ਵਿੱਚ ਉਦਯੋਗਕ ਸਿਖਲਾਈ ਕੇਂਦਰ ਸਥਾਪਤ ਕੀਤਾ ਜਾਇਗਾ। ਸ਼੍ਰੋਮਣੀ ਕਮੇਟੀ ਸਿਕਲੀਗਰ ਸਿੱਖ ਭਾਈਚਾਰੇ ਨੂੰ ਸਿੱਖਾਂ ਦੇ ਰਵਾਇਤੀ ਸ਼ਸਤਰ ਬਣਾਉਣ ਲਈ ਦਸਤਕਾਰੀ ਸਕੂਲ (ਕਾਰਖਾਨਾ) ਲਾਉਣ ਲਈ ਵੀ ਸਹਾਇਤਾ ਦੇਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇੰਦੌਰ ਦੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਬੇਟਮਾਂ ਸਾਹਿਬ ਵਿਖੇ ਬਾਬਾ ਘੋਲਾ ਸਿੰਘ ਸਰਹਾਲੀ ਵਾਲਿਆਂ ਵੱਲੋਂ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਦੀ ਪਹਿਲੀ ਮੰਜ਼ਲ ਦੇ ਲੈਂਟਰ ਦੀ ਕਾਰ ਸੇਵਾ ਸਮੇਂ ਪਹੁੰਚੇ ਹੋਏ ਸਨ।



ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ ਤੇ ਦਿੱਲੀ ਸਿੱਖ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀ.ਕੇ. ਵੀ ਮੌਜੂਦ ਸਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿਕਲੀਗਰ ਸਿੱਖ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਨਾਲ ਜੁੜੇ ਹੋਏ ਹਨ। ਸ਼੍ਰੋਮਣੀ ਕਮੇਟੀ ਇਨ੍ਹਾਂ ਦੀ ਹਰ ਸੰਭਵ ਮੱਦਦ ਲਈ ਵਚਨਬਧ ਹੈ। ਉਨ੍ਹਾਂ ਕਿਹਾ ਕਿ ਸਿਕਲੀਗਰ ਸਿੱਖਾਂ ਨੂੰ ਰਵਾਇਤੀ ਸਿੱਖ ਸ਼ਸਤਰ ਤਿਆਰ ਕਰਨ ਵਿਚ ਮੁਹਾਰਤ ਹਾਸਲ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਂਦੇ ਅੰਮ੍ਰਿਤ ਸੰਚਾਰ ਸਮਾਗਮਾਂ ਲਈ ਸਿਕਲੀਗਰ ਸਿੱਖਾਂ ਪਾਸੋਂ ਕਿਰਪਾਨਾਂ ਤੇ ਕੜੇ ਖਰੀਦੇ ਜਾਇਆ ਕਰਨਗੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਿਕਲੀਗਰ ਸਿੱਖਾਂ ਦੇ ਇੱਕ ਹਜ਼ਾਰ ਬੱਚਿਆਂ ਨੂੰ ਦੁਨਿਆਵੀ ਤੇ ਗੁਰਮਤਿ ਦੀ ਵਿਦਿਆ ਦੇਣ ਦਾ ਵੀ ਭਰੋਸਾ ਦਿੱਤਾ।





ਧੰਨ ਧੰਨ ਸਹੀਦ ਬਾਬਾ ਨਿਹਾਲ ਸਿੰਘ ਜੀ ਪਿੰਡ ਤੱਲ੍ਹਣ ਵਿਖੇ ਸਹੀਦੀ ਜੋੜ ਮੇਲੇ ਚ ਹਲਕਾ ਆਦਮਪੁਰ ਦੇ ਐਮ.ਐਲ.ਏ ਸ੍ਰੀ ਪਵਨ ਕੁਮਾਰ ਟੀਨੂੰ ਜੀ, ਸ੍ਰੀ ਮਨਜੀਤ ਬਾਲੀ ਮੈਂਬਰ ਡਾ.ਅੰਬੇਡਕਰ ਫਾਊਂਡੇਸ਼ਨ (ਭਾਰਤ ਸਰਕਾਰ ) ਸਾਬਕਾ ਐਮ.ਐਲ.ਏ ਸ.ਕਮਲਜੀਤ ਸਿੰਘ ਲਾਲੀ, ਜੋਗੀ ਤੱਲ੍ਹਣ ਪ੍ਰਧਾਨ ਭਾਜਪਾ ਮੰਡਲ ਪਤਾਰਾ ਅਤੇ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਖਿਡਾਰੀਆ ਨੂੰ ਸਨਮਾਨਿਤ ਕਰਦੇ ਹੋਏ।

**ਲਖਨਊ (ਬਿਊਰੋ)** ਬੀਤੀ 17 ਜੂਨ 2018 ਦਿਨ ਐਤਵਾਰ ਨੂੰ ਸਵੇਰੇ 8 ਵਜੇ ਤੋਂ 8 ਵਜੇ ਤੱਕ ਡਾ. ਅੰਬੇਡਕਰ ਸਮਾਰਕ ਗੋਮਤੀ ਨਗਰ ਲਖਨਊ (ਉਤਰ ਪ੍ਰਦੇਸ਼) ਦੇ ਕੋਲ ਹਜ਼ਾਰਾਂ ਦੀ ਗਿਣਤੀ ਵਿਚ ਰਿਜ਼ਰਵੇਸ਼ਨ ਸਮਰਥਕ ਬੁੱਧੀਜੀਵੀ, ਅਨੁਸੂਚਿਤ ਜਾਤੀ, ਜਨਜਾਤੀ ਅਤੇ ਹੋਰ ਪੱਛੜੇ ਵਰਗਾਂ ਦੇ ਲੋਕਾਂ ਨੇ ਪੈਦਲ ਮਾਰਚ ਕੱਢਿਆ, ਜਿਸਦੀ ਅਗਵਾਈ ਰਿਜ਼ਰਵੇਸ਼ਨ ਸਮਰਥਕ ਕਮੇਟੇ ਨੇ ਕੀਤੀ, ਜਿਸ ਵਿਚ ਰਿਜ਼ਰਵੇਸ਼ਨ ਦੇ ਸਮਰਥਨ ਵਿਚ ਅਤੇ ਅਨੁਸੂਚਿਤ ਜਾਤੀ, ਜਨਜਾਤੀ ਦੇ ਲੋਕਾਂ 'ਤੇ ਭਾਰਤ ਵਿਚ ਹੋ ਰਹੇ ਅੱਤਿਆਚਾਰ ਦੇ ਵਿਰੋਧ ਵਿਚ ਵਰਤਮਾਨ ਭਾਰਤ ਸਰਕਾਰ ਅਤੇ ਉਤਰ ਪ੍ਰਦੇਸ਼ ਸਰਕਾਰ ਦੇ ਵਿਰੋਧ ਵਿਚ ਗੁੱਸਾ ਦੇਖਦੇ ਹੀ ਬਣਦਾ ਸੀ।।



# ਪਰਵੀਨ ਕੁਮਾਰ ਬੰਗਾ ਚੁਣੇ ਗਏ ਲਾਇੰਸ ਕਲੱਬ ਫਗਵਾੜਾ ਸਮਾਈਲ ਦੇ ਪ੍ਰਧਾਨ




**ਫਗਵਾੜਾ (ਰੱਤੂ)–** ਲਾਇੰਸ ਕਲੱਬ ਫਗਵਾੜਾ ਸਮਾਈਲ ਡਿਸਟ੍ਰਿਕ 321-ਡੀ ਦੀ ਇਕ ਵਿਸ਼ੇਸ਼ ਮੀਟਿੰਗ ਕਲੱਬ ਦੇ ਨਵੇਂ ਅਹੁਦੇਦਾਰ ਨਿਯੁਕਤ ਕਰਨ ਸੰਬੰਧੀ ਹੋਈ। ਮੀਟਿੰਗ ਦੌਰਾਨ ਲਾਇਨ ਪਰਵੀਨ ਕੁਮਾਰ ਬੰਗਾ ਨੂੰ ਸਰਵਸੰਮਤੀ ਨਾਲ 2018-19 ਲਈ ਕਲੱਬ ਦਾ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਸੁੱਚਾ ਰਾਮ ਨੂੰ ਸੈਕਟਰੀ, ਨਸੀਬ ਚੰਦ ਨੂੰ ਕੈਸ਼ੀਅਰ ਅਤੇ ਬਿਸ਼ਨ ਪਾਲ ਸੰਧੂ ਨੂੰ ਪੀਆਰਓ ਨਿਯੁਕਤ ਕੀਤਾ ਗਿਆ। ਜਿਹਨਾਂ ਨੂੰ ਕਲੱਬ ਦੇ ਹੋਰ ਮੈਂਬਰਾਂ ਵਲੋਂ ਫੁੱਲਾਂ ਦੇ ਹਾਰ ਪਹਿਨਾ ਕੇ ਵਧਾਈ ਦਿੱਤੀ ਗਈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# Seminar in Faridkot: Save Water – Save life
















**Faridkot-** Bhai Ghanaiya Cancer Roko SewaSociety (Regd.), Faridkot (Punjab) organized state seminar on the water pollution problems and solutions in Punjab on June 18, 2018 at Officers Club, Faridkot City. Mr. Kultar Singh Sandwa welcomed the dignitaries and participants from all over Punjab. Sant Balbir Singh Sacheewal presided over the seminar proceedings.

He also laid emphasis on proper policy by the government to look into the whole crisis and its viable solution. Mr Jaspreet Singh, Deputy Director (Youth Services) touched upon small steps being taken to improve upon the health of environment at the grassroots.

Dr. Ronki Ram, Political Analyst (Panjab University Chandigarh), talked about the impact of water pollution on the health, economy and its political implications. He called upon all political parties to stop doing politics on this serious issue concerning all across parties, caste, religion and region; and to find a sustainable solution so that Punjab can be saved from turning into a desert and land of diseases.

Dr. Pyare Lal Garg, former Registrar, told how some business houses have been exploiting the innocent public while making water crisis and pollution their business cliché. Dr J. S. Cheema of Punjab Manch spoke on the wider implications of water pollution and its serious implications for the health and economy of the state. Sant Sacheewal shared his grassroot model of purification of sewerage water being unleashed into sacred rivers of Punjab.

He asked people of the state to be cautious of the political gimmicks played by different political parties and exhorted them to stand up for coming forward to save water and ecology of Punjab. He also stressed on the urgent need of harvesting rainwater and how to do the same. Giani Harpeet Singh, Jathedar of TakhatDamdama Sahib, advised people to come forward in a big way to plant sapling and be wiser in using water and be aware of water purification devises. He said there is no comparison between natural and mechanically purified water. While concluding the seminar, Gurpreet Singh Chandbaja, president of the society thanks the dignitaries and all participants. A resolution was also passed unanimously for tackling the water pollution crisis.

**Prem K. Chumber** Editor-In-Chief
**www.ambedkartimws.com**
**001-916-947-8920**
**https://www.facebook.com/**
**Desh-Doaba-Weekly-Newspaper**

# ਫੁੱਟਬਾਲ ਵਿੱਚ ਵਿਸ਼ਵ ਕੱਪ ਦੇ ਹੁਣ ਤੱਕ ਦੇ ਜੇਤੂ ਕੌਣ-ਕੌਣ ਰਹੇ

ਦੁਨੀਆ ਚ ਸਭ ਤੋਂ ਵੱਧ ਪ੍ਰਸਿੱਧ ਫੁੱਟਬਾਲ ਦੀ ਖੇਡ ਹੈ ਇਸ ਵਿਚ ਵਿਸ਼ਵ ਦੇ ਤਕਰੀਬਨ ਬੱਤੀ ਮੁਲਕ ਭਾਗ ਲੈਂਦੇ ਹਨ ਵਿਸ਼ਵ ਕੱਪ ਟੂਰਨਾਮੈਂਟ ਦੀ ਸ਼ੁਰੂਆਤ 1930 ਵਿੱਚ ਉ-ਰੂਗਵੇ ਦੇਸ਼ ਨੇ ਕੀਤੀ ਸੀ ਇਹ ਵਿਸ਼ਵ ਕੱਪ ਉਰੂਗਵੇ ਦੇਸ਼ ਨੇ ਅਰਜਨਟੀਨਾ ਨੂੰ 4-2 ਨਾਲ ਹਰਾ ਕੇ ਜਿੱਤ ਲਿਆ ਸੀ ਸੰਨ 1934ਵਿੱਚ ਦੂਜਾ ਵਿਸ਼ਵ ਫੁਟਬਾਲ ਕੱਪ ਖੇਡਿਆ ਗਿਆ ਜੋ ਇਟਲੀ ਨੇ ਜੁਗੋਸਲੋਵਾਕੀਆ ਨੂੰ 2-1 ਨਾਲ ਹਰਾ ਕੇ ਜਿਤਿਆ।ਤੀਜਾ ਵਿਸ਼ਵ ਕੱਪ ਫਰਾਂਸ ਵਿੱਚ 1938ਵਿੱਚ ਖੇਡਿਆ ਗਿਆ ਇਸ ਕੱਪ ਨੂੰ ਇਟਲੀ ਨੇ ਹੰਗਰੀ ਨੂੰ 4-2 ਨਾਲ ਹਰਾ ਕੇ ਆਪਣੇ ਨਾਅ ਕੀਤਾ ।ਕੁਝ ਕਾਰਨਾਂ ਕਰਕੇ 1942ਅਤੇ 1946ਵਿੱਚ ਵਿਸ਼ਵ ਫੁੱਟਬਾਲ ਕੱਪ ਨਹੀਂ ਖੇਡੇ ਗਏ ਫਿਰ 1950ਦੇ ਵਿੱਚ ਬਰਾਜ਼ੀਲ ਚ ਵਿਸ਼ਵ ਫੁਟਬਾਲ ਕੱਪ ਖੇਡਿਆ ਗਿਆ ਜਿਸ ਨੂੰ ਉਰੂਗਵੇ ਨੇ ਬਰਾਜ਼ੀਲ ਨੂੰ ਫਾਈਨਲ ਚ 2-1 ਨਾਲ ਹਰਾ ਕੇ ਵਿਸ਼ਵ ਕੱਪ ਤੇ ਕਬਜ਼ਾ ਕੀਤਾ। ਸੰਨ 1954 ਚ ਸਵਿਟਜ਼ਰਲੈਂਡ ਚ ਜਰਮਨ ਨੇ ਹੰਗਰੀ ਨੂੰ 3-2 ਨਾਲ ਹਰਾ ਕੇ ਵਿਸ਼ਵ ਫੁੱਟਬਾਲਕੱਪ ਜਿੱਤਿਆ ਸੰਨ 1958 ਵਿੱਚ ਸਵੀਡਨ ਚ ਖੇਡੇ ਵਿਸ਼ਵ ਕੱਪ ਚ ਬਰਾਜ਼ੀਲ ਨੇ 5-2 ਨਾਲ ਹੰਗਰੀ ਨੂੰ ਹਰਾ ਕੇ ਵਿਸ਼ਵ ਕੱਪ ਜਿੱਤਿਆ ਸੰਨ 1962 ਵਿੱਚ ਚਿੱਲੀ ਚ ਖੇਡੇ ਵਿਸ਼ਵ ਫੁਟਬਾਲ ਕੱਪ ਚ ਬਰਾਜ਼ੀਲ ਨੇ 3-1 ਨਾਲ ਜੁਗੋ ਸਲੋਵਾਕੀਆ ਨੂੰ ਹਰਾ ਕੇ ਵਿਸ਼ਵ ਕੱਪ ਜਿੱਤਿਆ। ਸੰਨ 1966 ਚ ਇੰਗਲੈਂਡ ਚ ਖੇਡੇ ਗਏ ਵਿਸ਼ਵ ਕੱਪ ਦੌਰਾਨ ਇੰਗਲੈਂਡ ਨੇ 4-2 ਨਾਲ ਜਰਮਨੀ ਨੂੰ ਹਰਾ ਕੇ ਕੱਪ ਤੇ ਕਬਜ਼ਾ ਕੀਤਾ ।ਸੰਨ 1970 ਵਿੱਚ ਮੈਕਸੀਕੋ ਵਿਖੇ ਖੇਡੇ ਵਿਸ਼ਵ ਕੱਪ ਚ ਬਰਾਜ਼ੀਲ ਨੇ 4-1ਨਾਲ ਇਟਲੀ ਨੂੰ ਹਰਾ ਕੇ ਵਿਸ਼ਵ ਕੱਪ ਫੁੱਟਬਾਲ ਜਿੱਤਿਆ । ਸੰਨ 1974ਵਿੱਚ ਜਰਮਨੀ ਚ ਖੇਡੇ ਵਿਸ਼ਵ ਫੁਟਬਾਲ ਕੱਪ ਜਰਮਨੀ ਨੇ 2-1ਨਾਲ ਹਾਲੈਂਡ ਨੂੰ ਹਰਾ ਕੇ ਕੱਪ ਤੇ ਕਬਜ਼ਾ ਕੀਤਾ ।ਸੰਨ 1978ਵਿੱਚ ਅਰਜਨਟੀਨਾ ਵਿੱਚ ਖੇਡੇ ਵਿਸ਼ਵ ਕੱਪ ਚ ਅਰਜਨਟੀਨਾ ਨੇ 3-1 ਨਾਲ ਹਾਲੈਂਡ ਨੂੰ ਹਰਾ ਕੇ ਵਿਸ਼ਵ ਕੱਪ ਆਪਣੇ ਨਾਂ ਕੀਤਾ । 1982 ਚ ਸਪੇਨ ਚ ਖੇਡੇ ਗਏ ਵਿਸ਼ਵ ਫੁਟਬਾਲ ਕੱਪ ਵਿੱਚ ਇਟਲੀ ਨੇ 3-1 ਨਾਲ ਜਰਮਨੀ ਨੂੰ ਹਰਾ ਕੇ ਕੱਪ ਆਪਣੇ ਨਾਂ ਕੀਤਾ । ਸੰਨ 1986 ਚ ਖੇਡੇ ਮੈਕਸੀਕੋ ਵਿਖੇ ਵਿਸ਼ਵ ਕੱਪ ਚ ਅਰਜਨਟੀਨਾ ਨੇ 3-2ਨਾਲ ਜਰਮਨੀ ਨੂੰ ਹਰਾ ਕੇ ਵਿਸ਼ਵ ਕੱਪ ਜਿੱਤਿਆ 1990 ਵਿੱਚ ਇਟਲੀ ਚ ਖੇਡੇ ਵਿਸ਼ਵ ਕੱਪ ਚ ਜਰਮਨੀ ਨੇ 1-0 ਨਾਲ ਅਰਜਨਟੀਨਾ ਨੂੰ ਹਰਾ ਕੇ ਵਿਸ਼ਵ ਕੱਪ ਜਿੱਤਿਆ 1994 ਚ ਯੂ¢ ਐੱਸ¢ ਚ ਖੇਡੇ ਵਿਸ਼ਵ ਕੱਪ ਚ ਬਰਾਜ਼ੀਲ ਨੇ 3-2 ਨਾਲ ਇਟਲੀ ਨੂੰ ਹਰਾ ਕੇ ਵਿਸ਼ਵ ਫੁੱਟਬਾਲ ਕੱਪ ਆਪਣੇ ਨਾਂ ਕੀਤਾ 1998 ਵਿੱਚ ਫਰਾਂਸ ਵਿੱਚ ਖੇਡੇ ਵਿਸ਼ਵ ਕੱਪ ਚ ਫਰਾਂਸ ਨੇ 3-0 ਨਾਲ ਬ੍ਰਾਜ਼ੀਲ ਨੂੰ ਹਰਾ ਕੇ ਵਿਸ਼ਵ ਕੱਪ ਜਿੱਤਿਆ ਸੰਨ 2002 ਵਿੱਚ ਦੋ ਮੁਲਕਾਂ ਨੇ ਸਾਂਝੇ ਰੂਪ ਵਿੱਚ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਜਾਪਾਨ ਅਤੇ ਸਾਊਥ ਕੋਰੀਆ ਵਿੱਚ ਖੇਡੇ ਵਿਸ਼ਵ ਕੱਪ ਵਿੱਚ ਬਰਾਜ਼ੀਲ ਨੇ 2-0 ਨਾਲ ਜਰਮਨੀ ਨੂੰ ਹਰਾ ਕੇ ਕੱਪ ਆਪਣੇ ਨਾਂ ਕੀਤਾ 2006 ਵਿੱਚ ਜਰਮਨੀ ਚ ਖੇਡੇ ਵਿਸ਼ਵ ਕੱਪ ਫੁਟਬਾਲ ਵਿੱਚ ਇਟਲੀ ਤੇ ਫਰਾਂਸ ਦੇ ਇੱਕ ਇੱਕ ਨਾਲ ਬਰਾਬਰ ਰਹਿਣ ਤੋਂ ਬਾਅਦ ਪਲੈਂਟੀਆਂ ਚ 5-3 ਨਾਲ ਹਰਾ ਕੇ ਇਟਲੀ ਨੇ ਕੱਪ ਆਪਣੇ ਨਾਂ ਕੀਤਾ 2010ਚ ਸਾਊਥ ਅਫਰੀਕਾ ਚ ਖੇਡੇ ਗਏ ਵਿਸ਼ਵ ਫੁਟਬਾਲ ਵਿੱਚ ਸਪੇਨ ਨੇ 1-0 ਨਾਲ ਨੀਦਰਲੈਂਡ ਨੂੰ ਹਰਾ ਕੇ ਕੱਪ ਜਿੱਤਿਆ 2014 ਵਿੱਚ ਬਰਾਜ਼ੀਲ ਚ ਹੋਏ ਵਿਸ਼ਵ ਕੱਪ ਵਿੱਚ ਜਰਮਨੀ ਨੇ 1-0 ਨਾਲ ਅਰਜਨਟੀਨਾ ਨੂੰ ਹਰਾ ਕੇ ਵਿਸ਼ਵ ਕੱਪ ਆਪਣੇ ਨਾਂ ਕੀਤਾ ਮੌਜੂਦਾ ਸਮੇਂ 2018 ਦਾ ਵਿਸ਼ਵ ਫੁੱਟਬਾਲ ਕੱਪ ਇਸ ਵੇਲੇ ਰੂਸ ਵਿੱਚ ਖੇਡਿਆ ਜਾ ਰਿਹਾ ਹੈ ਅਤੇ 2022 ਦਾ ਵਿਸ਼ਵ ਫੁੱਟਬਾਲ ਕੱਪ ਕਤਰ ਵਿੱਚ ਖੇਡਿਆ ਜਾਵੇਗਾ।

**– ਮਦਨ ਬੰਗੜ (91-95015-75511)**


ਬੇਟੀ ਜੈਸਮੀਨ ਆਪਣੇ ਮਾਤਾ-ਪਿਤਾ ਅਤੇ ਅਧਿਆਪਕ ਨਾਲ


ਬੇਟੀ ਜੈਸਮੀਨ ਆਪਣੀ ਮਾਤਾ ਨਾਲ


ਜੈਸਮੀਨ ਆਪਣੇ ਦਾਦੀ ਜੀ, ਮਾਤਾ-ਪਿਤਾ, ਭੂਆ ਅਤੇ ਚਾਚਾ ਜੀ ਨਾਲ

"ਅਦਾਰਾ "ਦੇਸ਼ ਦੁਆਬਾ" ਵਲੋਂ, ਸਵਰਗੀ ਕਮਿਸਨਰ ਸ੍ਰੀ ਲਾਹੌਰੀ ਰਾਮ ਜੀ ਦੇ ਸਮੂਹ ਪਰਿਵਾਰ ਨੂੰ ਉਹਨਾਂ ਦੀ ਪੋਤੀ ਜੈਸਮੀਨ ਸਪੁੱਤਰੀ ਸ੍ਰੀਮਤੀ ਅਤੇ ਸ੍ਰੀ ਜਗਦੇਵ ਰਾਮ ਦੇ 5ਵਾਂ ਗਰੇਡ ਗ੍ਰੈਜੂਏਸ਼ ਨ ਹੋਣ ਤੇ ਲੱਖ ਲੱਖ ਵਧਾਈਆਂ। ਪ੍ਰਮਾਤਮਾ ਬੇਟੀ ਜਸਮੀਨ ਨੂੰ ਹੋਰ ਤੇ ਹੋਰ ਉਚੇਰੀ ਵਿੱਦਿਆ ਬਖਸ਼ੇ ਕੇ ਦੇਸ਼ ਕੌਮ ਦਾ ਨਾਂ ਰੋਸ਼ਨ ਕਰਨ ਦੀ ਬੁੱਧੀ ਬਖਸ਼ੇ! **- ਅਦਾਰਾ ਦੇਸ਼ ਦੁਆਬਾ**


ਡਾਕਟਰ ਹਰਮਨਜੀਤ ਸਿੰਘ ਰੰਧਾਵਾ
ਆਪਣੇ ਮਾਤਾ-ਪਿਤਾ ਨਾਲ

"ਅਦਾਰਾ "ਦੇਸ਼ ਦੁਆਬਾ" ਵਲੋਂ, ਸਰਦਾਰਨੀ ਅਤੇ ਸਰਦਾਰ ਇੰਦਰਜੀਤ ਸਿੰਘ ਰੰਧਾਵਾ (ਮੁੱਖ ਸੰਪਾਦਕ 'ਖੁਸਬੂ ਪੰਜਾਬ ਦੀ) ਅਤੇ ਸਮੂਹ ਪਰਿਵਾਰ ਨੂੰ ਬੇਟੇ ਹਰਮਨਜੀਤ ਸਿੰਘ ਰੰਧਾਵਾ ਨੂੰ ਡਾਕਟਰ (ਐਮ ਡੀ) ਦੀ ਡਿਗਰੀ ਮਿਲਣ ਤੇ ਲੱਖ ਲੱਖ ਵਧਾਈਆਂ, ਵਾਹਿਗੂਰੂ ਡਾਕਟਰ ਰੰਧਾਵਾ ਨੂੰ ਹੋਰ ਤੇ ਹੋਰ ਉਚੇਰੀ ਵਿੱਦਿਆ ਬਖਸ਼ੇ ਤੇ ਦੇਸ਼ ਕੌਮ ਦਾ ਨਾਂ ਰੋਸ਼ਨ ਕਰਨ ਦੀ ਤਾਕਤ ਬਖਸ਼ੇ!

**-ਅਦਾਰਾ ਦੇਸ਼ ਦੁਆਬਾ**


ਡਾਕਟਰ ਰੰਧਾਵਾ




"ਅਦਾਰਾ "ਦੇਸ਼ ਦੁਆਬਾ" ਵਲੋਂ , ਇੰਦਰਜੀਤ ਸਿੰਘ ਗਰੇਵਾਲ ਥਰੀਕੇ (ਸੈਕਰਾਮੈਂਟੋ) ਅਤੇ ਸਾਰੇ ਪਰਿਵਾਰ ਨੂੰ ਬੇਟੀ ਨਵਨੀਤ ਕੌਰ ਗਰੇਵਾਲ ਦੇ ਯੂਨੀਵਰਸਿਟੀ ਔਫ ਕੈਲੇਫੋਰਨੀਆ, ਸੈਂਟਾ ਕਰੂਜ਼ ਤੋਂ ਮੇਜਰ ਇਨ ਫਿਲਾਸਫੀ ਦੀ ਡਿਗਰੀ ਨਾਲ ਗਰੈਜੂਏਸ਼ਨ ਹੋਣ ਤੇ ਲੱਖ ਲੱਖ ਵਧਾਈਆਂ ਦਿੱਤੀਆਂ ਜਾਂਦੀਆਂ ਹਨ, ਵਾਹਿਗੂਰੂ ਬੇਟੀ ਨੂੰ ਹੋਰ ਤੇ ਹੋਰ ਉਚੇਰੀ ਵਿੱਦਿਆ ਬਖਸ਼ੇ ਤੇ ਦੇਸ਼ ਕੌਮ ਦਾ ਨਾਂ ਰੋਸ਼ਨ ਕਰਨ ਦੀ ਦਾਤ ਬਖਸ਼ੇ! ਸਾਰੇ ਭਾਈਚਾਰੇ ਨੂੰ ਬੱਚਿਆਂ ਦੀਆਂ ਵਿੱਦਿਅਕ ਖੇਤਰ ਵਿਚ ਮਾਰੀਆਂ ਮੱਲਾਂ ਤੇ ਵਧਾਈਆਂ ਤੇ ਭਵਿੱਖ ਲਈ ਸ਼ੁੱਭ ਕਾਮਨਾਵਾਂ!

**- ਅਦਾਰਾ ਦੇਸ਼ ਦੁਆਬਾ**




Mrs & Mr. Darshan Singh Grewal with their son


"ਅਦਾਰਾ "ਦੇਸ਼ ਦੁਆਬਾ" ਵਲੋਂ, ਦਰਸ਼ਨ ਸਿੰਘ ਗਰੇਵਾਲ ਅਤੇ ਸਮੂਹ ਗਰੇਵਾਲ ਪਰਿਵਾਰ ਨੂੰ ਓਹਨਾਂ ਦੇ ਬੇਟੇ ਸਿਰਤਾਜ ਗਰੇਵਾਲ ਦੇ ਗਰੈਜੂਏਟ ਹੋਣ ਤੇ ਲੱਖ ਲੱਖ ਵਧਾਈਆਂ। ਇਥੇ ਇਹ ਵਰਣਨਯੋਗ ਹੈ ਕਿ ਸਰਦਾਰ ਦਰਸ਼ਨ ਸਿੰਘ ਗਰੇਵਾਲ ਅਤੇ ਪੈਮ ਗਰੇਵਾਲ ਦੇ ਚਾਰਾਂ ਬੱਚਿਆਂ ਵਿਚੋਂ ਸਭ ਤੋਂ ਪਹਿਲਾਂ ਮਾਅਰਕਾ ਉਨ੍ਹਾਂ ਦੀ ਧੀ ਰੂਪੀ ਨੇ 2011 ਵਿਚ ਮਾਰਿਆ। ਇਸ ਤੋਂ ਬਾਅਦ ਦੂਜੀ ਧੀ ਰਾਜ ਨੇ 2014 ਵਿਚ, ਪੁੱਤਰ ਗੁਰਤੇਜ ਨੇ 2017 ਵਿਚ ਅਤੇ ਹੁਣ ਇਸ ਸਾਲ 2018 'ਚ ਸਿਰਤਾਜ ਨੇ ਅਵੱਲ ਰਹਿ ਕੇ ਗਰੇਵਾਲ ਪਰਿਵਾਰ ਅਤੇ ਸਿੱਖ ਸਮਾਜ ਦਾ ਨਾਂ ਉਚਾ ਕੀਤਾ। ਵਾਹਿਗੁਰੂ ਬੇਟੇ ਨੂੰ ਹੋਰ ਤੇ ਹੋਰ ਉਚੇਰੀ ਵਿੱਦਿਆ ਬਖਸ਼ੇ ਤੇ ਦੇਸ਼ ਕੌਮ ਦਾ ਨਾਂ ਰੋਸ਼ਨ ਕਰਨ ਦੀ ਬੁੱਧੀ ਬਖਸ਼ੇ!

- ਅਦਾਰਾ ਦੇਸ਼ ਦੁਆਬਾ

ਹਰਿ ਜੈ ਭੀਮ ੧ਓ ਜੈ ਭਾਰਤ ਸੋਹੰ

# ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਅਤੇ ਰਵਿਦਾਸੀਆ ਫੇਸਬੁੱਕ ਕਮਿਉਨਿਟੀ ਇਨ ਦਾ ਵਰਲਡ ਵਲੋਂ

ਰਵਿਦਾਸੀਆ ਕੌਮ ਦੇ ਸ਼ਹੀਦਾਂ ਦੀ ਯਾਦ 'ਚ

# ਸ਼ਹੀਦੀ ਸਮਾਗਮ

## ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ

61-01, Broadway, Woodside, New York- 11377 ਵਿਖੇ

**24 ਜੂਨ 2018 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ**



ਸ੍ਰੀ 108 ਸੰਤ ਰਾਮਾਨੰਦ ਜੀ
ਡੇਰਾ ਸੰਤ ਸਰਵਨ ਦਾਸ ਜੀ
ਸੱਚਖੰਡ ਬੱਲਾਂ, ਜ਼ਿਲ੍ਹਾ ਜਲੰਧਰ





ਸ਼ਹੀਦ ਸ੍ਰੀ ਵਿਜੇ ਕੁਮਾਰ ਜੀ | ਸ਼ਹੀਦ ਸ੍ਰੀ ਰਜਿੰਦਰ ਕੁਮਾਰ ਜੀ | ਸ਼ਹੀਦ ਸ੍ਰੀ ਬਲਕਾਰ ਸਿੰਘ ਜੀ | ਸ਼ਹੀਦ ਸ੍ਰੀ ਤੇਲੂ ਰਾਮ ਜੀ | ਸ਼ਹੀਦ ਸ੍ਰੀ ਯਸ਼ਵੰਤ ਬੌਬੀ ਜੀ

## ਪ੍ਰੋਗਰਾਮ

ਆਰੰਭ ਸ੍ਰੀ ਆਖੰਡ ਪਾਠ ਸਾਹਿਬ- 22 ਜੂਨ 2018 ਦਿਨ ਸ਼ੁੱਕਰਵਾਰ
ਭੋਗ ਸ੍ਰੀ ਆਖੰਡ ਪਾਠ ਸਾਹਿਬ- 24 ਜੂਨ 2018 ਦਿਨ ਐਤਵਾਰ

ਪੰਥ ਪ੍ਰਸਿੱਧ ਕੀਰਤਨੀ ਜਥੇ
ਸੰਗਤਾਂ ਨੂੰ ਗੁਰਬਾਣੀ
ਗਿਆਨ ਨਾਲ ਨਿਹਾਲ ਕਰਨਗੇ

ਉੱਚ ਕੋਟੀ ਦੇ ਬੁਲਾਰੇ
ਸਮੂਹ ਸ਼ਹੀਦਾਂ ਦੇ ਜੀਵਨ ਅਤੇ
ਸੰਘਰਸ਼ ਬਾਰੇ ਚਾਨਣਾ ਪਾਉਣਗੇ।

## ਵਧੇਰੇ ਜਾਣਕਾਰੀ ਲਈ ਸੰਪਰਕ

ਸੂਬੇਦਾਰ ਖੁਸ਼ੀਆ ਸਿੰਘ ਜਨਰਲ ਸਕੱਤਰ (347-447-8624)
ਪਰਮਜੀਤ ਕਮਾਮ ਪ੍ਰਧਾਨ (646 331-1206)
(ਬੇਗਮਪੁਰਾ ਕਲਚਰਲ ਸੁਸਾਇਟੀ ਨਿਊਯਾਰਕ)
ਸੁਖਵਿੰਦਰ ਸਿੰਘ ਵਿਰਦੀ (929-310-5044)
(ਮੈਂਬਰ ਰਵਿਦਾਸੀਆ ਫੇਸਬੁੱਕ ਕਮਿਉਨਿਟੀ ਇਨ ਦਾ ਵਰਲਡ)

SHRI GURU RAVIDASS TEMPLE
OF NEW YORK

61-01 Broadway
Woodside, New York 11377
Phone+1 929-462-0108




ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੈਲਮਾ (ਕੈਲੇਫੋਰਨੀਆ) ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸ਼ਹੀਦੀ ਪੁਰਬ 22, 23 ਅਤੇ 24 ਜੂਨ 2018 ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਬਹੁਤ ਉਤਸ਼ਾਹ ਤੇ ਸ਼ਰਧਾ ਨਾਲ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਸੈਲਮਾ ਵਿਖੇ ਮਨਾਇਆ ਜਾ ਰਿਹਾ ਹੈ। ਦਿਨ ਸ਼ੁੱਕਰਵਾਰ 22 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਦਿਨ ਐਤਵਾਰ 24 ਜੂਨ ਸਵੇਰੇ 10 ਵਜੇ ਭੋਗ ਪਾਏ ਜਾਣਗੇ। ਭੋਗ ਪਾਏ ਜਾਣ ਉਪਰੰਤ ਰਾਗੀ, ਢਾਡੀ ਤੇ ਕਥਾਵਾਚਕ ਆਪਣੇ ਸੰਗੀਤ ਅਤੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਹੀ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਤਿੰਨੇ ਹੀ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।




**ਹੋਰ ਜਾਣਕਾਰੀ ਲਈ ਦੇਵ ਰਾਜ ਸਿੰਘ (559-916-6202) ਜਾਂ ਸੁਲੱਖਣ ਸਿੰਘ (550-285-1288) ਤੇ ਸੰਪਰਕ ਕੀਤਾ ਜਾ ਸਕਦਾ ਹੈ ਜੀ**

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

## ਸ੍ਰੀ ਗੁਰੂ ਰਵਿਦਾਸ ਟੈਂਪਲ

ਫੋਨ: 559-891-8286

**2650 Blaine Avenue Selma (CA) 93662**

# SUNSHINE AUTO CARE INC.
DBA
# PHILLIPS AUTO CARE

## Auto Services:
- Oil Change Services
- Fectory Scheduled Maintenance
- Transmission Repair / Replacement
- 4WD Repairs Clutch Replacement
- Power Door Lock & Windows Repairs
- Electrical / Battery Service & Repair
- Engine Diagnostic Service
- Air Conditioning Service & Repair
- Cooling System Service & Repair
- Major Engine Repair
- Brake Repairs
- And Much More...

## Trucks & Trailers Services:
- DPF Filter Cleaning
- Clutch
- Computer Check
- Transmission
- Differential
- New / Use Tires
- Inspections
- Oil changes
- Van/Reefer Work
- Wheel Balancing
- Truck & Trailer Repair
- All Major & Minor Repairs
- We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA MasterCard AMERICAN EXPRESS DISCOVER

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)

Address: 1003 Moffat Blvd, Manteca CA 95336

# ਰਾਜਨੀਤੀ ਵਿੱਚ ਵਿਰੋਧ ਤਾਂ ਹੋਵੇ, ਪਰ ਦੁਸ਼ਮਣੀ ਨਹੀਂ

ਰਾਜਨੀਤੀ ਸੇਵਾ ਦਾ ਰਾਹ ਹੈ, ਜਿਸ 'ਤੇ ਚੱਲਦਿਆਂ ਸਵਾਰਥ ਅਤੇ ਫਲ ਬਾਰੇ ਸੋਚਿਆ ਤੱਕ ਨਹੀਂ ਜਾਣਾ ਚਾਹੀਦਾ। ਸੇਵਾ ਤਾਂ ਉਹ ਜਜ਼ਬਾ ਹੈ, ਜਿਸ ਦੇ ਪੂਰਾ ਕੀਤਿਆਂ ਆਨੰਦ ਵੀ ਮਿਲਦਾ ਹੈ ਅਸੀਸ ਵੀ। ਆਨੰਦ ਇਸ ਲਈ ਕਿ ਜੋ ਮਿੱਥਿਆ ਸੀ, ਪੂਰਾ ਹੋਣ ਲੱਗ ਪਿਆ ਅਤੇ ਅਸੀਸ ਉਨ੍ਹਾਂ ਲੋਕਾਂ ਦੀ, ਜਿਨ੍ਹਾਂ ਦੇ ਕੰਮ ਵੀ ਹੋਣ ਲੱਗ ਪਏ, ਜਿਨ੍ਹਾਂ ਨੂੰ ਸਹੂਲਤਾਂ ਵੀ ਮਿਲਣ ਲੱਗ ਪਈਆਂ। ਰਾਜਨੀਤੀ ਲੋਕਾਂ ਲਈ ਹੋਵੇ ਤਾਂ ਬਿਹਤਰ ਅਤੇ ਕੇਵਲ ਆਪਣੇ ਆਪ ਲਈ ਹੋਵੇ ਤਾਂ ਬਦੀ ਵੀ ਅਤੇ ਬਦਤਰ ਵੀ। ਸੇਵਾ ਭਾਵਨਾ ਵਾਲੇ ਰਾਜਨੀਤੀ ਵਿੱਚ ਆ ਕੇ ਅਜਿਹਾ ਮਾਹੌਲ ਸਿਰਜ ਦਿੰਦੇ ਹਨ ਕਿ ਭਾਈਚਾਰਕ ਸਾਂਝਾਂ ਪਕੇਰੀਆਂ ਹੁੰਦੀਆਂ ਹਨ ਅਤੇ ਲੋਕਾਂ ਦੀ ਸ਼ਮੂਲੀਅਤ ਵੀ ਆਪਣੇ ਆਪ ਹੀ ਹੋ ਜਾਂਦੀ ਹੈ, ਜਿਸ ਵਾਸਤੇ ਜ਼ੋਰ ਨਹੀਂ ਲਾਉਣਾ ਪੈਂਦਾ। ਆਪਣੇ ਅਤੇ ਸਮਾਜ ਦੇ ਭਲੇ ਲਈ ਹੁੰਦੇ ਕੰਮ ਵੇਖ ਕੇ ਉਨ੍ਹਾਂ ਵਿੱਚ ਆਪਣਾ ਯੋਗਦਾਨ ਪਾਉਣਾ ਨਹੀਂ ਭੁੱਲਦੇ। ਇਹ ਸਾਫ਼-ਸੁਥਰੀ ਰਾਜਨੀਤੀ ਦੀਆਂ ਗੱਲਾਂ ਹਨ, ਗੰਧਲੀ ਅਤੇ ਸਵਾਰਥੀ ਅਤੇ ਬੇਈਮਾਨੀ ਭਰੀ ਰਾਜਨੀਤੀ ਦੀਆਂ ਨਹੀਂ।

ਕਿਸੇ ਵੀ ਥਾਂ (ਹਲਕੇ) 'ਤੇ ਦੋ-ਤਿੰਨ ਨੇਤਾਵਾਂ ਵਿੱਚ ਮੁਕਾਬਲਾ ਹੁੰਦਾ ਹੈ, ਜਿਸ ਕਾਰਨ ਲੋਕਾਂ ਵਿੱਚ ਧੜੇਬੰਦੀ ਹੋ ਜਾਣ ਕਾਰਨ ਉਨ੍ਹਾਂ ਵਿੱਚ ਸਹਿਜ ਨਹੀਂ ਰਹਿੰਦਾ। ਨੇਤਾਵਾਂ ਵਿੱਚ ਆਪੋ-ਆਪਣੀ ਜਿੱਤ ਲਈ ਜ਼ੋਰ- ਅਜ਼ਮਾਈ ਹੁੰਦੀ ਹੈ, ਜਿਸ ਕਾਰਨ ਉਹ ਆਪਸ ਵਿੱਚ ਵਿਰੋਧ ਤੋਂ ਦੂਰ ਨਹੀਂ ਰਹਿੰਦੇ। ਅਜਿਹੀ ਸਥਿਤੀ ਵਿੱਚ ਵਿਰੋਧ ਤਾਂ ਹੋਣਾ ਹੀ ਹੋਇਆ ਅਤੇ ਹੋਣਾ ਵੀ ਚਾਹੀਦਾ ਹੈ, ਤਾਂ ਕਿ ਇੱਕ ਦੂਜੇ ਨੂੰ ਪਛਾੜਿਆ ਜਾ ਸਕੇ। ਇਹ ਵਿਰੋਧ ਰਾਜਨੀਤਕ ਹੀ ਰਹਿਣਾ ਚਾਹੀਦਾ ਹੈ ਕਿ ਲੋਕਾਂ ਨੂੰ ਆਪਣੇ ਵੱਲ ਪ੍ਰੇਰਿਆ ਜਾ ਸਕੇ। ਇਹ ਵਿਰੋਧ ਮੁੱਦਿਆਂ ਅਤੇ ਮਸਲਿਆਂ ਬਾਰੇ ਹੋਣਾ ਚਾਹੀਦਾ ਹੈ, ਤਾਂ ਕਿ ਲੋਕ ਵਿਰੋਧ ਦੇ ਅਰਥ ਸਮਝ ਕੇ ਆਪਣੇ ਹਿੱਤ ਦੇ ਨੇਤਾ ਦੀ ਚੋਣ ਕਰ ਸਕਣ। ਜਿਸ ਇੱਕ ਨੇ ਵਿਰੋਧ ਦੀ ਧਾਰਾ ਨੂੰ ਨਿਰਮਲਤਾ ਨਾਲ ਸਮਝਾਇਆ, ਉਹ ਹੁੰਦੀ-ਹੁੰਦੀ ਹਾਰ ਉੱਤੇ ਵੀ ਜਿੱਤ ਪ੍ਰਾਪਤ ਕਰ ਲਵੇਗਾ।

ਜਿਹੜਾ ਨੇਤਾ ਵਿਰੋਧ ਦੀ ਉਚਾਈ ਕਾਇਮ ਨਹੀਂ ਰੱਖ ਸਕਦਾ ਅਤੇ ਆਪਣੇ ਮੁਕਾਬਲੇ 'ਤੇ ਖੜ੍ਹਿਆਂ ਨਾਲ ਵਿਰੋਧ ਦੇ ਅਰਥ ਲੋਕਾਂ ਨੂੰ ਨਹੀਂ ਸਮਝਾ ਸਕਦਾ, ਉਹ ਕਦੇ ਜਿੱਤ ਨਹੀਂ ਸਕਦਾ। ਲੋਕਾਂ ਦੇ ਮਸਲਿਆਂ ਦੇ ਹੱਕ ਵਿੱਚ ਤੁਰਨ ਵਾਲਾ ਕਦੇ ਮਾਰ ਨਹੀਂ ਖਾਂਦਾ। ਜਿਹੜਾ ਨਾਲ ਦੇ ਨੇਤਾਵਾਂ ਦੇ ਵਿਰੋਧ ਖ਼ਾਤਰ ਲੋਕ ਹਿੱਤ ਦੇ ਮਸਲਿਆਂ ਦਾ ਹੀ ਵਿਰੋਧ ਕਰਨ ਲੱਗ ਪਵੇ, ਉਹ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ। ਜ਼ਰੂਰੀ ਹੈ ਕਿ ਵਿਰੋਧ ਨੂੰ ਪੂਰੀ ਤਰ੍ਹਾਂ ਸਮਝ ਕੇ ਹੀ ਇਸ ਦੀ ਵਰਤੋਂ ਕੀਤੀ ਜਾਵੇ। ਮੁਕਾਬਲੇ 'ਤੇ ਖੜ੍ਹੇ ਨੇਤਾਵਾਂ ਦਾ ਵਿਰੋਧ ਕਰਨਾ ਆਮ ਗੱਲ ਹੈ ਅਤੇ ਇਸ ਨੂੰ ਰਾਜਨੀਤਕ ਪੱਧਰ 'ਤੇ ਬੁਰਾ ਵੀ ਨਹੀਂ ਮੰਨਿਆ ਜਾ ਸਕਦਾ। ਜੇਕਰ ਆਪਣੇ ਵਿਰੋਧ ਨੂੰ ਤਕੜਾ ਕਰਨ ਲਈ ਦਲੀਲਾਂ ਨਾਲ ਭਰਪੂਰ ਸੁਸ਼ੀਲ ਅਤੇ ਸਲੀਕੇ ਵਾਲੀ ਭਾਸ਼ਾ ਵਰਤੀ ਜਾਵੇ ਤਾਂ ਲੋਕਾਂ 'ਤੇ ਹਾਂ-ਪੱਖੀ ਅਤੇ ਮੋਹ-ਭਰਿਆ ਅਸਰ ਹੋ ਕੇ ਹੀ ਰਹੇਗਾ।

ਹੁਣ ਗੱਲ ਆਈ ਹੈ ਕਿ ਵਿਰੋਧ ਤਾਂ ਹੋਵੇ, ਪਰ ਵੈਰ ਕਿਸੇ ਤਰ੍ਹਾਂ ਵੀ ਨਾ ਹੋਵੇ। ਰਾਜਨੀਤੀ ਦੇ ਖੇਤਰ ਵਿੱਚ ਜਦੋਂ ਰਾਜਨੀਤਕ ਵਿਰੋਧ ਆਪਸੀ ਵੈਰ ਵਿੱਚ ਬਦਲ ਜਾਂਦਾ ਹੈ ਤਾਂ ਹਾਲਾਤ ਵਿਗੜੇ ਬਗ਼ੈਰ ਨਹੀਂ ਰਹਿੰਦੇ। ਇਸ ਵੈਰ ਦਾ ਅਸਰ ਨੇਤਾਵਾਂ ਤੋਂ ਅਗਾਂਹ ਉਨ੍ਹਾਂ ਦੇ ਪੈਰੋਕਾਰਾਂ, ਕਾਰਕੁਨਾਂ ਅਤੇ ਆਮ ਲੋਕਾਂ ਤੱਕ ਵੀ ਪਹੁੰਚ ਜਾਂਦਾ ਹੈ, ਜਿਸ ਨੂੰ ਰੋਕਣਾ ਫਿਰ ਆਸਾਨ ਨਹੀਂ ਹੁੰਦਾ।

ਵਿਰੋਧ ਦੀ ਸਰਹੱਦ 'ਤੇ ਖੜ੍ਹਿਆਂ ਵੈਰ ਦੇ ਤਿੱਖੇ ਤੀਰ ਸਰਹੱਦ ਦੇ ਆਰ-ਪਾਰ ਛੱਡਣੇ ਰਾਜਨੀਤੀ ਦੇ ਉੱਚੇ ਝੰਡਿਆਂ ਨੂੰ ਚੁਣੌਤੀ ਦੇਣਾ ਵੀ ਹੁੰਦਾ ਹੈ ਅਤੇ ਡੇਗਣਾ ਵੀ। ਇੱਥੋਂ ਹੀ ਸ਼ੁਰੂ ਹੋ ਜਾਂਦੀਆਂ ਹਨ ਮਾਰ-ਧਾੜ, ਝਗੜੇ-ਝੇੜਿਆਂ ਦੀਆਂ ਗੱਲਾਂ, ਜਿਹੜੀਆਂ ਨੇਤਾਵਾਂ, ਪੈਰੋਕਾਰਾਂ, ਕਾਰਕੁਨਾਂ ਦਾ ਹੀ ਨਹੀਂ, ਸਗੋਂ ਸਾਰੇ ਸਮਾਜ ਦਾ ਤਾਣਾ-ਬਾਣਾ ਕਾਇਮ ਨਹੀਂ ਰਹਿਣ ਦਿੰਦੀਆਂ। ਨੇਤਾ ਵਿਰੋਧ ਤੇ ਵੈਰ ਦਾ ਫ਼ਰਕ ਜ਼ਰੂਰ ਸਮਝਣ।

ਜਿਹੜਾ ਰਾਹ ਹੀ ਸੇਵਾ ਦਾ ਹੋਵੇ, ਉਸ 'ਤੇ ਤੁਰਦਿਆਂ ਤਾਂ ਹਮੇਸ਼ਾ ਸੇਵਾਦਾਰ ਬਣੇ ਰਹਿਣਾ ਪਵੇਗਾ। ਰਾਜਨੀਤੀ ਵਿੱਚ ਮਿਸ਼ਨਰੀ ਬਣ ਕੇ ਲੋਕ ਸੇਵਾ ਕੀਤੀ ਜਾਵੇ ਤਾਂ ਜਿਹੜਾ ਰੁਤਬਾ ਨੇਤਾ ਨੂੰ ਲੋਕ-ਦਿਲਾਂ ਵਿੱਚ ਮਿਲਦਾ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਲੋਕਾਂ ਦੇ ਦੁੱਖਾਂ-ਮੁਸੀਬਤਾਂ ਲਈ ਦਵਾ-ਦਾਰੂ ਭਾਲਦਾ ਹੈ ਅਤੇ ਨਿਜਾਤ ਦੁਆਉਣ ਤੋਂ ਗੁਰੇਜ਼ ਨਹੀਂ ਕਰਦਾ। ਅਜਿਹਾ ਨੇਤਾ ਵਿਰੋਧ ਦੀਆਂ ਗੱਲਾਂ ਨਹੀਂ, ਆਪਣੇ ਏਜੰਡੇ ਦੇ ਨੁਕਤਿਆਂ ਨੂੰ ਹੀ ਲੋਕਾਂ ਅੱਗੇ ਰੱਖਦਾ ਹੈ, ਤਾਂ ਕਿ ਲੋਕ ਆਪ ਹੀ ਨਿਰਣਾ ਕਰ ਸਕਣ।

ਅੱਜ ਦੀ ਰਾਜਨੀਤੀ ਵਿਰੋਧਾਂ ਤੋਂ ਅੱਗੇ ਲੰਘ ਕੇ ਵੈਰ ਦੀਆਂ ਬਰੂਹਾਂ ਮੱਲੀ ਬੈਠੀ ਹੈ, ਜਿਸ ਨਾਲ ਲੋਕਾਂ ਦਾ ਵੀ ਨੁਕਸਾਨ ਹੁੰਦਾ ਹੈ ਅਤੇ ਦੇਸ਼ ਦਾ ਵੀ। ਵੈਰ (ਦੁਸ਼ਮਣੀ) ਨੇ ਸਿਆਸਤ ਦੀਆਂ ਉੱਚੀਆਂ ਕਦਰਾਂ-ਕੀਮਤਾਂ ਨੂੰ ਰੋਲ ਕੇ ਰੱਖ ਦਿੱਤਾ ਹੈ, ਜਿਸ ਕਾਰਨ ਨੇਤਾਵਾਂ ਦੀ ਜੋ ਇੱਜ਼ਤ ਪਹਿਲਾਂ ਹੁੰਦੀ ਸੀ, ਹੁਣ ਉਹ ਨਹੀਂ ਰਹੀ। ਉਹ ਸਵਾਰਥੀ ਹੋ ਗਏ ਅਤੇ ਭੈੜੇ ਹੋ ਗਏ। ਕਿੰਨੀ ਹੀ ਗਿਣਤੀ ਵਿੱਚ ਨੇਤਾ ਲੋਕ ਦੁਰਾਚਾਰ ਦੇ ਕੇਸਾਂ ਵਿੱਚ ਫਸੇ ਹੋਏ ਹਨ ਅਤੇ ਕਿੰਨੇ ਹੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ।

ਭੈੜੇ ਨੇਤਾਵਾਂ ਤੋਂ ਛੁਟਕਾਰਾ ਆਸਾਨ ਨਹੀਂ। ਜੇਕਰ ਲੋਕ ਸਮਝਦਾਰ ਨਾ ਹੋਏ ਤਾਂ ਰਾਜਨੀਤੀ ਹੀ ਨਹੀਂ, ਸਗੋਂ ਹਰ ਖੇਤਰ ਦੇ ਨੇਤਾ, ਰਹਿਬਰ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹੀ ਰਹਿਣਗੇ। ਜ਼ਰੂਰੀ ਹੈ ਕਿ ਲੋਕ ਸਿਆਣੇ ਹੋਣ। ਲੋਕ ਨੇਤਾਵਾਂ ਦੇ ਵਿਰੋਧ ਨੂੰ ਵੀ ਸਮਝਣ ਅਤੇ ਵੈਰ ਨੂੰ ਵੀ। ਲੋਕ ਨੇਤਾਵਾਂ ਨੂੰ ਮਜਬੂਰ ਕਰ ਸਕਦੇ ਹਨ ਕਿ ਉਹ ਆਪਸ ਵਿੱਚ ਸਿਹਤਮੰਦ ਵਿਰੋਧ ਤਾਂ ਕਰਨ, ਪਰ ਕਿਸੇ ਵੀ ਕੀਮਤ ਉੱਤੇ ਵੈਰ ਨਾ ਕਰਨ, ਤਾਂ ਕਿ ਰਾਜਨੀਤੀ ਸਾਫ਼-ਸੁਥਰੀ ਹੀ ਰਹੇ।

ਮੁੱਕਦੀ ਗੱਲ, ਰਾਜਨੀਤੀ ਵਿੱਚ ਨੇਤਾਵਾਂ ਦਾ ਵਿਰੋਧ ਹੁੰਦਾ ਹੈ, ਨਾ ਕਿ ਵੈਰ, ਪਾਰਟੀਆਂ ਦਾ ਵਿਰੋਧ ਹੁੰਦਾ ਹੈ, ਨਾ ਕਿ ਦੁਸ਼ਮਣੀ। ਦੇਸ਼ ਦੀ ਰਾਜਨੀਤੀ ਵਿੱਚ ਆਪਸੀ ਮੁਕਾ-ਬਲੇਬਾਜ਼ੀ ਹੁੰਦੀ ਹੈ, ਉਹ ਵੀ ਚੋਣਾਂ ਹੋਣ ਤੱਕ, ਵੋਟਾਂ ਮਿਲਣ ਤੱਕ। ਬਾਅਦ ਵਿੱਚ ਜਿਹੜਾ ਜਿੱਤ ਜਾਵੇ, ਉਹ ਇਲਾਕੇ, ਹਲਕੇ ਦੇ ਲੋਕਾਂ ਦਾ ਸਾਂਝਾ ਨੇਤਾ ਹੁੰਦਾ ਹੈ, ਕਿਸੇ ਗੁੱਟ ਦਾ ਨਹੀਂ । ਰਾਜਨੀਤੀ ਤਾਂ ਦੇਸ਼ ਦਾ, ਸੂਬੇ ਦਾ ਰਾਜ-ਭਾਗ ਚਲਾਉਣ ਲਈ ਹੁੰਦੀ ਹੈ, ਦੁਸ਼ਮਣੀ ਦੀ ਖੇਡ ਖੇਡਣ ਲਈ ਨਹੀਂ। ਇਹ ਦੋ ਦੇਸ਼ਾਂ ਦੀ ਜੰਗ ਨਹੀਂ ਹੁੰਦੀ ਕਿ ਦੁਸ਼ਮਣੀ ਪਾਲੀ ਜਾਵੇ। ਇਸ ਲਈ ਦੇਸ਼ ਦੇ ਨੇਤਾਵਾਂ ਨੂੰ ਵੀ ਇਹ ਗੱਲ ਪੱਕੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਰਾਜਨੀਤੀ ਵਿੱਚ ਵਿਰੋਧ ਤਾਂ ਜਾਇਜ਼ ਹੈ, ਪਰ ਵੈਰ ਜਾਂ ਦੁਸ਼ਮਣੀ ਕਰਨੀ ਬਿਲਕੁਲ ਮੁਨਾਸਬ ਨਹੀਂ।

### ਅਚਾਰੀਆ ਓਸ਼ੋ ਦੀ ਸੁਣੀਏ

ਅਚਾਰੀਆ ਰਜਨੀਸ਼ ਤੋਂ ਪੁੱਛਿਆ ਗਿਆ ਕਿ ਮਾੜੇ ਨੇਤਾਵਾਂ ਤੋਂ ਦੇਸ਼ ਨੂੰ ਮੁਕਤੀ ਕਦੋਂ ਮਿਲੇਗੀ? ਉਸ ਦਾ ਜਵਾਬ ਸੀ ਕਿ ਬਹੁਤ ਮੁਸ਼ਕਲ ਹੈ, ਕਿਉਂਕਿ ਸਵਾਲ ਨੇਤਾਵਾਂ ਤੋਂ ਮੁਕਤੀ ਦਾ ਨਹੀਂ, ਸਵਾਲ ਤਾਂ ਤੁਹਾਡੇ ਬੇਸਮਝ ਹੋਣ ਦਾ ਹੈ, ਕੋਈ ਨਾ ਕੋਈ ਤੁਹਾਨੂੰ ਲੁੱਟਦਾ ਹੀ ਰਹੇਗਾ। ਉਹ ਕਿਵੇਂ, ਪੁੱਛਣ ਵਾਲਾ ਤਾਂ ਪੁੱਛਦਾ ਹੀ ਰਿਹਾ?



**ਸ਼ਾਮ ਸਿੰਘ (ਅੰਗ-ਸੰਗ)**
**98141-13338**

ਓਸ਼ੋ ਨੇ ਕਿਹਾ : ਪਰੋਹਿਤ ਚੂਸਣਗੇ, ਮੌਲਾਨਾ ਚੂਸਣਗੇ, ਭਾਈ ਚੂਸਣਗੇ, ਰਾਜਨੇਤਾ ਚੂਸਣਗੇ। ਜਦੋਂ ਤੱਕ ਨਹੀਂ ਜਾਗੋਗੇ, ਲੁੱਟ ਹੁੰਦੇ ਰਹੋਗੇ। ਕਿਸ ਨੇ ਲੁੱਟਿਆ, ਕੀ ਫ਼ਰਕ ਪੈਂਦਾ ਹੈ। ਕਿਸੇ ਝੰਡੇ ਨਾਲ, ਕਿਸੇ ਨਿਸ਼ਾਨ ਨਾਲ ਲੁੱਟ ਲੈਣ, ਲੁੱਟ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਦੇਸ਼ ਦਾ ਹਰ ਇਨਸਾਨ ਸਮਝਦਾਰ ਨਹੀਂ ਹੁੰਦਾ।

### ਲਤੀਫ਼ੇ ਦਾ ਚਿਹਰਾ ਮੋਹਰਾ

ਨੇਤਾ : ਸਾਡਾ ਵਾਅਦਾ ਰਿਹਾ ਕਿ ਹਰ ਇੱਕ ਦੇ ਖ਼ਾਲੀ ਖਾਤੇ ਵਿੱਚ ਵੀਹ ਲੱਖ ਭਰ ਦਿਆਂਗੇ।

ਵੋਟਰ : ਬਾਅਦ 'ਚ ਇਸ ਨੂੰ ਜੁਮਲਾ ਤਾਂ ਨਹੀਂ ਆਖੋਗੇ?

ਨੇਤਾ : ਬਿਲਕੁਲ ਨਹੀਂ। ਜੁਮਲਾ ਕਹਿਣ ਵਾਲੇ ਹੋਰ ਸਨ, ਅਸੀਂ ਤਾਂ ਜੁਮਲੇ ਵਾਲਿਆਂ ਦਾ 15 ਲੱਖ ਮਿਲਾ ਕੇ ਹੀ ਵੀਹ ਦੇਣ ਦਾ ਯਤਨ ਕਰਾਂਗੇ।

ਵੋਟਰ : ਗੱਲ ਕੁਝ ਜਚਦੀ ਨਹੀਂ ਲੱਗਦੀ, ਕੀ ਝੂਠ ਨਹੀਂ?

ਨੇਤਾ : ਵੋਟ ਪਾ ਕੇ ਤਾਂ ਦੇਖ, ਉਨ੍ਹਾਂ ਨਾਲੋਂ ਅੱਗੇ ਨਾ ਲੰਘੇ ਤਾਂ ਤੂੰ ਫੇਰ ਸਾਨੂੰ ਆਖੀਂ।

# ਗੱਲ ਕਸ਼ਮੀਰ ਦੀ

**ਸ਼ਾਮ ਸਿੰਘ (ਅੰਗ-ਸੰਗ)**

ਪਹਿਲੀ ਜੂਨ ਨੂੰ ਚੰਡੀਗੜ੍ਹ ਤੋਂ ਤੁਰੇ ਤਾਂ ਤਪਸ਼ ਦੀ ਮਾਰੋਮਾਰ ਦਾ ਆਪਣਾ ਹੀ ਰੰਗ ਸੀ, ਆਪਣਾ ਹੀ ਜ਼ੋਰ। ਚੰਡੀਗੜ੍ਹ ਅੰਤਰ-ਰਾਸ਼ਟਰੀ ਹਵਾਈ ਅੱਡੇ 'ਚ ਗਰਮੀ ਵੀ ਸੀ ਹੁੰਮਸ ਵੀ। ਅੰਤਰਰਾਸ਼ਟਰੀ ਸਿਰਫ ਨਾਂ ਦਾ ਹੀ ਲੱਗਾ, ਸਹੂਲਤਾਂ ਦੀ ਥੁੜ੍ਹ ਹੀ ਥੁੜ੍ਹ। ਲਗਦਾ ਹੈ ਏ. ਸੀ ਕੰਮ ਹੀ ਨਹੀਂ ਕਰ ਰਹੇ ਜਾਂ ਫਿਰ ਉਨ੍ਹਾਂ ਤੋਂ ਕੰਮ ਲੈਣਾ ਨਹੀਂ ਆ ਰਿਹਾ। ਫਲਾਈਟ ਸ੍ਰੀਨਗਰ ਤੋਂ ਦੇਰ ਨਾਲ ਆਈ ਤੇ ਉਸ ਨੇ ਛੇਤੀ ਹੀ ਮੁੜ ਥੋੜ੍ਹੇ ਸਮੇਂ ਅੰਦਰ ਚੰਡੀਗੜ੍ਹ ਤੋਂ ਸ੍ਰੀਨਗਰ ਵੱਲ ਉਡਾਰੀ ਭਰ ਲਈ। ਕੁੱਝ ਇਕ ਤਾਂ ਹਵਾਈ ਅੱਡੇ ਅੰਦਰਲੀਆਂ ਕੁਰਸੀਆਂ ਤੇ ਬੈਠੇ ਖਦਸ਼ਾ ਪ੍ਰਗਟ ਕਰ ਰਹੇ ਸਨ ਕਿ ਸ਼ਾਇਦ ਹਾਲਤ ਚੰਗੇ ਨਾ ਹੋਣ ਪਰ ਗਰੁੱਪ ਵਿਚ ਹੋਣ ਕਾਰਨ ਹੌਸਲੇ ਦੁਆਲੇ ਸਾਥੀਆਂ ਦੇ ਸਾਥ ਦੀ ਦੀਵਾਰ ਉਸਾਰ ਰਹੇ ਸਨ ਤਾਂ ਕਿ ਡਰ ਅਤੇ ਦਹਿਸ਼ਤ ਦੀ ਬੁੱਕਲ ਵਿਚੋਂ ਬਾਹਰ ਨਿਕਲਿਆ ਜਾ ਸਕੇ।

ਸਪਾਈਸ ਜੈੱਟ ਵਿਚ ਬੈਠੇ ਤਾਂ ਸੁੱਖ ਦਾ ਸਾਹ ਆਇਆ। ਠੰਢ ਦਾ ਆਨੰਦ ਆਇਆ। ਇਕ ਘੰਟਾ ਦਸ ਮਿੰਟ ਬਾਅਦ ਸ੍ਰੀਨਗਰ ਦੇ ਹਵਾਈ ਅੱਡੇ 'ਤੇ ਉੱਤਰੇ ਤਾਂ ਇਸ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਹਵਾਈ ਜਹਾਜ਼ ਵਿਚੋਂ ਉੱਤਰਦਿਆਂ ਹੀ ਕੁਦਰਤ ਦੇ ਏ.ਸੀ ਦਾ ਚੌਤਰਫੀ ਨਜ਼ਾਰਾ ਮਾਨਣ ਨੂੰ ਮਿਲਿਆ। ਹੋਟਲ ਜਾਣ ਵਾਸਤੇ ਟੈਕਸੀ ਵਿਚ ਬੈਠੇ ਤਾਂ ਟੈਕਸੀ ਚਾਲਕ ਨੇ ਗੱਲ ਛੇੜਦਿਆਂ ਹੀ ਕਿਹਾ ਕਿ ਸਾਡਾ ਪੰਗਾ ਸਰਕਾਰ ਨਾਲ ਹੈ, ਸਾਨੂੰ ਆਜ਼ਾਦੀ ਚਾਹੀਦੀ ਹੈ ਤਾਂ ਕਿ ਅਸੀਂ ਵੀ ਅਮਨ-ਚੈਨ ਨਾਲ ਰਹਿ ਸਕੀਏ। ਇਹ ਸੁਣਦਿਆਂ ਹੀ ਸਿਆਸੀ ਹਵਾ ਚੱਲ ਪਈ। ਉਹ ਪੀ. ਡੀ. ਪੀ. ਅਤੇ ਭਾਜਪਾ ਦੀ ਚੱਲ ਰਹੀ ਸਾਂਝੀ ਸਰਕਾਰ ਤੋਂ ਵੀ ਖੁਸ਼ ਨਹੀਂ ਸੀ ਕਿਉਂਕਿ ਦੋਹਾਂ ਦੇ ਵਿਚਾਰ ਹੀ ਨਹੀਂ ਮਿਲਦੇ। ਅਸੀਂ ਸਿਰਫ ਉਸ ਨੂੰ ਹੀ ਸੁਣ ਰਹੇ ਸਾਂ ਅਤੇ ਉਸ ਨਾਲ ਸਹਿਮਤ ਸਾਂ ਕਿ ਜਿਹੜੀਆਂ ਪਾਰ-ਟੀਆਂ ਇਕ ਦੂਜੀ ਦੇ ਵਿਰੁੱਧ ਹੀ ਬੋਲਦੀਅ ਉਨਾਂ ਨੂੰ ਕਿਸੇ ਵੀ ਦਲੀਲ ਨਾਲ ਸਾਂਝੀ ਸਰਕਾਰ ਬਨਾਉਣ ਦਾ ਹੱਕ ਨਹੀਂ। ਚੱਲਦੀ ਚੱਲਦੀ ਗੱਲ ਅਤਿਵਾਦ ਵੱਲ ਤੁਰੀ ਤਾਂ ਸਰਹੱਦਾਂ ਤੱਕ ਜਾ ਪਹੁੰਚੀ। ਉਹ ਦੋਹਾਂ ਤੋਂ ਹੀ ਦੁਖੀ ਸੀ ਅਤੇ ਕਹਿੰਦਾ ਕਿ ਭਾਰਤੀ ਗੋਲ਼ੀ ਤਾਂ ਪਾਕਿਸਤਾਨ ਦੀ ਗੋਲ਼ੀ ਦੇ ਜਵਾਬ 'ਚ ਚੱਲਦੀ ਹੈ ਅਤੇ ਅਤਿਵਾਦ, ਗੁਲਾਮੀ ਅਤੇ ਤਾਨਾਸ਼ਾਹੀ ਦੇ ਖਿਲਾਫ ਵੀ ਹੈ ਅਤੇ ਬੇਰੁਜ਼ਗਾਰੀ ਦੇ ਵੀ।

ਸ੍ਰੀਨਗਰ ਦੀਆਂ ਸੜਕਾਂ 'ਤੇ ਵੀ ਘੁੰਮੇ ਅਤੇ ਬਜ਼ਾਰਾਂ ਵਿਚ ਵੀ। ਫੌਜ ਰਫਲਾਂ ਸਮੇਤ ਥਾਂ ਥਾਂ ਹਾਜ਼ਰ ਸੀ ਜਿਸ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਸੀ ਖਤਰਾ ਮੰਡਰਾ ਰਿਹਾ ਹੈ ਅਜੇ ਟਲ਼ਿਆ ਨਹੀਂ। ਸੋਨਮਰਗ, ਗੁਲਮਰਗ ਅਤੇ ਪਹਿਲਗਾਮ ਵੀ ਘੁੰਮੇ ਪਰ ਇੱਥੇ ਲੋਕ ਆਪਣੇ ਕੰਮਾਂ-ਕਾਰਾਂ ਵਿਚ ਰੁੱਝੇ ਹੋਏ ਸਨ, ਕਿਤੇ ਵੀ ਅਤਿਵਾਦ ਨਜ਼ਰ ਨਹੀਂ ਆਇਆ। ਡੱਲ ਲੇਕ ਨੇੜੇ ਨਿਸ਼ਾਤ ਬਾਗ ਘੁੰਮਦਿਆਂ ਸੁਣਿਆਂ ਕਿ ਇੱਥੇ ਬਹੁਤ ਭੀੜ ਹੁੰਦੀ ਸੀ ਪਰ ਹੁਣ ਅਤਿਵਾਦ ਦੇ ਡਰ ਕਰਕੇ ਰੌਣਕ ਘਟ ਗਈ, ਫੇਰ ਵੀ ਲੋਕ ਰੁਕਦੇ ਨਹੀਂ।

ਇੱਥੇ ਸੀ. ਆਰ. ਪੀ. ਦੇ ਇਕ ਅਧਿਕਾਰੀ ਨਾਲ ਗੱਲਬਾਤ ਕੀਤੀ ਤਾਂ ਉਸ ਦੱਸਿਆ ਕਿ ਸ਼ੋਪੀਆ ਵਾਲੇ ਪਾਸੇ ਸ਼ਹਿਰ 'ਚ ਵੀ ਗੜਬੜ ਹੈ ਅਤੇ ਦੇਹਾਤ (ਪੇਂਡੂ) ਇਲਾਕਿਆਂ 'ਚ ਵੀ। ਪੱਥਰਬਾਜ਼ਾਂ ਦੀ ਖਾਕੀ ਨਾਲ ਖਹਿ ਹੈ ਜਿਸ ਕਾਰਨ ਜਦ ਵੀ ਮੌਕਾ ਲਗਦਾ ਹੈ ਉਹ ਪੱਥਰਬਾਜ਼ੀ ਤੋਂ ਰੋਕਿਆਂ ਵੀ ਨਹੀਂ ਰੁਕਦੇ। ਗਰੀਬ ਕਸ਼ਮੀਰੀਆਂ ਦਾ ਅਤਿਵਾਦ ਨਾਲ ਕੋਈ ਵਾਸਤਾ ਨਹੀਂ। ਉਹ ਤਾਂ ਦੁਕਾਨਾਂ ਚਲਾਉਂਦੇ - ਖੱਚਰਾਂ, ਘੋੜਿਆਂ 'ਤੇ ਬਿਠਾ ਕੇ ਲੋਕਾਂ ਨੂੰ ਕੁਦਰਤੀ ਨਜ਼ਾਰੇ ਦਿਖਾਂਉਂਦੇ, ਟੈਕਸੀ ਚਲਾਉਂਦੇ ਅਤੇ ਸ਼ਿਕਾਰਿਆਂ ਵਿਚ ਘੁਮਾਉਂਦੇ ਹਨ।



ਇਨ੍ਹਾਂ ਬਾਰੇ ਹਰੇਕ ਦਾ ਬਲਿਹਾਰੀ ਜਾਣ ਨੂੰ ਜੀਅ ਕਰੇਗਾ ਕਿਉਂਕਿ ਇਹ ਮਿਹਨਤੀ ਹਨ ਅਤੇ ਕਿਸੇ ਕਿਸਮ ਦੀ ਮਿਹਨਤ ਕਰਨ ਤੋਂ ਨਾ ਹੀ ਘਬਰਾਉਂਦੇ ਹਨ ਤੇ ਨਾ ਹੀ ਭੱਜਦੇ ਹਨ। ਕਸ਼ਮੀਰ ਟਾਈਮਜ਼ ਅਖਬਾਰ ਦੇ ਦੋ ਪੱਤਰਕਾਰ ਡਲ ਝੀਲ ਦੇ ਕਿਨਾਰੇ ਮਿਲ ਪਏ ਜਿਨ੍ਹਾਂ ਨੇ ਦੱਸਿਆ ਕਿ ਸੀ. ਆਰ. ਪੀ. ਦੇ ਅਫਸਰ ਦੀ ਗੱਲ ਠੀਕ ਹੈ, ਸ਼ੋਪੀਆ 'ਚ ਪੱਥਰਬਾਜ਼ੀ ਵੀ ਹੁੰਦੀ ਹੈ ਅਤੇ ਪੀਰ ਦੀ ਗਲੀ ਰਾਹੀਂ ਪਾਕਿਸਤਾਨੀ ਅਤਿਵਾਦੀ ਏਧਰ ਵੀ ਅਸਾਨੀ ਨਾਲ ਆ ਵੜਦੇ ਹਨ ਅਤੇ ਸ਼ਰਾਰਤ ਕਰਨ ਤੋਂ ਵੀ ਡਰਦੇ ਨਹੀਂ।

ਸ਼ਹਿਰਾਂ ਵਿਚ ਸੁਰੱਖਿਆ ਫੋਰਸਾਂ ਦਾ ਪਹਿਰਾ ਤੇ ਸਾਵਧਾਨੀ ਤਾਂ ਹੈ ਪਰ ਉਹ ਆਮ ਲੋਕਾਂ ਦੀ ਰਾਖੀ ਵਾਸਤੇ ਹੀ ਹਨ ਦਹਿਸ਼ਤ ਪੈਦਾ ਕਰਨ ਵਾਸਤੇ ਨਹੀਂ। ਉਹ ਕੋਈ ਵੀ ਗੱਲ ਡਰਾਉਣ ਵਾਸਤੇ ਨਹੀਂ ਕਰਦੇ।

ਪਰ ਉਨ੍ਹਾਂ ਦੇ ਇਹ ਹਿਫਾਜ਼ਤੀ ਪਰਬੰਧ ਵੀ ਆਮ ਲੋਕਾਂ ਦੇ ਗ਼ਲੋਂ ਥੱਲੇ ਨਹੀਂ ਉਤਰਦੇ। ਉਹ ਘੁਸਮੁਸ ਕਰਦਿਆਂ ਸਰਕਾਰਾਂ ਨੂੰ ਹੀ ਕੋਸਦੇ ਹਨ ਜੋ ਗੱਲਬਾਤ ਨਹੀਂ ਕਰਦੀਆਂ। ਅਜਿਹਾ ਮਾਹੌਲ ਗੁੱਸੇ ਭਰਿਆ ਉਲਾਹਮਾਂ ਵੀ ਹੈ ਕਿ ਪਹਿਲਾਂ ਤਾਂ ਸਰਹੱਦਾਂ 'ਤੇ ਜਵਾਨ ਹੀ ਸ਼ਹੀਦ ਹੁੰਦੇ ਸਨ ਪਰ ਹੁਣ ਤਾਂ ਘਰਾਂ ਵਿਚ ਬੈਠੇ ਲੋਕਾਂ ਦਾ ਮੌਤ ਤੋਂ ਬਚਣਾ ਔਖਾ ਹੋਇਆ ਪਿਆ ਹੈ।

ਸ੍ਰੀਨਗਰ ਵਿਚ ਅਕਸਰ ਇਹ ਅਫਵਾਹ ਫੈਲਦੀ ਰਹਿੰਦੀ ਹੈ ਕਿ ਲਾਲ ਚੌਕ ਅੰਦਰ ਪੱਥਰਬਾਜ਼ੀ ਹੋਣ ਲੱਗ ਪਈ ਹੈ ਪਰ ਫੇਰ ਇਹ ਅਫਵਾਹ ਹੀ ਨਿਕਲਦੀ ਹੈ ਜਦੋਂ ਕਿ ਇਹ ਸੱਚ ਨਹੀਂ ਹੁੰਦਾ। ਕਦੇ ਕਦੇ ਪੱਥਰਬਾਜ਼ੀ ਹੁੰਦੀ ਵੀ ਹੈ ਪਰ ਸੁਰੱਖਿਆ ਸੈਨਾਵਾਂ ਪੱਥਰਬਾਜ਼ਾਂ ਤੇ ਕਾਬੂ ਪਾਉਣ 'ਚ ਕਦੇ



ਸੁਸਤ ਨਹੀਂ ਹੁੰਦੀਆਂ। ਆਮ ਦੇਖਣ 'ਚ ਆਇਆ ਹੈ ਕਿ ਵਾਦੀ ਵਿਚ ਅਮਨ-ਅਮਾਨ ਹੈ। ਕਦੇ ਕਦੇ, ਕਿਤੇ ਕਿਤੇ ਭੜਕਾਹਟ ਵੀ ਹੁੰਦੀ ਰਹਿੰਦੀ ਹੈ ਅਤੇ ਬੁਰੇ ਹਸ਼ਰ ਵਾਲੀਆਂ ਘਟਨਾਵਾਂ ਵੀ।

ਚੰਡੀਗੜ੍ਹ ਤੋਂ ਅਠਾਰਾਂ ਮੈਂਬਰਾਂ ਦੀ ਟੋਲੀ ਚੱਲਣ ਵੇਲੇ ਤਾਂ ਹਾਲਾਤ ਚੰਗੇ ਨਾ ਹੋਣ ਦੀ ਹਾਲਾਤ ਵਿਚ ਸੀ ਪਰ ਕਸ਼ਮੀਰ ਦੇ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਲੰਘਣ ਵੇਲੇ ਟੋਲੀ ਦੇ ਮੈਂਬਰਾਂ ਨੇ ਦੇਖਿਆ ਕਿ ਮੀਡੀਆ ਵਿਚ ਵੀ ਐਵੇਂ ਬਹੁਤਾ ਰੌਲ਼ਾ-ਰੱਪਾ ਹੈ ਜਦ ਕਿ ਇੱਥੇ ਤਾਂ ਲੋਕ ਆਪਣੇ ਰੋਜ਼-ਮਰਾ ਦੇ ਕੰਮਾਂ ਵਿਚ ਏਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਕੋਲ ਅਤਿਵਾਦ ਅਤੇ ਅਤਿਵਾਦੀਆਂ ਬਾਰੇ ਸੋਚਣ ਦੀ ਵਿਹਲ ਹੀ ਨਹੀਂ। ਲੋਕ ਏਨਾ ਜ਼ਰੂਰ ਮਹਿਸੂਸ ਕਰਦੇ ਹਨ ਕਿ ਜੇ ਦੋਵੇਂ ਪਾਸੇ ਦੀਆਂ ਹਕੂਮਤਾਂ ਗਰੀਬੀ ਨਾਲ ਲੜਨ, ਬੇਰੁਜ਼ਗਾਰੀ ਦੂਰ ਕਰਨ ਵੱਲ ਧਿਆਨ ਦੇਣ ਤਾਂ ਅਤਿਵਾਦ ਜੇ ਖਤਮ ਨਹੀਂ ਹੋ ਸਕਦਾ ਤਾਂ ਘਟ ਜਰੂਰ ਜਾਵੇਗਾ। ਪਰ ਉਨ੍ਹਾਂ ਨੂੰ ਸਿਆਸਤਦਾਨਾਂ ਦੀਆਂ ਚਾਲਾਂ ਬਾਰੇ ਸਮਝ ਨਹੀਂ ਆਉਂਦੀ ਕਿ ਦੋਵੇਂ ਪਾਸੇ ਜਾਨਾਂ ਬਚਾਉਣ ਲਈ ਜਤਨ ਕਿਉਂ ਨਹੀਂ ਕਰਦੇ।

ਕਸ਼ਮੀਰ ਵਾਦੀ ਵਿਚ ਘੁੰਮਦਿਆਂ ਇਹ ਦੇਖਿਆ ਹੈ ਕਿ ਸੈਲਾਨੀ ਪੂਰੀ ਆਜ਼ਾਦੀ ਨਾਲ ਘੁੰਮਦੇ ਹੋਏ ਕੁਦਰਤ ਦੇ ਨਜ਼ਾਰਿਆਂ ਨੂੰ ਰੀਕਾਰਡ ਵੀ ਕਰਦੇ ਹਨ ਅਤੇ ਮਾਣਦੇ ਵੀ ਹਨ। ਡੱਲ ਝੀਲ 'ਚ ਸ਼ਿਕਾਰੇ ਘੁੰਮਦੇ ਅਤੇ ਸੈਲਾਨੀ ਅਨੰਦ ਲੈਂਦੇ। ਨਿਸ਼ਾਤ ਬਾਗ, ਸ਼ਾਲੀਮਾਰ ਬਾਗ, ਚਸ਼ਮੇ ਸ਼ਾਹੀ ਅਤੇ ਪਰੀ ਬਾਗ ਵਿਚ 5 ਜੂਨ ਨੂੰ ਰੌਣਕ ਦੀ ਘਾਟ ਨਹੀਂ ਸੀ ਅਤੇ ਮੌਸਮ ਠੰਢਾ ਨਾ ਹੋਣ ਦੇ ਬਾਵਜੂਦ ਚੰਦਨਵਾੜੀ ਤੱਕ ਘੁੰਮਣ ਤੋਂ ਨਾ ਰੁਕੇ। ਠੰਢ ਉਡੀਕਦੇ ਉੱਥੇ ਪਹੁੰਚੇ।

ਕਸ਼ਮੀਰ ਵਾਦੀ ਨੂੰ ਜੱਨਤ (ਸਵਰਗ) ਕਿਹਾ ਜਾਂਦਾ ਹੈ ਅਤੇ ਹੈ ਵੀ ਜਿਸ ਕਰਕੇ ਭਾਰਤ ਸਰਕਾਰ ਨੂੰ ਮਾਹੌਲ ਸਾਜ਼ਗਾਰ ਬਣਾ ਕੇ ਵਾਰਤਾ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ।

ਤਾਂ ਕਿ ਦੇਸ਼ ਦੀਆਂ ਸਰਹੱਦਾਂ ਦੇ ਦੋਵੇਂ ਪਾਸੇ ਫੈਲੇ ਸਵਰਗਾਂ ਦੀ ਸ਼ਾਨ ਬਚੀ ਰਹੇ ਅਤੇ ਅਮਨ ਵੀ। ਜੇ ਅਤਿਵਾਦ ਹੈ ਵੀ ਤਾਂ ਉਹ ਖਤਮ ਕੀਤੇ ਬਿਨਾਂ ਨਹੀਂ ਸਰਨਾ ਔਖਿਆਈ ਇਹ ਹੈ ਕਿ ਉਹ ਕਿਧਰੇ ਦਿਸਦਾ ਨਹੀਂ, ਸਾਨੂੰ ਵੀ ਕਿਧਰੇ ਨਜ਼ਰ ਨਹੀਂ ਆਇਆ।

### ਦੋਹਾਂ ਨੂੰ ਹੱਕ ਨਹੀਂ

ਭਾਰਤ ਅਤੇ ਪਾਕਿਸਤਾਨ ਦੋਹਾਂ ਨੂੰ ਹੀ ਹੱਕ ਨਹੀਂ ਕਿ ਉਹ ਦੋਹਾਂ ਮੁਲਕਾਂ ਦੇ ਅਵਾਮ ਦੀਆਂ ਭਾਵਨਾਵਾਂ ਦੇ ਉਲਟ ਚੱਲਣ। ਦੋਹਾਂ ਨੂੰ ਇਹ ਵੀ ਹੱਕ ਨਹੀਂ ਕਿ ਉਹ ਦੋਵੇਂ ਪਾਸੇ ਵਸਦੇ ਸਵਰਗ ਵਰਗੇ ਕਸ਼ਮੀਰ ਨੂੰ ਉਜਾੜਨ। ਇਸ ਲਈ ਦੋਵੇਂ ਪਾਸੇ ਜੁੰਮੇਵਾਰ ਬਣਕੇ ਆਪੋ ਆਪਣੇ ਖੇਤਰਾਂ ਅਤੇ ਲੋਕਾਂ ਦੀ ਰਾਖੀ ਲਈ ਕੰਮ ਕਰਨ ਵਾਸਤੇ ਸਰਗਰਮ ਹੋਣ।

ਇਕ ਦੂਜੇ 'ਤੇ ਦੋਸ਼ ਅਤੇ ਤੋਹਮਤਾਂ ਲਾਉਣ ਦੀ ਬਜਾਏ ਗਲਵੱਕੜੀਆਂ ਪਾਣ ਲਈ ਜਤਨ ਕਰਨ। ਪਿਛਲੀਆਂ ਭੁੱਲਾਂ ਵਾਸਤੇ ਪਛਤਾਉਣ ਵੀ, ਮਾਫੀ ਵੀ ਮੰਗਣ ਅਤੇ ਭਵਿੱਖ ਦੇ ਨੈਣ-ਨਕਸ਼ ਨਿਖਾਰ ਦੇਣ। ਦੋਹਾਂ 'ਚ ਸੁਲਹ-ਸਫਾਈ ਨਾਲ ਹੀ ਜਾਨਾਂ ਦਾ ਹੁੰਦਾ ਨੁਕਸਾਨ ਬੰਦ ਹੋ ਸਕਦੈ। ਦੋਵੇਂ ਹਕੂਮਤਾਂ ਸੰਜੀਦਗੀ ਨਾਲ ਸੋਚਣ ਅਤੇ ਲੋਕਾਂ ਦੇ ਜਜ਼ਬਾਤ ਦੀ ਤਰਜ਼ਮਾਨੀ ਕਰਨ।

### ਲਤੀਫੇ ਦਾ ਚਿਹਰਾ-ਮੋਹਰਾ

ਪੱਤਰਕਾਰਾਂ ਦੀ ਟੋਲੀ ਪਾਕਿਸਤਾਨ ਗਈ ਤਾਂ ਉੱਥੇ ਸ਼ਰਾਬਬੰਦੀ ਤੋਂ ਟੋਲੀ ਦੇ ਸਾਰੇ ਮੈਂਬਰ ਔਖੇ ਹੋ ਗਏ ਤਾਂ ਉਨ੍ਹਾਂ 'ਚੋਂ ਇਕ ਕਵੀ ਨੇ ਭਰੀ ਮਹਿਫਲ 'ਚ ਇਹ ਸ਼ੇਅਰ ਤਿੰਨ ਵਾਰ ਬੋਲਿਆ :

ਹਿੰਦ-ਪਾਕਿ ਨੇ ਆਸੇ ਪਾਸੇ
ਕਿਉਂ ਕਰਨ ਇਹ ਰੋਜ਼ ਤਮਾਸ਼ੇ
ਦੋਵੇਂ ਪਾਸੇ ਵਗਦੀਆਂ ਨਦੀਆਂ
ਫਿਰ ਕਿਉਂ ਰਹੀਏ ਸ਼ਾਮ ਪਿਆਸੇ।

ਪਾਕਿਸਤਾਨ ਦਾ ਇਕ ਪੱਤਰਕਾਰ ਉੱਠਿਆ ਤੇ ਕਹਿਣ ਲੱਗਾ, ਹੋਟਲ ਦਾ ਕਮਰਾ ਨੰਬਰ ਦੱਸ ਦਿਉ ਉੱਥੇ ਬੋਤਲ ਨਦੀ ਪਹੁੰਚ ਜਾਵੇਗੀ।

# ਗੰਧਲੀ ਹੋ ਚੁੱਕੀ ਭਾਰਤੀ ਸਿਆਸਤ ਨੂੰ ਆਓ ਇਕੱਠੇ ਹੋ ਕੇ ਸਾਫ ਕਰੀਏ

**ਸਰ ਹੋ ਸਕੇ ਤੋ ਅਬ ਕੋਈ ਸ਼ਮਾ ਜਲਾਈਏ,**
**ਕਿ ਦੋਰੇ ਸਿਆਸਤ ਕਾ ਅੰਧੇਰਾ ਮਿਟਾਈਏ।**
**ਬਸ ਕੀਜੀਏ ਔਰ ਆਕਾਸ਼ ਸੇ ਨਾਹਰੇ ਉਛਾਲਨਾ,**
**ਜੇ ਜੰਗ ਹੈ ਜੰਗ ਮੇਂ ਤਾਕਤ ਜੁਟਾਈਏ,**
ਸੁਆਮੀ ਅਗਨੇਬੇਸ ਜੀ ਦੇ ਮੂੰਹੋ,

ਭਾਰਤ ਵਿਚ ਜੁਮਲੇਬਾਜ਼ ਲੀਡਰ ਕਹਿ ਰਹੇ ਹਨ ਕਿ ਦੇਸ਼ ਦੀ ਮੋਦੀ ਸਰਕਾਰ ਨੇ ਚਾਰ ਸਾਲ ਦੇ ਵਿਚ ਬਹੁਤ ਤਰੱਕੀ ਕੀਤੀ ਹੈ, ਡੀਂਗਾਂ ਮਾਰ ਰਹੇ ਹਨ। ਝੂਠ ਤੁਫਾਨ ਜਿੰਨਾ ਮਰਜ਼ੀ ਬੀਜੇਪੀ ਦੀ ਆਰ. ਐਸ. ਐਸ. ਸਰਕਾਰ ਬੋਲੀ ਜਾਵੇ ਪਰ ਸਚਾਈ ਕੋਹਾਂ ਦੂਰ ਹੈ। ਭਾਰਤ ਕਰਜ਼ ਵਿਚ ਡੁੱਬਿਆ ਪਿਆ ਹੈ ਅਤੇ ਦੀਵਾਲੀਆਪਨ ਦੇ ਕਿਨਾਰੇ ਖੜ੍ਹਾ ਹੈ। ਇਕ ਪਾਸੇ ਇਹ ਗੱਲ ਹੈ ਅਤੇ ਦੂਜੇ ਪਾਸੇ ਅੱਜ ਦੇ ਯੁੱਗ ਵਿਚ ਗਜਨੀ ਅਤੇ ਗੋਰੀ ਵਰਗੇ ਲੁਟੇਰੇ ਬਣ ਗਏ ਜਿਵੇਂਬੈਂਕਾਂ ਨੂੰ ਸਰਕਾਰੀ ਅਤੇ ਲੀਡਰਾਂ ਦੀ ਮਿਲੀਭੁਗਤ ਨਾਲ ਲੁੱਟਿਆ ਗਿਆ ਹੈ। ਇਸਦੀ ਮਿਸਾਲ ਦੁਨੀਆਂ ਦੇ ਕਿਸੇ ਹੋਰ ਦੇਸ਼ ਵਿਚ ਨਹੀਂ ਮਿਲੇਗੀ। ਬੈਂਕਾਂ ਨੂੰ 176 ਅਰਬ ਰੁਪਏ ਤੋਂ ਜ਼ਿਆਦਾ ਦਾ ਚੂਨਾ ਲੱਗ ਚੁੱਕਾ ਹੈ। ਪਿਛਲੇ ਪੰਜ ਸਾਲ ਤੋਂ ਸਰਕਾਰੀ ਬੈਂਕਾਂ ਦਾ 368000 ਕਰੋੜ ਰੁਪਿਆ ਡੁੱਬ ਗਿਆ ਹੈ ਅਤੇ ਪਿਛਲੇ ਹੀ ਪੰਜ ਸਾਲਾਂ ਵਿਚ ਹੀ ਰਿਜ਼ਰਵ ਬੈਂਕ ਆਫ ਇੰਡੀਆ ਦੇ ਮੁਤਾਬਕ 61201 ਕਰੋੜ ਰੁਪਏ ਦਾ ਕਰਜ਼ਾ ਹੇਰਾਫੇਰੀ ਕਰਕੇ ਦਿੱਤਾ ਗਿਆ ਸੀ।

ਕੁਰਸੀ ਦਾ ਨਸ਼ਾ ਇਨਸਾਨ ਨੂੰ ਇਸ ਹੱਦ ਤੱਕ ਪਾਗਲ ਅਤੇ ਰੋਗੀ ਬਣਾ ਦਿੰਦਾ ਹੈ ਕਿ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੋ ਕਿ ਜੇਲ੍ਹ ਦੀ ਹਵਾ ਵੀ ਖਾ ਚੁੱਕੇ ਹਨ ਅਤੇ ਇਹਨਾਂ ਦਾ ਲੜਕਾ ਕੁਝ ਹੀ ਦਿਨਾਂਵਿਚ ਲੱਖਾਂ ਤੋਂ ਕਰੋੜਾਂ ਦਾ ਮਾਲਕ ਬਣ ਬੈਠਾ ਹੈ, ਜੀ ਨੇ ਆਪਣੇ ਘੁਮੰਡੀ ਭਾਸ਼ਣ ਵਿਚ ਕਿਹਾ ਕਿ ਨਰਿੰਦਰ ਮੋਦੀ ਜੀ ਦਾ ਅਜਿਹਾ ਤੂਫਾਨ ਆਇਆ ਕਿ ਸਾਰੇ ਕੁੱਤੇ-ਬਿੱਲੀਆਂ ਦਰਖਤਾਂ ਉਪਰ ਚੜ੍ਹ ਗਏ। ਕਿੰਨੀ ਨਾਸਮਝੀ ਗੱਲਹੈ, ਕੁੱਤੇ ਬਿੱਲੀਆਂ ਦਰਖਤਾਂ ਉਪਰ? ਇਹਨਾਂ ਦਾ ਇਸ਼ਾਰਾ ਵਿਰੋਧੀ ਦਲ ਇਕ ਮੰਚ ਉਪਰ ਇਕੱਠੇ ਹੋ ਗਏ ਹਨ। ਇਸ ਲਈ ਇਹਨਾਂ ਦੀ ਘਬਰਾਹਟ ਹੈ। ਸ਼ਾਇਦ ਅਗਲੀਆਂ ਚੋਣਾਂ ਵਿਚ ਕੁਰਸੀ ਨਾ ਜਾਂਦੀ ਲੱਗੇ। ਬਨਾਰਸ, ਮੋਦੀ ਜੀ ਦੇ ਹਲਕੇ ਦੇ ਲੋਕ ਕਹਿ ਰਹੇ ਹਨ ਕਿ ਸਾਡੇ ਨਾਲ ਛਲ ਹੋਇਆ ਹੈ। ਪਹਿਲਾਂ ਲੋਕ ਦੁੱਧ ਪੀਂਦੇ ਸਨ, ਹੁਣ ਪਿਸ਼ਾਬ ਪੀਣਾ ਪਵਿੱਤਰ ਕਿਹਾ ਜਾ ਰਿਹਾ ਹੈ। ਦੇਸ਼ ਵਾਸੀਆਂ ਨੂੰ ਬੁੱਧੀਮਾਨ ਬਣਾਉਣ ਦੀ ਥਾਂ ਅੰਧਵਿਸ਼ਵਾਸੀ ਅਤੇ ਰੂੜੀਵਾਦੀ ਬਣਾਇਆ ਜਾ ਰਿਹਾ ਹੈ। ਜੇਕਰ ਆਪਣੀਆਂ ਮੰਗਾਂ ਨੂੰ ਲੈ ਕੇ ਕੋਈ ਆਪਣੀ ਆਵਾਜ਼ ਬੁਲੰਦ ਕਰਦਾ ਹੈ ਤਾਂ ਉਹਨਾਂ ਉਪਰ ਝੂਠੇ ਕੇਸ ਪਾ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਦੇਸ਼ ਵਿਚ 27 ਲੱਖ ਆਂਗਨਵਾੜੀ ਔਰਤਾਂ ਲਗਾਤਾਰ ਸੰਘਰਸ਼ ਕਰ ਰਹੀਆਂ ਹਨ, ਇੰਨੀ ਗਰਮੀ ਵਿਚ ਬੱਚੀਆਂ ਸਮੇਤ ਭੁੱਖੇਭਾਣੇ ਸੜਕਾਂ ਉਪਰ ਲੰਮੀਆਂ ਪੈ ਕੇ ਸਰਕਾਰ ਦਾ ਸਿਆਪਾ ਕਰਨ ਲਈ ਉਤਰੀਆਂ ਪਰ ਇਹਨਾਂ ਦੀ ਕੋਈ ਸੁਣਵਾਈ ਨਹੀਂ। ਕਿਸਾਨ ਅਲੱਗ ਦੁਖੀ, ਕਈ ਸਾਲਾਂ ਤੋਂ ਹੱਤਿਆਵਾਂ ਕਰੀ ਜਾ ਰਹੇ ਹਨ। ਮੁੰਬਈ ਵਿਚ ਬੱਸਾਂ ਵਾਲੇ ਤਨਖਾਹਾਂ ਨਾ ਵਧਣ ਕਰਕੇ ਹੜਤਾਲ ਉਪਰ ਹਨ, ਜਿਸ ਨਾਲ 65 ਲੱਖ ਲੋਕਾਂ ਨੂੰ ਰੋਜ਼ਾਨਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਦੀ ਸਰਕਾਰ ਨੇ ਇਕ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਪਰ ਇਹ ਵਾਅਦਾ ਹੀ ਬਣ ਕੇ ਰਹਿ ਗਿਆ। ਟਾਈਮਜ਼ ਆਫ ਇੰਡੀਆ 24 ਅਪ੍ਰੈਲ 2018 ਦੇ ਪੇਪਰ ਵਿਚ ਲਿਖਿਆ ਕਿ ਰਾਜਸਥਾਨ ਸਕੱਤਰੇਤ ਲਈ 18 ਚਪੜਾਸੀ ਦੀਆਂ ਨੌਕਰੀਆਂ ਲਈ 12453 ਅਰਜ਼ੀਆਂ ਆਈਆਂ, ਜਿਹਨਾਂ ਵਿਚੋਂ 129 ਇੰਜੀਨੀਅਰ ਵੀ ਸਨ। ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਨੌਕਰੀ ਨਾ ਮਿਲਣ ਕਰਕੇ ਸਾਊਦੀ ਅਰਬ ਵਿਚ ਜਾ ਕੇ ਗੁਲਾਮੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਏਜੰਟਾਂ ਦੇ ਬਹਿਕਾਵੇ ਵਿਚ ਆ ਕੇ ਇਹਨਾਂ ਨੂੰ ਸਬਜ਼ਬਾਗਾਂ ਵਿਚ ਫਸਾ ਕੇ ਆਪ ਤਾਂ ਇਹ ਪੈਸਾ ਕਮਾ ਰਹੇ ਹਨ ਪਰ ਇਹਨਾਂ ਵਿਚਾਰੀਆਂ ਨੂੰ ਖੱਜਲ ਖੁਆਰੀ, ਸ਼ੋਸ਼ਣ ਤੇ ਕੁਝ ਹੋਰ ਆਦਿ। ਦੇਸ਼ ਵਿਚ ਬੇਰੁਜ਼ਗਾਰੀ ਦੇ ਕਾਰਣ (ਪੰਜਾਬ ਦਰਿਆ ਨਸ਼ੇ ਦਾ) ਲੋਕੀ ਨਸ਼ੇ ਦੀ ਦਲਦਲ ਵਿਚ ਫਸ ਕੇ ਜੁਆਨੀ ਬਰਬਾਦ ਕਰ ਰਹੇ ਹਨ। ਸਰਕਾਰ ਵੀ ਸ਼ਰਾਬ ਦੇ ਠੇਕੇ ਧੜਾਧੜ ਖੋਲ੍ਹੀ ਜਾ ਰਹੀ ਹੈ। ਭਾਰਤ ਸਰਕਾਰ ਪ੍ਰਾਚੀਨ ਨਦੀ ਸਰਸਵਤੀ ਦੀ ਖੋਜ ਉਪਰ 260 ਕਰੋੜ ਰੁਪਏ ਖਰਚ ਕਰ ਰਹੀ ਹੈ ਪਰ ਨਦੀ ਤਾਂ ਕੀ ਲੱਭਣੀ ਸੀ, ਇਕ ਵੀ ਗਿਲਾਸ ਪਾਣੀ ਦਾ ਹੱਥ ਨਹੀਂ ਲੱਗਾ। ਮੂਰਖਤਾ ਭਰੀ ਯੋਜਨਾ ਦਾ ਕੀ ਫਾਇਦਾ। ਲੋਕ ਪਾਣੀ ਤੋਂ ਪਿਆਸੇ ਮਰ ਰਹੇ ਹਨ। ਟਾਈਮਜ਼ ਆਫ ਇੰਡੀਆ 16 ਮਾਰਚ 2018 ਦੀ ਰਿਪੋਰਟ ਮੁਤਾਬਕ ਗੰਗਾ ਨਦੀ ਨੂੰ ਸਾਫ ਕਰਨ ਦੇ ਲਈ 3600 ਕਰੋੜਰੁਪਏ ਗਰਾਂਟ ਦਿੱਤੀ ਗਈ। ਇੰਨੇ ਪੈਸੇ ਖਰਚ ਕਰਨ ਤੋਂ ਵੀ ਗੰਗਾ ਦਾ ਪਾਣੀ ਪੀਣ ਦੇ ਲਈ ਤਾਂ ਕੀ ਨਹਾਉਣ ਦੇ ਵੀ ਕਾਬਲ ਨਹੀਂ ਰਿਹਾ। ਤਾਂ ਵੀ ਰੂੜੀਵਾਦੀ ਲੋਕ, ਪੁਰੋਹਿਤ ਅਤੇ ਪੰਡੇ-ਪੁਜਾਰੀਆਂ ਦੇ ਝਾਂਸੇ ਵਿਚ ਆ ਕੇ ਇਹਨਾਂ ਦਿਨਾਂ ਵਿਚ ਵੀ ਮਰ ਰਹੇ ਨਰ-ਨਾਰੀ ਦੇ ਮੂੰਹ ਵਿਚ ਗੰਗਾ ਜਲ ਪਾ ਰਹੇ ਹਨ ਅਤੇ ਮੇਲਿਆਂ ਸਮੇਂ ਇਸ ਥਾਂ ਇਸ਼ਨਾਨ ਕਰਕੇ ਪਵਿੱਤਰ ਹੋ ਰਹੇ ਹਨ।

ਉਤਰ ਪ੍ਰਦੇਸ਼ ਦੀ ਆਬਾਦੀ ਦੇ ਲਿਹਾਜ ਨਾਲ ਦੇਸ਼ ਦਾ ਸਭ ਤੋਂ ਵੱਡਾ ਸੂਬਾ ਹੈ ਅਤੇ ਯੋਗੀ ਜੀ ਨੂੰ ਇਸ ਸੂਬੇ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ। ਜਿਸ ਤਰ੍ਹਾਂ ਦਾ ਇਹ ਰਾਜ ਚਲਾ ਰਹੇ ਹਨ, ਲੋਕ ਬੁਰੀ ਤਰ੍ਹਾਂ ਤੜਫ ਰਹੇ ਹਨ। ਬੁੰਦੇਲਖੰਡ ਵਿਖੇ ਕਣ. ਪਿੰਡਾਂ ਵਿਚ ਪਾਣੀ ਨਾਲ ਨਹਾਉਣਾ ਤਾਂ ਕੀ ਪੀਣ ਲਈ ਨਹੀਂ ਮਿਲ ਰਿਹਾ। ਲੋਕ ਪਿੰਡ ਛੱਡ ਕੇ ਸ਼ਹਿਰਾਂ ਵੱਲ ਕੂਚ ਕਰ ਰਹੇ ਹਨ। ਐਨ. ਡੀ. ਟੀ. ਵੀ. ਦੀ ਰਿਪੋਰਟ ਮੁਤਾਬਕ ਅੱਧੇ ਨਲਕੇ ਕੰਮ ਨਹੀਂ ਕਰ ਰਹੇ ਅਤੇ ਬਾਕੀਆਂ ਵਿਚ ਪਾਣੀ ਨਹੀਂ ਆ ਰਿਹਾ। ਧਰਮਪਾਲ ਸਿੰਚਾਈ ਮੰਤਰੀ ਸਭ ਅੱਛਾ ਹੈ ਕਹਿ ਕੇ ਪੱਲਾ ਝਾੜ ਗਏ, ਜਦਕਿ ਲੋਕੀ ਪਾਣੀ ਨਾ ਮਿਲਣ ਕਰਕੇ ਮਰ ਰਹੇ ਹਨ। ਆਜ ਤਕ ਨਿਊਜ਼ ਵਿਚ ਦਿਖਾਇਆ ਗਿਆ ਹੈ ਕਿ ਸਰਕਾਰੀ ਹਸਪਤਾਲਾਂ ਵਿਚ ਤਾਂਤਰਿਕਾਂ ਦੀ ਝਾੜ ਫੂਕ ਖੂਬ ਚੱਲ ਰਹੀ ਹੈ। ਕਾਨ੍ਹਪੁਰ ਦੇ ਸਰਕਾਰੀ ਹਸਪਤਾਲ ਵਿਚ ਏ. ਸੀ. ਬਿਜਲੀ ਖੰਭੇ ਬੰਦ ਪਏ ਅਤੇ ਆਈ. ਸੀ. ਯੂ. ਵਿਚ ਲੋਕ ਮਰ ਰਹੇ ਹਨ। ਸਰਕਾਰੀ ਹਸਪਤਾਲ ਠੰਡੇ ਪਏ ਸਿਸਟਮ ਉਪਰ ਚੋਟ ਦਿਨੋ ਦਿਨ ਹੋ ਰਹੀ ਹੈ ਪਰ ਅੱਜ ਦੇ ਨੁਮਾਇੰਦੇ ਅਭਿਸਾਰ ਸ਼ਰਮਾ ਦੀ ਰਿਪੋਰਟ ਮੁਤਾਬਕ ਅਭਿਸ਼ੇਕ ਗੁਪਤਾ ਨੇ ਇਕ ਪੈਟਰੋਲ ਪੰਪ ਲਗਾਉਣ ਲਈ ਸਥਾਨਕ ਅਧਿਕਾਰੀਆਂ ਪਾਸੋਂ ਮਨਜ਼ੂਰੀ ਲੈ ਲਈ। ਜਦੋਂ ਯੋਗੀ ਜੀ ਦੇ ਕੋਲ ਫਾਈਲ ਗਈ ਤਾਂ ਉਥੇ 25 ਲੱਖ ਦੀ ਰਿਸ਼ਵਤ ਮੰਗੀ, ਫਾਈਲ 40 ਦਿਨ ਮੇਜ਼ ਉਪਰ ਪਈ ਰਹੀ ਤਾਂ ਇਸ ਭ੍ਰਿਸ਼ਟਾਚਾਰ ਨੂੰ ਲੈ ਕੇ ਰਿਪੋਰਟ ਤਿਆਰ ਕੀਤੀ ਗਈ ਤਾਂ ਹੁਣ ਗੁਪਤਾ ਜੀ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਰਿਹਾ ਹੈ।

ਇਸ ਦੇ ਰਾਜ ਵਿਚ ਭਗਵਾਕਾਰੀ ਗੁੰਡਾਗਰਦੀ ਵੱਧ ਰਹੀ ਹੈ। ਇਹਨਾਂ ਦੇ ਲੀਡਰ ਸਰਕਾਰੀ ਅਫਸਰਾਂ ਅਤੇ ਪੁਲਿਸ ਉਪਰ ਰੋਅਬ ਪਾਉਂਦੇ ਅਤੇ ਥੱਪੜ ਮਾਰਦੇ ਟੀ. ਵੀ. ਉਪਰ ਦੇਖਣਨੂੰ ਮਿਲਦੇ ਹਨ।ਔਰਤਾਂ ਆਪਣੇ ਆਪ ਨੂੰ ਹਰ ਸਮੇਂ ਡਰੀਆਂ ਮਹਿਸੂਸ ਕਰਦੀਆਂ ਹਨ। ਬਹੁਤ ਸਾਰੇ ਕਰਮਚਾਰੀਆਂ ਨੂੰ ਤਨਖਾਹਾਂ ਨਾ ਮਿਲਣ ਕਰਕੇ ਖੁਸ਼. ਦੇ ਪ੍ਰੋਗਰਾਮ (ਵਿਆਹ, ਮੰਗਣੀ) ਰੱਦ ਕਰਨੇ ਪਏ। ਇੰਝ ਮੋਦੀ ਜੀ ਦੇ ਨੋਟਬੰਦੀ ਦੇ ਫੁਰਮਾਨ ਵਿਚ ਲੋਕਾਂ ਨਾਲ ਇੰਝ ਹੀ ਹੋਇਆ। ਨੋਟਬੰਦੀ ਦੇ ਮਾੜੇ ਦਿਨਾਂ ਵਿਚ ਮੇਰੇ ਕੁੜਮ ਜਸਵੰਤ ਸਿੰਘ ਮਿੱਤਰ ਜੀ ਨੇ ਆਪਣੇ ਮੁੰਡੇ ਦਾ ਵਿਆਹ ਰੱਖ ਦਿੱਤਾ ਸੀ ਪਹਿਲਾਂ ਹੀ। ਸਾਡਾ ਪਰਿਵਾਰ ਪੰਜ ਮੈਂਬਰ ਵਿਆਹ ਉਪਰ ਜਰਮਨ ਤੋਂ ਖੰਨੇ ਗਏ। ਪੈਸੇ ਨਾ ਮਿਲਣ ਕਰਕੇ ਜਰਮਨ ਤੋਂ ਗਏ ਬੱਚੇ ਚੀਕ-ਚਿਹਾੜਾ ਪਾਣ. ਜਾਣ। ਨਾ ਕਿਤੇ ਘੁੰਮਣ ਗਏ ਨਾ ਕੁਝ ਹੋਰ ਵਿਆਹ ਤਾਂ ਮੰਗ-ਧੰਗ ਕੇ ਸਾਰ ਹੀ ਲਿਆ। ਬੈਂਕ ਵਾਲਿਆਂ ਵੀ ਖੜ੍ਹੇ ਪੈਰ ਨਾਂਹ ਕਰ ਦਿੱਤੀ। ਸਾਡੇ ਪੈਸੇ ਬੈਂਕ ਵਿਚ ਪਏ ਤਾਂ ਸਾਨੂੰ ਹੀ ਨਾ ਮਿਲਣ, ਬੱਸ ਪਰੌਠੇ ਖਾ ਖਾ ਕੇ ਗੁਜ਼ਾਰਾ ਘਰ ਬੈਠ ਕੇ ਕਰਦੇ ਰਹੇ ਤਾਂ ਆਖਿਰ ਬੱਚੇ ਕਹਿਣ ਲੱਗੇ, ਅਸੀਂ ਇੰਡੀਆ ਮੁੜ ਕੇ ਨਹੀਂ ਆਉਣਾ, ਦੁਖੀ ਹੋ ਕੇ ਭਾਰਤ ਵਿਚੋਂ ਜਰਮਨ ਆਏ।

ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਨਰਮਦਾ ਨੰਦ ਜੀ ਮਹਾਰਾਜ, ਭੈਯਾ ਮਹਾਰਾਜ, ਪੰਡਤ ਜੋਗਿੰਦਰ ਮਹੰਤ, ਹਰੀਹਰ ਨੰਦ ਮਹਾਰਾਜ, ਕੰਪਿਊਟਰ ਬਾਬਾ, ਇਹ ਪੰਜ ਬਾਬੇ ਪਹਿਲਾਂ ਨਰਮਦਾ ਨਦੀ ਉਪਰ ਇਕ ਕਰੋੜ ਰੁਪਏ ਦੇ ਦਰਖਤ ਲਗਾਉਣ ਸਮੇਂ ਜੋ ਬੇਈਮਾਨੀ, ਘੁਟਾਲਾ ਹੋਇਆ, ਉਸ ਦੇ ਖਿਲਾਫ ਇਹ ਸਾਧ ਟੋਲਾ ਅੰਦੋਲਨ ਕਰਨ ਵਾਲਾ ਸੀ, ਇਹਨਾਂ ਦਾ ਮੂੰਹ ਬੰਦ ਕਰਨ ਲਈ ਰਾਜ ਮੰਤਰੀ ਦੀ ਕੁਰਸੀ ਦੇ ਦਿੱਤੀ ਗਈ। ਇਹ ਹਨ ਥੁੱਕ ਕੇ ਚੱਟਣ ਵਾਲੇ ਧਰਮ ਦੇ ਠੇਕੇਦਾਰ। ਇਹੋ ਜਿਹੇ ਪੰਡੇ ਪੁਜਾਰੀ ਬੇਲਗਾਮ ਨਫਰਤ ਦਾ ਪ੍ਰਚਾਰ ਕਰਦੇ ਹਨ, ਸੰਪਰਦਾਇਕ ਦੰਗੇ ਕਰਵਾਉਂਦੇ ਹਨ ਅਤੇ ਲੋਕਾਂ ਨੂੰ ਭੜਕਾਉਣ ਦਾ ਕੰਮ ਕਰਦੇ ਹਨ।

ਇਹੋ ਜਿਹੇ ਲੀਡਰ ਅਤੇ ਮਹੰਤਾਂ ਦੇ ਕਾਰਨ ਦੇਸ਼ ਅੰਦਰ ਲੜਾਈ-ਝਗੜੇ (ਹਿੰਦੂ, ਮੁਸਲਿਮ, ਸਿੱਖ, ਦਲਿਤ ਆਦਿ) ਕਰਵਾ ਕੇ ਆਪਣਾ ਉੱਲੂ ਸਿੱਧਾ ਕਰਦੇ ਰਹਿੰਦੇ ਹਨ। ਡਾ. ਅੰਬੇਡਕਰ ਜੀ ਨੇ ਕਿੰਨਾ ਠੀਕ ਕਿਹਾ ਹੈ ਕਿ ਬ੍ਰਾਹਮਣਾਂ ਨੇ ਦੇਸ਼ ਦੇ ਸਮਾਜਿਕ ਜੀਵਨ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਅੱਜ ਹਰ ਮਾਨਸਿਕ ਸੋਚ ਆਜ਼ਾਦੀ ਦੀ ਰੱਖਣਵਾਲੇ ਨੇ ਪਰੋਹਿਤ ਦੀ ਵਿਨਾਸ਼ਕਾਰੀ ਕੁਰੀਤੀਆਂ ਨੂੰ ਠੁਕਰਾਇਆ ਹੈ। ਸੁਆਮੀ ਵਿਵੇਕਾਨੰਦ ਜੀ ਨੇ ਪੁਰੋਹਿਤਾਂ ਅਤੇ ਮਹੰਤਾਂ ਬਾਰੇ ਕਿੰਨਾ ਠੀਕ ਕਿਹਾ ਹੈ। ਪੁਰੋਹਿਤ ਰਾਹੀਂ ਫੈਲਾਈ ਜਾ ਰਹੀ ਨਫਰਤ ਦੇ ਕਾਰਨ ਹੀ ਦੇਸ਼ ਦੇ ਦੋ ਵੱਡੇ ਧਾਰਮਿਕ ਅਦਾਰੇ ਹਿੰਦੂ ਅਤੇ ਮੁਸਲਿਮਾਂ ਵਿਚ ਫੁੱਟ ਪਈ ਹੈ ਅਤੇ ਆਪਸ ਵਿਚ ਕੁੜੱਤਣ ਅਤੇ ਹੀਣ ਭਾਵਨਾਂ ਪੈਦਾ ਕੀਤੀ।

ਇਹਨਾਂ ਦੇ ਲੀਡਰਾਂ ਦਾ ਤਾਂ ਕੀ ਹੀ ਕਹਿਣਾ, ਕਹਿੰਦੇ ਹਨ ਕਿ ਸਾਡੇ ਪਾਸ ਅਜਿਹੇ ਮੰਤਰ ਹਨ ਕਿ ਚੀਨ ਦੀਆਂ ਫੌਜਾਂ ਇਹਨਾਂ ਮੰਤਰਾਂ ਮੂਹਰੇ ਟਿਕ ਨਹੀਂ ਸਕਣਗੀਆਂ। ਸੋਮਨਾਥ ਦੇ ਮੰਦਰ ਵੇਲੇ ਵੀ ਇਹੋ ਕੁਝ ਕਿਹਾ ਗਿਆ ਸੀ ਪਰ ਗਜਨੀ ਨੇ ਮੂਲੀ ਗਾਜਰਾਂ ਵਾਂਗ ਕੱਟ-ਵੱਢ ਕੇ ਹੀਰੇ ਜਵਾਹਰਾਤ ਅਤੇ ਸੋਨਾ ਅਤੇ ਕੁੜੀਆਂ ਲੈ ਗਿਆ ਸੀ ਅਤੇ ਇਹਨਾਂ ਦੇ ਮੰਤਰਾਂ ਵਾਲੇ ਪੰਡੇ ਪੁਜਾਰੀ ਹੱਥ ਮਲਦੇ ਰਹਿ ਗਏ ਸਨ, ਜਿਵੇਂ ਗੁਆਂਢੀ ਦੇਸ਼ ਦੇ ਇਕ ਸਿਰ ਬਦਲੇ ਦਸ ਸਿਰ ਲਿਆਉਣ ਦੇ ਲੀਡਰਾਂ ਦੇ ਜੁਮਲੇ ਬਣ ਕੇ ਰਹਿ ਗਏ। ਦਿੱਲੀ ਦੇ ਸਾਂਸਦ ਮਨੋਜ ਤਿਵਾੜੀ ਕਹਿ ਰਹੇ ਹਨ ਕਿ ਅਮਿਤ ਸ਼ਾਹ ਰਾਸ਼ਟਰੀ ਪ੍ਰਧਾਨ ਭਾਜਪਾ ਕਲਯੁਗ ਦੇ ਸ੍ਰੀ ਰਾਮ ਹਨ। ਤਿਵਾੜੀ ਜੀ ਰਿਸ਼ੀ ਵਾਲਮੀਕ ਜੀ ਨੇ ਇਕ ਕਹਾਣੀ ਲਿਖੀਸੀ ਜਿਸ ਵਿਚ ਸ੍ਰੀ ਰਾਮ ਅਤੇ ਬਾਕੀ ਸਭ ਕਾਲਪਨਿਕ ਪਾਤਰ ਸਨ।

ਦੇਸ਼ ਦਾ ਚੌਕੀਦਾਰ ਮੋਦੀ ਜੀ ਦਸ ਲੱਖ ਦਾ ਸੂਟ ਪਾ ਕੇ ਵਿਦੇਸ਼ ਹੀ ਤੁਰਿਆ ਰਹਿੰਦਾ ਹੈ। ਉਸ ਪਾਸ ਗਰੀਬਾਂ ਦੀ ਸਾਰ ਲੈਣ ਦਾ ਤਾਂ ਸਮਾਂ ਹੀ ਨਹੀਂ ਹੈ। ਹੁਣ ਸ਼ਾਇਦ ਅਗਲੇ ਸਾਲ ਲੋਕ ਸਭਾ ਦੀ ਚੋਣ ਹੋਣ ਵਾਲੀ ਕਰਕੇ ਚਾਰ ਸਾਲ ਯੂ. ਪੀ. ਦੇ ਕਿਸਾਨਾਂ ਦੇ ਬਾਕੀ ਗੰਨੇ ਦੇ ਪੈਸਿਆਂ ਦਾ ਚੇਤਾ ਆ ਗਿਆ ਅਤੇ 15 ਲੱਖ ਰੁਪਏ ਬੈਂਕਾਂ ਵਿਚ ਜਮ੍ਹਾ ਕਰਵਾਉਣੇ ਭੁੱਲ ਗਏ। ਮੋਦੀ ਸਾਹਿਬ ਦੇਸ਼ ਦੇ ਪ੍ਰਧਾਨ ਮੰਤਰੀ ਹਨ ਨਾ ਕਿ ਇਕੱਲੇ ਭਾਜਪਾ ਦੇ। ਪਰ ਚੋਣਾਂ ਵੇਲੇ ਪ੍ਰਚਾਰ ਭਾਜਪਾ ਦਾ ਹੀ ਕਰਨ ਜਾਂਦੇ ਹਨ। ਹਾਂ ਕੌਣ ਕਹੇ ਰਾਣੀਏ ਅੱਗਾ ਢਕ। ਇਹ ਗੈਰ ਕਾਨੂੰਨੀ ਹੈ। ਭਾਰਤ ਸਰਕਾਰ ਦੇ ਖ਼ਜ਼ਾਨੇ ਨੂੰ ਲੀਡਰ ਲੋਕ ਅਤੇ ਅਫਸਰ, ਕਰਮਚਾਰੀ ਖੂਬ ਚੂਨਾ ਲਗਾ ਰਹੇ ਹਨ ਅਤੇ ਐਸ਼-ਪ੍ਰਸਤੀ ਕਰ ਰਹੇ ਹਨ। ਪੰਜਾਬ ਵਿਚ ਸੁਰੱਖਿਆ ਦੇ ਨਾਂ 'ਤੇ ਰਾਜਸੀ ਅਤੇ ਧਾਰਮਿਕ ਆਗੂਆਂ ਨੂੰ ਅਤੇ ਪੁਲਿਸ ਅਫਸਰਾਂ ਨੂੰ ਖੁੱਲ੍ਹਾਂ ਦਿੱਤੀਆਂ ਹਨ। ਉਹਨਾਂ ਦਾ ਖਜ਼ਾਨੇ ਉਪਰ 12 ਸੌ ਕਰੋੜ ਰੁਪਏ ਦਾ ਸਾਲਾਨਾ ਬੋਝ ਹੈ। ਚਾਰੇ ਬਾਦਲਾਂ ਦੀ ਸੁਰੱਖਿਆ ਲਈ, ਡਰਾਈਵਰਾਂ ਅਤੇ ਤੇਲ ਦਾ ਖਰਚਾ ਸਾਲਾਨਾ 2 ਕਰੋੜ ਰੁਪਏ ਬਣਦਾ ਹੈ। ਹੋਰਨਾਂ ਸੂਬਿਆਂ ਦਾ ਵੀ ਇਹੋ ਹਾਲ ਹੈ। ਜਦਕਿ 2017 ਵਿਚ ਪੰਜਾਬ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਦਾ 784 ਕਰੋੜ ਰੁਪਏ ਦਿੱਤੇ ਹੀ ਨਹੀਂ।



ਸੋਹਨ ਲਾਲ ਸਾਂਪਲਾ
49-15218371169

ਜਦਕਿ ਕਿਸਾਨ ਤਿੰਨ ਲੱਖ ਤੋਂ ਦਸ ਲੱਖ ਵਾਲੇ ਕਰਜਾਈ ਫਾਹਾ ਲੈ ਕੇ ਮਰ ਰਹੇ ਹਨ। ਇ ਸਰਕਾਰ ਗਰੀਬਾਂ ਵਾਸਤੇ ਨਹੀਂ ਬਲਕਿ ਅਮੀਰਾਂ ਵਾਸਤੇ ਹੈ। ਕਾਨੂੰਨ ਵੀ ਗਰੀਬਾਂ ਉਪਰ ਹੋਰ ਤੇ ਅਮੀਰਾਂ ਉਪਰ ਹੋਰ? ਇੱਥੇ ਹੀ ਬੱਸ ਨਹੀਂ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਸਾਹਿਬ, ਸਾਹਿਬ ਸਾਹਿਬ ਸਾਬਕਾ ਮੁੱਖ ਮੰਤਰੀ, ਰਾਣਾ ਜੀ, ਐਮ. ਪੀ. ਜਾਖੜ ਸਾਹਿਬ ਅਤੇ ਬੀਬੀ ਭੱਠਲ ਅਤੇ ਮਜੀਠੀਆ ਆਦਿ ਇਹਨਾਂ ਨੇਤਾਵਾਂ ਦੀਆਂ ਜਾਇਦਾਦਾਂ ਵਿਚ ਪਿਛਲੇ ਪੰਜ ਸਾਲਾਂ ਵਿਚ 252 ਫੀਸਦੀ ਵਾਧਾ ਹੋਇਆ ਹੈ। ਜਿਹੜੀ ਰਾਜ ਕਰਦੀ ਧਿਰ ਦਾ ਤਾਂ ਵਾਧਾ ਹੋਣਾ ਹੀ ਸੀ ਪਰ ਜਿਹੜੇ ਵਿਰੋਧੀ ਧਿਰ ਸੀ, ਉਹਨਾਂ ਦੀ ਜਾਇਦਾਦ ਵਿਚ ਵੀ ਵਾਧਾ ਹੋਇਆ ਹੈ। ਜਦਕਿ ਪੰਜਾਬ ਦੇ ਕਿਸਾਨਾਂ ਉਪਰ 90 ਹਜ਼ਾਰ ਕਰੋੜ ਦਾ ਕਰਜ਼ਾ ਹੈ ਅਤੇ 4400 ਕਿਸਾਨਾਂ ਨੇ ਆਤਮ ਹੱਤਿਆ ਕਰ ਲਈ ਹੈ।

ਭਾਰਤ ਵਿਚ ਮਨੂੰਵਾਦੀਆਂ ਦੇ ਪਾਂਡੇ, ਪੁਜਾਰੀਆਂ, ਤਾਂਤਰਿਕਾਂ, ਸਾਧ ਟੋਲੇ ਨੇ ਲੋਕਾਂ ਨੂੰ ਅੰਧ ਵਿਸ਼ਵਾਸਾਂ, ਘਟੀਆ ਅਤੇ ਪਿਛਾਂਹਖਿਚੂ ਤਿਉਹਾਰਾਂ ਅਤੇ ਜਾਤਾਂ-ਪਾਤਾਂ ਵਿਚ ਫਸਾ ਕੇ ਆਪਣਾ ਉਲੂ ਸਿੱਧਾ ਕਰੀ ਰੱਖਿਆ ਅਤੇ ਕਰ ਰਹੇ ਹਨ। ਡਾ. ਅੰਬੇਡਕਰ ਜੀ ਨੇ ਕਿਸੇ ਭੇਦ-ਭਾਵ ਤੋਂ ਬਿਨਾਂ ਹਰ ਭਾਰਤ ਵਾਸੀ ਨੂੰ ਵੋਟ ਦਾ ਬਰਾਬਰ ਹੱਕ ਲੈ ਕੇ ਦਿੱਤਾ, ਚਾਹੇ ਰਾਜਾ ਹੋਵੇ ਜਾਂ ਰੰਕ। ਜੇਕਰ ਵੋਟ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਸਰਕਾਰਾਂ ਡੇਗ ਦਿੱਤੀਆਂ ਜਾਂਦੀਆਂ ਹਨ। ਵੋਟ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਸ੍ਰੀ ਅਟਲ ਬਿਹਾਰੀ ਜੀ ਦੀ ਸਰਕਾਰ ਇਕ ਵੋਟ ਘੱਟ ਹੋਣ ਕਰਕੇ 13 ਦਿਨਾਂ ਬਾਅਦ ਡਿੱਗ ਪਈ ਸੀ।

ਇਸਨੂੰ ਕਹਿੰਦੇ ਹਨ ਵੋਟ ਦਾ ਚਮਤਕਾਰ। ਪਿਛਲੇ ਤਿੰਨ ਸੂਬਿਆਂ ਦੀ ਚੋਣ ਤੋਂ ਬਾਅਦ ਭਾਜਪਾ ਗੈਰ-ਸੰਵਿਧਾਨਕ ਤਰੀਕੇ ਨਾਲ ਆਪਣੀਆਂ ਸਰਕਾਰਾਂ ਬਣਾ ਰਹੀ ਹੈ। ਹਰ ਵਾਰ ਚਿਤ ਵੀ ਮੇਰੀ ਅਤੇ ਪਟ ਵੀ ਮੇਰੀ, ਨਹੀਂ ਚੱਲਣੀ। ਇਸ ਲਈ ਭੈਣੋ ਤੇ ਭਰਾਵੋ, ਅਗਲੇ ਸਾਲ ਚੋਣਾਂ ਵਿਚ ਸੋਚ-ਸਮਝ ਕੇ ਵੋਟ ਪਾਉਣ ਦਾ ਹੰਭਲਾ ਮਾਰੋ।

# ਸਿੱਖਿਆ 'ਚ ਸੁਧਾਰ ਲਈ ਖਜ਼ਾਨੇ 'ਚੋਂ ਤਨਖਾਹ ਪ੍ਰਾਪਤ ਕਰਨ ਵਾਲਾ ਹਰ ਵਿਅਕਤੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ 'ਚ ਪੜ੍ਹਾਵੇ

ਸਿੱਖਿਆ ਅਤੇ ਸਿਹਤ ਕਿਸੇ ਦੇਸ਼ ਦੇ ਵਿਕਾਸ ਦੀਆਂ ਦੋ ਮੁੱਢਲੀਆਂ ਪੌੜੀਆਂ ਹਨ।ਸਿਹਤ ਮਨੁੱਖ ਨੂੰ ਸਰੀਰਕ ਰੂਪ 'ਚ ਤੰਦਰੁਸਤ ਰੱਖਣ ਨਾਲ ਸਬੰਧਿਤ ਹੈ ਜਦੋਂ ਕਿ ਸਿੱਖਿਆ ਮਨੁੱਖ ਦੇ ਮਾਨਸਿਕ ਪੱਖ ਦਾ ਵਿਕਾਸ ਕਰਦੀ ਹੈ। ਕਿਸੇ ਵੀ ਦੇਸ਼ ਦੀ ਉੱਨਤੀ ਲਈ ਉੱਥੋਂ ਦੇ ਨਾਗਰਿਕਾਂ ਦਾ ਇਨ੍ਹਾਂ ਦੋਵੇਂ ਪੱਖਾਂ ਦਾ ਵਿਕਾਸ ਹੋਣਾ ਜਰੂਰੀ ਹੈ। ਇਸੀ ਕਾਰਨ ਸਿੱਖਿਆ ਦੇ ਮਹੱਤਵ ਨੂੰ ਸਮਝਦੇ ਹੋਏ, ਪੰਜਾਬ ਵਿੱਚ ਦਿਨ-ਬ-ਦਿਨ ਨਿਘਾਰ ਵੱਲ ਜਾ ਰਹੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵਰਤਮਾਨ ਪੰਜਾਬ ਸਰਕਾਰ ਵੱਲੋਂ ਪਿਛਲੇ ਕੁਝ ਸਮੇਂ ਤੋਂ ਕਾਫੀ ਯਤਨ ਕੀਤੇ ਜਾ ਰਹੇ ਹਨ ਪਰ ਸਮੱਸਿਆ ਹੱਲ ਹੋਣ ਦੇ ਸਥਾਨ ਤੇ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਇਸ ਲਈ ਸਮਾਜ ਦੇ ਕੁਝ ਕੁ ਲੋਕਾਂ ਦੁਆਰਾ ਸਮੇਂ ਸਮੇਂ ਤੇ ਸੋਸ਼ਲ ਮੀਡੀਆ ਦੇ ਮਾਧਿਅਮ ਰਾਹੀ ਇਹ ਵੀ ਮੰਗ ਕੀਤੀ ਜਾਂਦੀ ਰਹੀ ਹੈ ਕਿ ਪੰਜਾਬ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਤੇ ਸਰਕਾਰੀ ਸਕੂਲਾਂ ਦੀ ਸਥਿਤੀ ਨੂੰ ਸੁਧਾਰਨ ਲਈ ਇਹ ਜਰੂਰੀ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਹੀ ਪੜ੍ਹਨ ਦਾ ਨਿਯਮ ਬਣਾ ਦੇਣਾ ਚਾਹੀਦਾ ਹੈ ਤੇ ਹੁਣ ਸਕੂਲ ਸਿੱਖਿਆ ਵਿੱਚ ਸੁਧਾਰ ਕਰਨ ਦੇ ਮੰਤਵ ਲਈ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਪੰਜਾਬ ਦੇ 10 ਪ੍ਰਿੰਸੀਪਲ ਸਹਿਬਾਨ ਦੀ ਇੱਕ ਕਮੇਟੀ ਬਣਾਈ ਗਈ ਹੈ। ਇੱਥੇ ਮਾਣਯੋਗ ਮੁੱਖ ਮੰਤਰੀ ਸਾਹਿਬ ਦੀ ਪ੍ਰਸ਼ੰਸਾ ਕਰਨ ਬਣਦੀ ਹੈ ਕਿ ਇਹ ਕਮੇਟੀ ਖਾਨਾ ਪੂਰਤੀ ਕਰਨ ਲਈ ਆਪਣੇ ਚਹੇਤਿਆਂ ਦੀ ਨਹੀਂ ਬਣਾਈ ਗਈ ਸਗੋਂ ਇਸ ਵਿੱਚ ਉਨ੍ਹਾਂ ਸੀ.ਸੈ. ਸਕੂਲਾਂ ਦੇ ਪ੍ਰਿੰਸੀਪਲ ਸਹਿਬਾਨ ਨੂੰ ਲਿਆ ਗਿਆ ਹੈ ਜਿਨ੍ਹਾਂ ਸਕੂਲਾਂ ਦਾ ਬੋਰਡ ਦਾ ਨਤੀਜਾ 100ਗ਼ ਰਿਹਾ ਹੈ। ਇਸ ਕਮੇਟੀ ਦਾ ਮੁੱਖ ਮੰਤਵ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਕਰਨ ਦੇ ਲਈ ਸਿਫਾਰਸ਼ਾ ਕਰਨਾ ਹੈ। ਹੁਣ ਚਰਚਾ ਇਹ ਹੈ ਕਿ ਇਸ ਕਮੇਟੀ ਵੱਲੋਂ ਇਹ ਵੀ ਸਿਫਾਰਸ਼ ਕੀਤੀ ਗਈ ਹੈ ਕਿ ਚਪੜਾਸੀ ਤੋਂ ਲੈ ਕਿ ਡੀ.ਸੀ. ਤੱਕ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਹੀ ਪੜ੍ਹਨੇ ਚਾਹੀਦੇ ਹਨ। ਭਾਵੇਂ ਕਿ ਕਮੇਟੀ ਦੀ ਇਸ ਸਿਫਾਰਸ਼ ਤੇ ਅੰਤਿਮ ਫੈਸਲਾ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਹੀ ਕਰਨਾ ਹੈ ਫਿਰ ਵੀ ਇਸ ਨੂੰ ਮਿਆਰੀ ਸਿੱਖਿਆ ਲਈ ਇੱਕ ਚੰਗਾ ਕਦਮ ਮੰਨਿਆ ਜਾ ਸਕਦਾ ਹੈ। ਸਗੋਂ ਮੈਂ ਤਾਂ ਇਹ ਕਹਾਂਗਾ ਕਿ ਸਰਕਾਰੀ ਖਜ਼ਾਨੇ ਵਿੱਚੋਂ ਕਿਸੇ ਵੀ ਰੂਪ ਵਿੱਚ ਤਨਖਾਹ ਜਾਂ ਪੈਨਸ਼ਨ ਪ੍ਰਾਪਤ ਕਰਨ ਵਾਲੇ ਹਰ ਵਿਅਕਤੀ ਨੂੰ ਆਪਣਾ ਇਲਾਜ ਸਰਕਾਰੀ ਹਸਪਤਾਲਾਂ ਅਤੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਦਾ ਹਲਫ ਨਾਮਾ ਦੇਣਾ ਚਾਹੀਦਾ ਹੈ ਤੇ ਉਲੰਘਣਾ ਕਰਨ ਵਾਲੇ ਵਿਅਕਤੀ ਦੀਆਂ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਜੇ ਪੰਜਾਬ ਦੀ ਕੈਪਟਨ ਸਰਕਾਰ ਇਸ ਸਖ਼ਤ ਕਦਮ ਨੂੰ ਚੁੱਕਣ ਵਿੱਚ ਸਫਲ ਹੋ ਜਾਂਦੀ ਹੈ ਤਾਂ ਮੈਨੂੰ ਲਗਦਾ ਹੈ ਸਿਹਤ ਅਤੇ ਸਿੱਖਿਆ ਜਿਸ ਨੂੰ ਕਿਸੇ ਵੀ ਰਾਜ ਦੀ ਸਫਲਤਾ ਲਈ ਰੀੜ ਦੀ ਹੱਡੀ ਕਿਹਾ ਜਾਂਦਾ ਹੈ ਦੋਵੇਂ ਖੇਤਰਾਂ ਵਿੱਚ ਪੰਜਾਬ ਨੂੰ ਉੱਚ ਮਿਆਰ ਸਥਾਪਤ ਕਰਨ ਤੋਂ ਦੁਨੀਆਂ ਦੀ ਕੋਈ ਵੀ ਸ਼ਕਤੀ ਨਹੀਂ ਰੋਕ ਸਕਦਾ ਪਰ ਇੱਥੇ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ ਫੈਸਲਾ ਲਾਗੂ ਕਰਨਾ ਇੰਨ੍ਹਾਂ ਸਰਲ ਨਹੀਂ ਜਿੰਨ੍ਹਾਂ ਕਿ ਜਾਪਦਾ ਹੈ ਕਿਉਂਕਿ ਬਹੁਤੇ ਨਿੱਜੀ ਸਕੂਲਾਂ ਅਤੇ ਨਿੱਜੀ ਹਸਪਤਾਲਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਰਾਜਨੀਤਿਕ ਨੇਤਾਵਾਂ ਦੀ ਹਿੱਸੇਦਾਰੀ ਬਾਰੇ ਸਾਰੇ ਭਲੀ-ਭਾਂਤੀ ਜਾਣੂ ਹਨ।



ਜੇਕਰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਦੀ ਸ਼ਰਤ ਕੇਵਲ ਸਰਕਾਰੀ ਅਧਿਆਪਕਾਂ ਤੇ ਲਗਦੀ ਹੈ ਤਾਂ ਇਹ ਤਾਂ ਉਠ ਦੇ ਮੂੰਹ ਵਿੱਚ ਜੀਰੇ ਦੇ ਸਮਾਨ ਹੀ ਹੋਵੇਗਾ। ਕਿਉਂਕਿ ਕੋਈ ਸਮਾਂ ਸੀ ਜਦੋਂ ਅਧਿਆਪਕ ਨੂੰ ਸਪੂੰਰਨ ਸਿੱਖਿਆ ਤੰਤਰ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਸੀ ਉਦੋਂ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਵਿੱਚ ਖੁਦ ਮੁਖਤਿਆਰ ਸੀ। ਉਸਦਾ ਮੁੱਖ ਕੰਮ ਆਪਣੇ ਵਿਦਿਆਰਥੀਆਂ ਨੂੰ ਕੇਵਲ ਪੜ੍ਹਾਉਣਾ ਸੀ ਪਰ ਅੱਜ ਦੀ ਸਥਿਤੀ ਬਿਲਕੁੱਲ ਉਲਟ ਹੈ। ਅੱਜ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ ਵਿਰੋਧੀ ਨਿੱਤ ਰੋਜ ਨਵੇਂ-ਨਵੇਂ ਤਜਰਬੇ ਦੇ ਰੂਪ ਵਿੱਚ ਫੈਸਲੇ ਅਧਿਆਪਕਾਂ ਤੇ ਜਬਰਦਸਤੀ ਠੋਸੇ ਜਾਂਦੇ ਹਨ (ਸਿੱਖਿਆ ਦੇ ਅਧਿਕਾਰ ਐਕਟ 2009 ਦੇ ਬੁਰੇ ਪ੍ਰਭਾਵ ਸਾਡੇ ਸਾਹਮਣੇ ਹਨ)। ਅਧਿਆਪਕਾਂ ਤੇ ਗੈਰ ਵਿੱਦਿਅਕ ਕੰਮਾਂ ਦਾ ਬੋਝ ਇੰਨਾਂ ਹੈ ਕਈ ਵਾਰ ਤਾਂ ਜਾਪਦਾ ਹੈ ਕਿ ਇੱਕ ਅਧਿਆਪਕ ਦੀ ਨਿਯੁਕਤੀ ਬੱਚਿਆਂ ਨੂੰ ਪੜ੍ਹਾਉਣ ਲਈ ਨਹੀਂ ਸਗੋਂ ਗੈਰ ਵਿੱਦਿਅਕ ਕੰਮਾਂ ਜਿਵੇਂ ਕਿ ਵੋਟਾਂ ਬਣਾਉਣਾ, ਵੋਟਾਂ ਕੱਟਣਾ, ਵੋਟਾਂ ਪਵਾਉਣਾ, ਮਿਡ-ਡੇ-ਮੀਲ ਬਣਾਉਣਾ, ਹਰ ਤਰ੍ਹਾਂ ਦਾ ਸਰਵੇ ਕਰਨ, ਆਧਾਰ ਕਾਰਡ ਬਣਾਉਣ, ਬੈਂਕ ਖਾਤੇ ਖੁਲਵਾਉਣ, ਵਜ਼ੀਫੇ ਆਨ ਲਾਈਨ ਭਰਨ, ਬੱਚਿਆਂ ਦਾ ਡਾਟਾ ਈ ਪੰਜਾਬ ਤੇ ਭਰਨ, ਮਰਦਮ ਸ਼ੁਮਾਰੀ ਕਰਨ ਆਦਿ ਆਦਿ ਲਈ ਕੀਤੀ ਗਈ ਹੈ। ਇਸ ਸਮੇਂ ਅਧਿਆਪਕ ਸਿੱਖਿਆ ਦੇ ਖੇਤਰ ਦਾ ਕੇਂਦਰ ਬਿੰਦੂ ਨਾ ਹੋ ਕੇ ਇੱਕ ਮੋਹਰਾ ਮਾਤਰ ਜਾਪਦਾ ਹੈ ਜਾਂ ਇਸ ਨੂੰ ਪ੍ਰਸਾਸ਼ਨ ਰੂਪੀ ਗੱਡੀ ਦਾ ਪੰਜਵਾਂ ਪਹੀਆ ਕਹਿਣਾ ਵਧੇਰੇ ਉਚਿਤ ਹੋਵੇਗਾ।

ਇਸ ਕਰਕੇ ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਜੇਕਰ ਕੈਪਟਨ ਸਾਹਿਬ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਕਰਨ ਲਈ ਸੁਹਿਰਦ ਹਨ ਤਾਂ ਉਨ੍ਹਾਂ ਨੂੰ ਨੇਕ ਨਿਅਤੀ ਨਾਲ ਇਸ ਫੈਸਲੇ ਦੇ ਅਧੀਨ ਹਰ ਉਸ ਵਿਅਕਤੀ ਨੂੰ ਲਿਆਉਣਾ ਪਵੇਗਾ ਜੋ ਕਿਸੇ ਵੀ ਰੂਪ ਵਿੱਚ ਸਰਕਾਰੀ ਖਜ਼ਾਨੇ 'ਚੋਂ ਤਨਖਾਹ ਜਾਂ ਪੈਨਸ਼ਨ ਪ੍ਰਾਪਤ ਕਰਦਾ ਹੈ।



ਮੁਹੰਮਦ ਬਸ਼ੀਰ
91-94171-58300

ਜਦੋਂ ਇੱਕ ਮੰਤਰੀ, ਇੱਕ ਡੀ.ਸੀ. ਆਦਿ ਦਾ ਬੱਚਾ ਵੀ ਉਸੇ ਸਰਕਾਰੀ ਸਕੂਲ ਵਿੱਚ ਪੜ੍ਹੇਗਾ ਹੁਣ ਜਿਨ੍ਹਾਂ ਸਰਕਾਰੀ ਸਕੂਲਾਂ (ਮੁੱਢਲੀਆਂ ਸਹੂਲਤਾਂ ਤੋਂ ਵੀ ਸੱਖਣੇ, ਅਧਿਆਪਕਾਂ ਦੀ ਕਮੀ ਨਾਲ ਲੜ੍ਹ ਰਹੇ, ਬੀਮਾਰ ਬਿਲਡਿੰਗਾਂ ਵਿੱਚ ਚੱਲ ਰਹੇ ਆਦਿ) ਵਿੱਚ ਕੇਵਲ ਦਬੇ-ਕੁੱਚਲੇ ਲੋਕ ਪੜ੍ਹਾਉਣ ਲਈ ਮਜਬੂਰ ਹਨ ਤਾਂ ਕੁਦਰਤੀ ਰੂਪ ਵਿੱਚ ਉਹ ਸਰਕਾਰੀ ਸਕੂਲ ਹਰੇਕ ਤਰ੍ਹਾਂ ਦੀਆਂ ਅਧੁਨਿਕ ਤਕਨੀਕਾਂ ਨਾਲ ਲੈਸ ਹੋ ਜਾਣਗੇ। ਇਨ੍ਹਾਂ ਵਿੱਚ ਮੁੱਢਲੇ ਢਾਂਚੇ ਦੇ ਨਾਲ ਨਾਲ ਅਧਿਆਪਕਾਂ ਦੀ ਕਮੀ ਦੂਰ ਹੋਣ ਵਿੱਚ ਓਕਾ ਹੀ ਸਮਾਂ ਨਹੀਂ ਲੱਗੇਗਾ ਅਤੇ ਨੀਤੀ ਵੀ ਫਿਰ ਤਜਰਬੇ ਕਰਨ ਲਈ ਨਹੀਂ ਸਗੋਂ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਕਰਨ ਲਈ ਬਣਾਈ ਜਾਵੇਗੀ। ਇਸ ਤਰ੍ਹਾਂ ਪੰਜਾਬ 'ਚ ਸਿੱਖਿਆ ਦੇ ਖੇਤਰ ਵਿੱਚ ਨਿਘਾਰ ਵੱਲ ਜਾ ਰਹੇ ਮਿਆਰ ਨੂੰ ਨੱਥ ਪਾ ਕੇ ਮਿਆਰੀ ਸਿੱਖਿਆ ਵੱਲ ਵਧਿਆ ਜਾ ਸਕਦਾ ਹੈ ਤੇ ਸਰਕਾਰੀ ਸਕੂਲਾਂ ਨੂੰ ਵੀ ਨਿੱਜੀ ਅਤੇ ਕਾਨਵੈਂਟ ਸਕੂਲਾਂ ਦਾ ਹਾਣੀ ਬਣਾ ਕੇ ਲੋਕਾਂ ਨੂੰ ਇਨ੍ਹਾਂ ਦੀ ਲੁੱਟ ਤੋਂ ਬਚਾਇਆ ਜਾ ਸਕਦਾ ਹੈ।

# ਜਦੋਂ ਸੰਘ ਨੇ ਨਹਿਰੂ ਦੀ ਤਾਰੀਫ਼ ਕੀਤੀ



**ਇਸ ਮੁਲਾਕਾਤ ਦੀ ਸਿਫਤ ਕਰਦੇ ਹੋਏ ਆਰਗੇਨਾਈਜ਼ਰ ਨੇ ਲਿਖਿਆ, ''ਕਿਸੇ ਵੀ ਪਾਰਟੀ ਦੇ ਅਤੀਤ ਨੂੰ ਰਾਸ਼ਟਰ ਦੀ ਪੂਰੀ ਸਮਰੱਥਾ ਅਤੇ ਊਰਜਾ ਦੀ ਵਰਤੋਂ ਕਰਨ ਦੇ ਰਾਹ ਵਿੱਚ ਰੋੜਾ ਬਨਣ ਦੀ ਆਗਿਆ ਨਹੀਂ ਦੇਣੀ ਚਾਹੀਦੀ''। ਉਮੀਦ ਅਤੇ ਸ਼ੁਭ ਇਛਾਵਾਂ ਦੇ ਨਾਲ ਇਸ ਲੇਖ ਦੇ ਅੰਤ ਵਿੱਚ ਇਸ ਤਰ੍ਹਾਂ ਲਿਖਿਆ ਗਿਆ, "ਸੰਤ ਅਤੇ ਰਾਜਨੇਤਾ, ਸੰਸਕ੍ਰਿਤਿਕ ਸ਼ਕਤੀ ਅਤੇ ਸਿਆਸੀ ਤਾਕਤ ਦੇ ਵਿੱਚ ਦੀ ਇਹ ਮੁਲਾਕਾਤ ਦੇਸ਼ ਭਗਤੀ ਨਾਲ ਜੁੜੀਆਂ ਤਾਕਤਾਂ ਵਿੱਚ ਏਕਤਾ ਦਾ ਰਾਹ ਦਿਖਾਏਗੀ। ਦੇਸ਼ ਨੂੰ ਅੱਜ ਇਸਦੀ ਬੇਹੱਦ ਲੋੜ ਹੈ"।**



ਗੁਰਮੀਤ ਸਿੰਘ ਪਲਾਹੀ
91-98158-02070

**ਮੂਲ ਲੇਖਕ:- ਰਾਮ ਚੰਦਰ ਗੁਹਾ**
**(ਪ੍ਰਸਿੱਧ ਇਤਿਹਾਸਕਾਰ)**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਪ੍ਰਣਾਬ ਮੁਖਰਜੀ ਨੂੰ ਨਾਗਪੁਰ ਸੱਦਾ ਦੇਣ ਤੋਂ ਕਾਫੀ ਪਹਿਲਾਂ ਆਰ ਐਸ ਐਸ (ਰਾਸ਼ਟਰੀ ਸਵੈ ਸੇਵਕ ਸੰਘ) ਨੇ ਕਿਧਰੇ ਵੱਧ ਮਹਾਨ ਕਾਂਗਰਸੀ ਨਾਲ, ਰਿਸ਼ਤੇ ਸੁਧਾਰਨ ਦੀ ਕੋਸ਼ਿਸ਼ ਕੀਤੀ ਸੀ। 30 ਅਗਸਤ 1949 ਨੂੰ ਸੰਘ ਮੁੱਖੀ ਐਮ ਐਸ ਗੋਲਵਲਕਰ ਅਤੇ ਜਵਾਹਰ ਲਾਲ ਨਹਿਰੂ ਦੇ ਦਰਮਿਆਨ ਤੀਨ ਮੂਰਤੀ ਭਵਨ ਵਿੱਚ ਲਗਭਗ ਵੀਹ ਮਿੰਟ ਤੱਕ ਗੱਲਬਾਤ ਹੋਈ ਸੀ। ਇਹ ਮੌਕਾ ਸੰਘ ਦੇ ਪ੍ਰਮੁੱਖ ਅਖ਼ਬਾਰ ਆਰਗੇਨਾਈਜ਼ਰ ਦੀ 6 ਸਤੰਬਰ 1949 ਅਖ਼ਬਾਰ ਦੀ ਮਸ਼ਹੂਰ ਕਹਾਣੀ ਬਣ ਗਿਆ, ਜਿਸ ਦਾ ਸ਼ੀਰਸ਼ਕ ਸੀ, ''ਨੀਤੀ ਦੇ ਦੋ ਵਿਅਕਤੀਆਂ ਦੀ ਮੁਲਾਕਾਤ: ਭਾਰਤ ਦੇ ਭਵਿੱਖ ਲਈ ਇੱਕ ਸੁਖਾਵਾਂ ਅਹਿਸਾਸ''। ਇਸ ਆਲੇਖ ਵਿੱਚ ਕਿਹਾ ਗਿਆ ਕਿ ''ਸਿੱਖਿਆਬੋਧ ਦੇ ਬੱਦਲਾਂ'' ਨੇ ਕਾਂਗਰਸ ਅਤੇ ਸੰਘ ਵਿੱਚ ਖਾਈ ਕਰ ਦਿੱਤੀ ਹੈ, ਉਮੀਦ ਹੈ ਉਹ ਹੁਣ ਭਰ ਜਾਏਗੀ''।

ਇਸ ਮੁਲਾਕਾਤ ਦੀ ਸਿਫਤ ਕਰਦੇ ਹੋਏ ਆਰਗੇਨਾਈਜ਼ਰ ਨੇ ਲਿਖਿਆ, ''ਕਿਸੇ ਵੀ ਪਾਰਟੀ ਦੇ ਅਤੀਤ ਨੂੰ ਰਾਸ਼ਟਰ ਦੀ ਪੂਰੀ ਸਮਰੱਥਾ ਅਤੇ ਊਰਜਾ ਦੀ ਵਰਤੋਂ ਕਰਨ ਦੇ ਰਾਹ ਵਿੱਚ ਰੋੜਾ ਬਨਣ ਦੀ ਆਗਿਆ ਨਹੀਂ ਦੇਣੀ ਚਾਹੀਦੀ''। ਉਮੀਦ ਅਤੇ ਸ਼ੁਭ ਇਛਾਵਾਂ ਦੇ ਨਾਲ ਇਸ ਲੇਖ ਦੇ ਅੰਤ ਵਿੱਚ ਇਸ ਤਰ੍ਹਾਂ ਲਿਖਿਆ ਗਿਆ,'' ਸੰਤ ਅਤੇ ਰਾਜਨੇਤਾ, ਸੰਸਕ੍ਰਿਤਿਕ ਸ਼ਕਤੀ ਅਤੇ ਸਿਆਸੀ ਤਾਕਤ ਦੇ ਵਿੱਚ ਦੀ ਇਹ ਮੁਲਾਕਾਤ ਦੇਸ਼ ਭਗਤੀ ਨਾਲ ਜੁੜੀਆਂ ਤਾਕਤਾਂ ਵਿੱਚ ਏਕਤਾ ਦਾ ਰਾਹ ਦਿਖਾਏਗੀ। ਦੇਸ਼ ਨੂੰ ਅੱਜ ਇਸਦੀ ਬੇਹੱਦ ਲੋੜ ਹੈ''। ਕੁਝ ਹਫਤਿਆਂ ਬਾਅਦ ਗੋਲਵਲਕਰ ਅਤੇ ਨਹਿਰੂ ਦੀ ਇੱਕ ਹੋਰ ਮੁਲਾਕਾਤ ਹੋਈ। ਇਸ ਤੋਂ ਬਾਅਦ ਸੰਘ ਮੁੱਖੀ ਨੇ ਕਿਹਾ, ''ਸਾਡੇ ਦੋਹਾਂ ਦੌਰਾਨ ਵਿਚਾਰ-ਵਟਾਂਦਰਾ ਹੋਇਆ ਹੈ ਅਤੇ ਅਸੀਂ ਇੱਕ ਦੂਜੇ ਦੇ ਮਨ ਦੀ ਗੱਲ ਸਮਝਣ ਦਾ ਯਤਨ ਕੀਤਾ ਹੈ''। ਆਰਗੇਨਾਈਜ਼ਰ ਨੇ ਇਸ ਤੋਂ ਬਾਅਦ ਇਥੋਂ ਤੱਕ ਲਿਖ ਦਿੱਤਾ ''ਜਿਹੋ ਜਿਹਾ ਹੋਣਾ ਚਾਹੀਦਾ ਹੈ, ਕਾਂਗਰਸ ਅਤੇ ਸੰਘ ਦੇ ਕੋਲ ਭਾਰਤ ਨੂੰ ਲੈ ਕੇ ਥੋੜ੍ਹਾ ਬਹੁਤਾ ਇਕੋ ਜਿਹਾ ਦ੍ਰਿਸ਼ਟੀਕੋਨ ਹੈ। ਇਹ ਸਪਸ਼ਟ ਹੈ ਕਿ ਦੇਸ਼ ਦੇ ਕਿਸੇ ਦੋ ਹੋਰ ਅੰਦੋਲਨਾਂ ਦੇ ਇੰਨੇ ਨਜ਼ਦੀਕੀ ਉਦੇਸ਼ ਨਹੀਂ ਹਨ। ਇਸਦੇ ਬਾਅਦ ਬੇਹੱਦ ਦੁਖੀ ਹਿਰਦੇ ਨਾਲ ਸਪਸ਼ਟੀਕਰਨ ਦਿੰਦਿਆਂ ਇੱਕ ਦੂਜੇ ਦੇ ਸਮਾਨੰਤਰ ਦ੍ਰਿਸ਼ਟੀਕੋਨ ਦਿੰਦਿਆਂ ਲਿਖਿਆ ਗਿਆ, ''ਇਸ ਵਿੱਚ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਕੋਈ ਵੀ ਧਰਮ ਨਿਰਪੱਖ ਜਾਂ ਧਾਰਮਿਕ ਰਾਜ ਆਪਣੇ ਨਾਗਰਿਕਾਂ ਨੂੰ, ਜਿਹਨਾ ਦੀ ਉਹ ਪਾਲਣਾ ਪੋਸ਼ਣਾ ਕਰਦਾ ਹੈ ਅਤੇ ਸੁਰੱਖਿਆ ਦੇਂਦਾ ਹੈ, ਉਹਨਾ ਨੂੰ ਦੇਸ਼ ਨੂੰ ਕਮਜ਼ੋਰ ਕਰਨ ਅਤੇ ਉਸਦੇ ਰਾਸ਼ਟਰੀ ਸਭਿਆਚਾਰ ਦੀ ਹੇਠੀ ਕਰਨ ਦੀ ਆਗਿਆ ਨਹੀਂ ਦੇ ਸਕਦਾ। ਨਿਸ਼ਚਿਤ ਰੂਪ ਵਿੱਚ ਨਾ ਹੀ ਪੰਡਿਤ ਜੀ ਅਤੇ ਨਾ ਹੀ ਸ਼੍ਰੀ ਗੁਰੂ ਜੀ ਧਰਮ ਨਿਰਪੱਖਤਾ ਦੇ ਨਾਂ ਉਤੇ ਇਸ ਤੋਂ ਅੱਗੇ ਝੁਕਣਗੇ''।

ਆਪਣੇ ਗੁਰੂ ਗਾਂਧੀ ਵਾਂਗਰ ਨਹਿਰੂ ਵੀ ਨਿਮਰਤਾ ਅਤੇ ਸ਼ਿਸ਼ਟਾਚਾਰ ਨੂੰ ਅਪਨਾਉਂਦੇ ਸਨ, ਹਮੇਸ਼ਾ ਉਹਨਾ ਨੂੰ ਚਾਹੁਣ ਵਾਲੇ ਅਤੇ ਆਲੋਚਕਾਂ ਦੋਨਾਂ ਨੂੰ ਮਿਲਣ ਲਈ ਉਤਸੁਕ ਰਹਿੰਦੇ ਸਨ। ਉਹਨਾ ਦੇ ਮਨ 'ਚ ਰੱਤੀ ਭਰ ਵੀ ਸ਼ੱਕ ਨਹੀਂ ਸੀ ਕਿ ਸੰਘ ਅਤੇ ਉਹ ਖ਼ੁਦ ਸਿਧਾਂਤਕ ਤੌਰ ਤੇ ਇੱਕ ਦੂਜੇ ਤੋਂ ਵੱਖਰੇ ਹਨ। ਹਾਲਾਂਕਿ ਉਲਾਰ ਸੋਚ ਵਾਲੇ ਕਾਂਗਰਸੀ, ਸੰਘ ਦੇ ਨਾਲ ਮੇਲ-ਮਿਲਾਪ ਦੇ ਹੱਕ ਵਿੱਚ ਸਨ। ਅਕਤੂਬਰ, 1949 ਵਿੱਚ ਜਦੋਂ ਪ੍ਰਧਾਨ ਮੰਤਰੀ ਅਮਰੀਕਾ ਗਏ ਹੋਏ ਸਨ, ਉਸ ਸਮੇਂ ਕੁਝ ਪ੍ਰਸਿੱਧ ਕਾਂਗਰਸ ਨੇਤਾਵਾਂ ਨੇ ਕਿਹਾ ਸੀ ਕਿ ਉਹ ਸੰਘ ਦੇ ਮੈਂਬਰਾਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣਗੇ। ਇਸ ਕਦਮ ਦਾ ਸਵਾਗਤ ਕਰਦੇ ਹੋਏ ਆਰਗੇਨਾਈਜ਼ਰ ਨੇ ਲਿਖਿਆ, ''ਇਹ ਕਾਂਗਰਸ ਦੀ ਸੰਘ ਦੇ ਵਿਰੁੱਧ ਜੰਗ ਦਾ ਅੰਤ ਹੈ। ਰਾਸ਼ਟਰੀ ਇੱਕਜੁੱਟਤਾ ਦੀ ਦਿਸ਼ਾ ਵਿੱਚ ਇਹ ਇੱਕ ਸਹੀ ਕਦਮ ਹੈ''। ਸੰਘ ਦੇ ਅਖ਼ਬਾਰ ਨੇ ਲਿਖਿਆ, ''ਕਮਿਊਨਿਸਟ ਭਾਰਤ ਨੂੰ ਰੂਸ ਦਾ ਦਾਸ ਬਨਾਉਣਾ ਚਾਹੁੰਦੇ ਹਨ ਅਤੇ ਸਮਾਜਵਾਦੀ ਹਾਲੇ ਆਪਣੇ ਪੈਰ ਜਮਾਉਣ ਦੀ ਕੋਸ਼ਿਸ਼ ਹੀ ਕਰ ਰਹੇ ਹਨ, ਇਸ ਸੰਕਟ ਦੀ ਘੜੀ ਕਾਂਗਰਸ ਅਤੇ ਸੰਘ ਦੇ ਵਿਚਕਾਰ ਸਦਭਾਵ ਅਤੇ ਸਹਿਯੋਗ ਰਾਸ਼ਟਰੀ ਏਕਤਾ ਦੀ ਪੱਕੀ ਗਰੰਟੀ ਹੈ''।

ਇਸੇ ਦਰਮਿਆਨ, ਜਵਾਹਰਲਾਲ ਨਹਿਰੂ ਨੇ ਅਮਰੀਕਾ ਦਾ ਸਫਲ ਦੌਰਾ ਕੀਤਾ, ਜਿਸ ਵਿੱਚ ਅਮਰੀਕਾ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਉਸਦੀਆਂ ਵੱਡੀਆਂ ਰੈਲੀਆਂ ਹੋਈਆਂ ਅਤੇ ਉਥੋਂ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਨੇ ਉਹਨਾ ਨੂੰ ਡਾਕਟਰੇਟ ਦੀਆਂ ਡਿਗਰੀਆਂ ਨਾਲ ਨਿਵਾਜਿਆ। ਨਹਿਰੂ ਨੂੰ ਵਿਦੇਸ਼ ਵਿੱਚ ਮਿਲੀ ਪ੍ਰਸੰਸਾ ਅਤੇ ਮਾਣ-ਸਨਮਾਨ ਸਬੰਧੀ ਆਰਗੇਨਾਈਜ਼ਰ ਨੂੰ 16 ਨਵੰਬਰ 1949 ਨੂੰ ਪੂਰੇ ਇੱਕ ਸਫੇ ਵਿੱਚ ਸੰਪਾਦਕੀ ਲਿਖਣ ਲਈ ਪ੍ਰੇਰਿਤ ਕੀਤਾ, ਜਿਸ ਵਿੱਚ ਉਸਨੇ ਲਿਖਿਆ ਕਿ ਨਹਿਰੂ ਪ੍ਰਤੀ ਜਿਸ ਕਿਸਮ ਦੀ ਸਨਮਾਨਾ ਦੀ ਝੜੀ ਲੱਗੀ ਹੈ, ਉਸ ਨਾਲ ਹਰੇਕ ਭਾਰਤੀ ਦਾ ਗੌਰਵ ਵਧਿਆ ਹੈ। ਇਸ ਵਿੱਚ ਅੱਗੇ ਲਿਖਿਆ, ''ਨਹਿਰੂ ਭਾਰਤ ਦੀ ਅਗਵਾਈ ਕਰਦੇ ਹਨ ਅਤੇ ਭਾਰਤ ਨਹਿਰੂ ਨਾਲ ਪਿਆਰ ਕਰਦਾ ਹੈ ਲੇਕਿਨ ਭਾਰਤ ਸਿਰਫ ਅਰਥ ਵਿਵਸਥਾ ਅਤੇ ਸਿਰਫ ਸਿਆਸਤ ਭਰ ਨਹੀਂ ਹੈ। ਭਾਰਤ ਦਾ ਆਪਣਾ ਅਸਤਿੱਤਵ (ਹੋਂਦ) ਹੈ, ਜਿਸਨੂੰ ਕਿ ਭਾਰਤੀਅਤਾ ਨਾਲ ਚਲਾਇਆ ਜਾਂਦਾ ਹੈ। ਅੱਜ ਨਹਿਰੂ ਵੱਡੇ ਹਨ, ਕਿਉਂਕਿ ਉਸ ਦੇਸ਼ ਵਿੱਚ ਸਥਿਰਤਾ ਲਿਆਉਣ ਅਤੇ ਅਰਥ ਵਿਵਸਥਾ 'ਚ ਮਜ਼ਬੂਤੀ ਦੇਣ ਦਾ ਯਤਨ ਕਰ ਰਹੇ ਹਨ। ਲੇਕਿਨ ਨਹਿਰੂ ਤਦ ਹੀ ਮਹਾਨ ਹੋ ਸਕਦੇ ਹਨ, ਜਦ ਉਹ ਪਿਛੇ ਮੁੜਕੇ ਸਵਾਮੀ ਵਿਵੇਕਾਨੰਦ ਅਤੇ ਗਾਂਧੀ ਜੀ ਦੀਆਂ ਗੱਲਾਂ ਸੁਨਣ''।

ਪ੍ਰਧਾਨ ਮੰਤਰੀ ਨੇ ਉਸ ਵੇਲੇ ਆਪਣੇ ਜੀਵਨ ਦੇ ਠੀਕ ਸੱਠ ਵਰ੍ਹੇ ਪੂਰੇ ਕੀਤੇ ਸਨ। ਆਰ ਐਸ ਐਸ ਪ੍ਰਮੁੱਖ ਨੇ ਉਹਨਾ ਨੂੰ ਜਨਮ ਦਿਨ ਦੀਆਂ ਸ਼ੁਭ ਕਾਮਨਾਵਾਂ ਦਿੰਦੇ ਹੋਏ, ਉਹਨਾ ਦੀ ਚੰਗੀ ਸਿਹਤ ਦੀ ਕਾਮਨਾ ਕਰਦੇ ਹੋਏ ਨਹਿਰੂ ਨੂੰ ਕਿਹਾ ਕਿ ਉਹ ਵਿਚਾਰ ਕਰਨ ਕਿ ਕਿਸ ਤਰ੍ਹਾਂ ਉਹਨਾ ਨੇ ਦੇਸ਼ ਦੀ ਸੰਸਕ੍ਰਿਤੀ ਨੂੰ ਪੁਨਰਜੀਵਤ ਕਰਕੇ ਅਤੇ ਉਸਦੀ ਆਤਮੀਅਤ ਨੂੰ ਝੰਜੋੜਕੇ ਉਸਦੇ ਹੌਸਲੇ ਨੂੰ ਜਗਾਇਆ ਹੈ, ਇਸਦਾ ਅਰਥ ਹੈ ਕਿ ਕਾਂਗਰਸ ਦਾ ਸੰਘ ਦੇ ਨਾਲ ਸਹਿਯੋਗ ਇਸ ਬਦਲਾਅ ਦੀ ਪੂਰਤੀ ਲਈ ਸਹਾਈ ਹੋਏਗਾ।

ਅਮਰੀਕਾ ਤੋਂ ਵਾਪਸ ਆਉਣ ਤੇ ਨਹਿਰੂ ਨੂੰ ਜਦੋਂ ਆਰ ਐਸ ਐਸ ਦੇ ਮੈਂਬਰਾਂ ਨੂੰ ਉਹਨਾ ਦੀ ਪਾਰਟੀ ਵਿੱਚ ਸ਼ਾਮਲ ਕੀਤੇ ਜਾਣ ਦੀ ਯੋਜਨਾ ਬਾਰੇ ਪਤਾ ਚੱਲਿਆ ਤਾਂ ਉਹਨਾ ਨੇ ਇਸ ਫੈਸਲੇ ਨੂੰ ਤੁਰੰਤ ਉਲਟ-ਪੁਲਟ ਦਿੱਤਾ। ਉਹਨਾ ਨੇ ਕਿਹਾ ਕਿ ਕਾਂਗਰਸ ਵਿੱਚ ਦੂਸਰੇ ਸੰਗਠਨਾਂ ਦੇ ਮੈਂਬਰ ਤਦ ਤੱਕ ਸ਼ਾਮਲ ਨਹੀਂ ਹੋ ਸਕਦੇ ਜਦ ਤੱਕ ਕਿ ਉਹ ਉਹਨਾ ਦੇ ਆਪਣੇ ਮੈਂਬਰਾਂ ਦਾ ਕਾਂਗਰਸ ਦਲ ਵਰਗਾ ਸੰਗਠਨ ਨਾ ਹੋਵੇ। ਇਸ ਤੋਂ ਔਖੇ ਹੋਕੇ ਆਰਗੇਨਾਈਜ਼ਰ ਨੇ ਫਿਰ ਇੱਕ ਸੰਪਾਦਕੀ 23 ਨਵੰਬਰ 1949 ਨੂੰ ਲਿਖਿਆ, ਜਿਸ ਵਿੱਚ ਉਸਨੇ ਆਰ ਐਸ ਐਸ ਲਈ ਕਾਂਗਰਸ ਦੇ ਦਰਵਾਜ਼ੇ ਬੰਦ ਕਰਨ ਲਈ ਇਸਦੇ ਕੁਝ ਸਵਾਰਥੀ ਨੇਤਾਵਾਂ ਦੇ ਮੁਸਲਮਾਨਾਂ ਦੇ ਸਮਰਥਕ ਹੋਣ ਦਾ ਇਲਜਾਮ ਲਗਾਉਂਦਿਆ ਹੋਇਆਂ ਇਸ ਬੰਦਸ਼ ਉਤੇ ਦੁੱਖ ਪ੍ਰਗਟ ਕੀਤਾ।

ਆਰਗੇਨਾਈਜ਼ਰ ਦੀ ਇਸ ਪੁਰਾਣੀ ਮਾਈਕਰੋ ਫਿਲਮ ਨੂੰ ਪੜ੍ਹਨਾ ਰਹੱਸਪੂਰਨ ਹੈ। ਇਹ ਸਪੱਸ਼ਟ ਹੈ ਕਿ ਸੰਘ ਵਲੋਂ ਪ੍ਰਧਾਨ ਮੰਤਰੀ ਦੀ ਖੁਸ਼ਾਮਦੀ ਤਾਰੀਫ ਦੇ ਪਿੱਛੇ ਉਸਦਾ ਆਪਣਾ ਉਦੇਸ਼ ਸੀ।

ਗੋਲਵਲਕਰ ਖ਼ੁਦ ਨਹਿਰੂ ਦੇ ਰਾਜਗੁਰੂ ਬਨਣਾ ਚਾਹੁੰਦੇ ਸਨ ਅਤੇ ਉਹ ਚਾਹੁੰਦੇ ਸਨ ਕਿ ਆਰ ਐਸ ਐਸ ਦੇ ਲੋਕ ਹਾਕਮ ਦਲ ਵਿੱਚ ਸ਼ਾਮਲ ਹੋ ਜਾਣ ਤਾਂ ਕਿ ਦੇਸ਼ ਦੀ ਦਿਸ਼ਾ ਤਹਿ ਕੀਤੀ ਜਾ ਸਕੇ। ਇਹ ਇੱਕ ਚੰਗੀ ਗੱਲ ਹੋਈ ਕਿ ਗਾਂਧੀ ਦੇ ਉਤਰਾਧਿਕਾਰੀ ਨੇ ਇਹੋ ਜਿਹਾ ਕੁਝ ਨਹੀਂ ਕੀਤਾ। ਨਹਿਰੂ ਜਾਣਦੇ ਸਨ ਕਿ ਸੰਘ ਸਭਨਾ ਲਈ ਵੋਟ ਦੇ ਅਧਿਕਾਰ, ਔਰਤਾਂ ਅਤੇ ਦਲਿਤਾਂ ਲਈ ਬਰਾਬਰਤਾ ਤੋਂ ਲੈ ਕੇ ਘੱਟ ਗਿਣਤੀਆਂ ਨੂੰ ਬਰਾਬਰ ਅਧਿਕਾਰ ਅਤੇ ਅਧੁਨਿਕ ਸਾਇੰਸ ਦਾ ਵਿਰੋਧ ਕਰੇਗਾ। ਇਸ ਤੋਂ ਇਲਾਵਾ ਆਰ ਐਸ ਐਸ ਨੇ ਨਹਿਰੂ ਦੇ ਕਾਨੂੰਨ ਮੰਤਰੀ ਬੀ ਆਰ ਅੰਬੇਦਕਰ ਦੇ ਪ੍ਰਤੀ ਨਫ਼ਰਤ ਪ੍ਰਗਟ ਕੀਤੀ ਸੀ, ਜਿਹਨਾ ਨੇ ਸੰਵਿਧਾਨ ਨੂੰ ਅੰਤਿਮ ਰੂਪ ਦੇਂਦੇ ਸਮੇਂ ਉਸ ਵਿੱਚ ਉਹਨਾ ਸਿਧਾਤਾਂ ਨੂੰ ਸ਼ਾਮਲ ਕੀਤਾ ਸੀ। ਨਹਿਰੂ ਜਾਣਦੇ ਸਨ ਕਿ ਕਾਂਗਰਸ ਵਿੱਚ ਆਰ ਐਸ ਐਸ ਨੂੰ ਸ਼ਾਮਲ ਕਰਨ ਨਾਲ ਸੰਵਿਧਾਨ ਦੀ ਲੋਕਤੰਤਰ ਅਤੇ ਬਹੁਲਤਾਵਾਦ ਪ੍ਰਤੀ ਪ੍ਰਤੀਬੱਧਤਾ ਗੰਭੀਰ ਰੂਪ ਵਿੱਚ ਪ੍ਰਭਾਵਤ ਹੋਵੇਗੀ।

ਇਸ ਲਈ ਉਹਨਾ ਨੇ ਉਸਦੀ ਖੁਸ਼ਾਮਦ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਉਦਾਰ ਹਲਕਿਆਂ ਵਿੱਚ ਪ੍ਰਣਾਬ ਮੁਖਰਜੀ ਦੀ ਹੁਣ ਦੀ ਨਾਗਪੁਰ ਯਾਤਰਾ ਨੂੰ ਲੈ ਕੇ ਮਤਭੇਦ ਸਨ। ਕੁਝ ਇੱਕ ਨੇ, ਜੋ ਕੁਝ ਉਹਨਾ ਨੇ ਉਥੇ ਕਿਹਾ, ਉਸਦੀ ਤਾਰੀਫ ਕੀਤੀ, ਕੁਝ ਇੱਕ ਨੇ ਦਾਅਵਾ ਕੀਤਾ ਕਿ ਉਹਨਾ ਦੀ ਮੌਜੂਦਗੀ ਨੇ ਉਹਨਾ ਦੇ ਭਾਸ਼ਨ ਦੇ ਵਿਸ਼ਾ ਵਸਤੂ ਨੂੰ ਪਿੱਠ ਭੂਮੀ ਵੱਲ ਧੱਕ ਦਿੱਤਾ। ਹਾਲਾਂਕਿ ਕਿਸੇ ਵੀ ਭਾਰਤੀ ਲੋਕਤੰਤਰਵਾਦੀ ਨੂੰ ਨਹਿਰੂ ਵਲੋਂ 1949 ਵਿੱਚ ਸੰਘ ਦੇ ਪ੍ਰਸਤਾਵ ਨੂੰ ਖਾਰਜ ਕੀਤੇ ਜਾਣ ਬਾਰੇ ਕੋਈ ਸ਼ੰਕਾ ਨਹੀਂ ਰਿਹਾ ਹੋਏਗਾ। ਜੇਕਰ ਸਾਡੇ ਪਹਿਲੇ ਪ੍ਰਧਾਨ ਮੰਤਰੀ ਨੇ ਸੱਤਰ ਸਾਲ ਪਹਿਲਾਂ ਆਰ ਐਸ ਐਸ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਦੀ ਆਗਿਆ ਦੇ ਦਿੱਤੀ ਹੁੰਦੀ ਤਾਂ ਗਣਤੰਤਰ ਦੀ ਸ਼ੁਰੂਆਤ ਵੇਲੇ ਤੋਂ ਹੀ ਇਸਨੂੰ ਘੁਣ ਲੱਗ ਗਿਆ ਹੁੰਦਾ।

# ਸਾਇਰ ਕਸਮੀਰ ਘੇਸਲ ਦੀ ਕਾਵਿ ਪੁਸਤਕ "ਯਾਦਾਂ ਦੇ ਘੁੱਟ" ਸ਼ਾਨੋ ਸੌਕਤ ਨਾਲ ਹੋਈ ਲੋਕ ਅਰਪਣ







ਬੀਤੇ ਦਿਨੀਂ ਬਾਲ ਭਵਨ, ਫੇਜ-4, ਮੋਹਾਲੀ ਵਿਖੇ ਰਾਣਾ ਹੈਂਡੀਕਰਾਫਟਸ ਇੰਟਰਨੈਸ਼ਨਲ (ਰਜਿ) ਮੋਹਾਲੀ ਦੇ ਸਾਹਿਤਕ ਵਿੰਗ ਵਲੋਂ ਪੁਸਤਕ ਲੋਕ ਅਰਪਣ ਅਤੇ ਕਵੀਦਰਬਾਰ ਦਾ ਆਯੋਜਨ ਕੀਤਾ ਗਿਆ । ਇਸ ਸਮਾਰੋਹ ਦੀ ਪ੍ਰਧਾਨਗੀ ਉੱਘੇ ਸਾਇਰ ਵਰਿਆਮ ਬਟਾਲਵੀ ਵਲੋਂ ਕੀਤੀ ਗਈ ਜਦੋਂ ਕਿ ਸ਼ੀਮਤੀ ਗੁਰਸ਼ਰਨ ਕੌਰ ਡਾਇਰੈਕਟਰ ਭਾਸ਼ਾ ਵਿਭਾਗ ਨੇ ਬਤੌਰ ਮੁੱਖ ਮਹਿਮਾਨ ਸਿਰਕਤ ਕੀਤੀ। ਇਸ ਸਮਾਰੋਹ ਵਿੱਚ ਸ੍ਰੀ ਹਰਨੇਕ ਸਿੰਘ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਅਤੇ ਸ੍ਰੀ ਸੁਰਜੀਤ ਸਿੰਘ ਖੁਰਮਾ ਜਿਲਾ ਭਾਸ਼ਾ ਅਫਸਰ ਬਠਿੰਡਾ (ਰਿਟਾਇਰਡ) ਨੇ ਵਿਸੇਸ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਸਾਇਰ ਕਸਮੀਰ ਘੇਸਲ, ਉਹਨਾਂ ਦੀ ਜੀਵਨ ਸਾਥਣ ਸ੍ਰੀਮਤੀ ਊਸ਼ਾ ਰਾਣੀ ਅਤੇ ਮੰਚ ਦੇ ਚੇਅਰਮੈਨ ਸਾਇਰ ਬਲਵੰਤ ਸਿੰਘ ਮੁਸਾਫਿਰ ਸੁਸ਼ੋਭਿਤ ਹੋਏ। ਲੋਕ ਅਰਪਣ ਹੋਈ ਪੁਸਤਕ ਯਾਦਾਂ ਦੇ ਘੁੱਟ ਤੇ ਭਾਵਪੂਰਤ ਪਰਚਾ ਡਾ ਪੰਨਾ ਲਾਲ ਮੁਸਤਫਾਬਾਦੀ ਵਲੋਂ ਪੜ੍ਹਿਆ ਗਿਆ ਅਤੇ ਚਰਚਾ ਰਾਜ ਕੁਮਾਰ ਸਾਹੋਵਾਲੀਆ ਵਲੋਂ ਕੀਤੀ ਗਈ। ਲੋਕ ਅਰਪਣ ਹੋਈ ਪੁਸਤਕ ਵਿਚੋਂ ਹੀ ਜਿੰਦੜੀ ਦੋ ਪਲ ਦੀ ਗੀਤ ਮਲਕੀਤ ਕਲਸੀ ਨੇ ਗਾਇਆ। ਇਸ ਮੌਕੇ ਤੇ ਜਿਥੇ ਸਾਇਰ ਕਸਮੀਰ ਘੇਸਲ ਆਪਣੀ ਲੋਕ ਅਰਪਣ ਹੋਈ ਪੁਸਤਕ ਵਿਚੋਂ ਕੁਝ ਰਚਨਾਵਾਂ ਨਾਲ ਸਰੋਤਿਆਂ ਦੇ ਰੂ ਬ ਰੂ ਹੋਏ ਉਥੇ ਉਹਨਾਂ ਦੀ ਸ਼ਰੀਕੇ ਹਯਾਤ ਵਲੋਂ ਮੁਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਅੱਗੇ ਨਾਲੋਂ ਵੀ ਵੱਧ ਚੜ੍ਹ ਕੇ ਕਰਨ ਲਈ ਪੈੱਨ ਭੇਂਟ ਕੀਤੇ। ਸਮੁੱਚੇ ਪ੍ਰਧਾਨਗੀ ਮੰਡਲ ਵਲੋਂ ਸਾਇਰ ਦੀ ਪੁਖਤਾ ਸਾਇਰੀ ਅਤੇ ਉਸਾਰੂ ਸੋਚ ਦੀ ਸਰਾਹਨਾ ਕਰਦਿਆਂ, ਲੋਕ ਅਰਪਣ ਹੋਈ ਪੁਸਤਕ ਨੂੰ ਸਮਾਜਿਕ ਵਿਸਿਆਂ ਨਾਲ ਲਬਰੇਜ਼ ਦੱਸਿਆ ਗਿਆ। ਮੰਚ ਵਲੋਂ ਡਾਇਰੈਕਟਰ ਭਾਸ਼ਾ ਵਿਭਾਗ, ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ, ਜਿਲਾ ਭਾਸ਼ਾ ਅਫਸਰ ਅਤੇ ਕਸ਼ਮੀਰ ਘੇਸਲ ਨੂੰ ਯਾਦ ਚਿੰਨ੍ਹ ਵੀ ਭੇਂਟ ਕੀਤੇ ਗਏ। ਇਸ ਸਮਾਰੋਹ ਦੇ ਦੂਸਰੇ ਦੌਰ ਦੀ ਸੁਰੂਆਤ ਕਰਦਿਆਂ ਸਾਇਰ ਸੁਖਵਿੰਦਰ ਨੂਰਪੁਰੀ ਨੇ ਇੱਕ ਧਾਰਮਿਕ ਗੀਤ ਗਾਇਆ। ਇਸ ਉਪਰੰਤ ਮਹਿੰਗਾ ਸਿੰਘ ਕਲਸੀ, ਆਰ ਡੀ ਮੁਸਾਫਿਰ, ਅਹੀਰ ਹੁਸਿਆਰਪੁਰੀ, ਨਵਜੋਤ ਸਿੰਘ, ਮਹਿੰਦਰ ਸਿੰਘ, ਕਿਸ਼ਨ ਕਿਸ਼ਨਪੁਰੀ, ਕਸ਼ਮੀਰ ਕੌਰ ਸੰਧੂ, ਦਲਬੀਰ ਸਰੋਆ, ਸੁਮਿੱਤਰ ਸਿੰਘ, ਦਰਸ਼ਨ ਤਿਊਣਾ, ਕੁਲਬੀਰ ਸੈਣੀ, ਸਾਗਰ ਸਿੰਘ ਭੂਰੀਆ, ਰਾਣਾ ਬੂਲਪੁਰੀ, ਭੁਪਿੰਦਰ ਮਟੌਰੀਆ, ਹਰਬੰਸ ਪ੍ਰੀਤ, ਬਿਮਲਾ ਗੁਗਲਾਨੀ, ਗੁਰਸ਼ਰਨ ਕਾਕਾ, ਸਰਬਣ ਸਾਬਰ ਅਤੇ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਵਲੋਂ ਆਪੋ ਆਪਣੀ ਕਾਵਿਕ ਹਾਜਰੀ ਬਾਖੂਰੀ ਲੁਆਉਂਦਿਆਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਤੇ ਪਠਾਨਕੋਟ ਤੋਂ ਵਿਸੇਸ ਤੌਰ ਤੇ ਬਲਵਿੰਦਰ ਅੱਤਰੀ ਨੇ ਵੀ ਹਾਜਰੀ ਲੁਆਈ। ਫਿਰ ਵਾਰੀ ਆਈ ਸਮਾਜੀ ਸਾਇਰ ਅਮਰੀਕ ਬੱਲੋਪੁਰੀ ਦੀ ਜਿੰਨ੍ਹਾਂ ਨੇ ਦੁਨੀਆਂ ਦੇ ਦੋ ਧਾਰੀ ਹੋਣ ਦਾ ਜਿਕਰ ਕਰਕੇ ਮਾਹੌਲ ਨੂੰ ਮੋੜਾ ਦਿੱਤਾ।


ਸਾਇਰ ਬਲਦੇਵ ਪ੍ਰਦੇਸੀ ਨੇ ਆਪਣੀ ਪੁਸਤਕ ਜੀਵਨ ਦੇ ਰੰਗ ਵਿਚੋਂ ਇੱਕ ਭਾਵਪੂਰਤ ਰਚਨਾ ਤਰੰਨਮ ਵਿੱਚ ਸੁਣਾ ਕੇ ਵੱਖਰਾ ਮਾਹੌਲ ਸਿਰਜਿਆ। ਉੱਘੇ ਗਾਇਕ ਗੁਰਵਿੰਦਰ ਗੁਰੀ, ਗੀਤਕਾਰ ਰਣਜੋਧ ਰਾਣਾ, ਸਤਪਾਲ ਲਖੋਤਰਾ, ਬਲਵੰਤ ਸਿੰਘ ਮੁਸਾਫਿਰ ਅਤੇ ਵਰਿਆਮ ਬਟਾਲਵੀ ਵਲੋਂ ਆਪੋ ਆਪਣੀਆਂ ਰਚਨਾਵਾਂ ਦਾ ਗਾਇਨ ਕਰਕੇ ਕਵੀ ਦਰਬਾਰ ਦੀ ਫਿਜ਼ਾ ਵਿੱਚ ਰੰਗੀਨੀ ਭਰੀ। ਦੇਰ ਤੱਕ ਚੱਲੇ ਇਸ ਭਾਵਪੂਰਤ ਪ੍ਰੋਗਰਾਮ ਦਾ ਮੰਚ ਸੰਚਾਲਨ ਰਾਜ ਕੁਮਾਰ ਸਾਹੋਵਾਲੀਆ ਵਲੋਂ ਕੀਤਾ ਗਿਆ। ਪ੍ਰੋਗਰਾਮ ਵਿੱਚ ਸ੍ਰੀ ਮਨਜੀਤ ਸਿੰਘ, ਮੰਟੂ ਕੁਮਾਰ, ਪ੍ਰੀਤਮ ਲੁਧਿਆਣਵੀ, ਲਾਹੌਰੀ ਰਾਮ,ਬੀ ਆਰ ਰੰਗਾੜਾ, ਤੇਜਾ ਸਿੰਘ, ਵਿਨੋਦ ਕੁਮਾਰ, ਗੁਰਪ੍ਰੀਤ ਸਿੰਘ, ਸਤਵੰਤ ਸਿੰਘ, ਕਾਕਾ ਧਰੁਵ, ਕਿਸ਼ਨ ਬਲਦੇਵ, ਐਮ ਐਸ ਮੁਨੀ ਅਤੇ ਹੋਰਾਂ ਵਲੋਂ ਨਿੱਠ ਕੇ ਹਾਜਰੀ ਭਰੀ ਗਈ। ਇਸ ਤਰ੍ਹਾਂ ਇਹ ਪ੍ਰੋਗਰਾਮ ਆਪਣੀਆਂ ਨਿਵੇਕਲੀਆਂ ਪੈੜਾ ਛੱਡਦਾ ਹੋਇਆ, ਸੰਪੰਨ ਹੋਇਆ।

**ਰਾਜ ਕੁਮਾਰ ਸਾਹੋਵਾਲੀਆ**
**ਜਨਰਲ ਸਕੱਤਰ, ਸਾਹਿਤਕ ਵਿੰਗ ਮੋਹਾਲੀ**

# ਬੱਲਡ ਗਰੁੱਪ ਦੀ ਕਹਾਣੀ ਬਣਾਉਣ ਵਾਲਾ ਮਹਾਨ ਵਿਗਿਆਨੀ ਕਾਰਲ ਲੈਂਡਸਟੀਨਰ

ਪਿਆਰੇ ਬਾਲ ਸਾਥੀਓ, ਕਾਰਲ ਲੈਡਸਟੀਨਰ ਨੂੰ ਬਲੱਡ (ਖੂਨ) ਗਰੁਪ ਦਾ ਪਿਤਾਮਾ ਮੰਨਿਆ ਜਾਂਦਾ ਹੈ। ਕਾਰਲ ਲੈਂਡਸਟੀਨਰ ਦਾ ਜਨਮ 14 ਜੂਨ, 1868 ਨੂੰ ਵਿਆਨਾ, ਆਸਟਰੀਆ ਵਿੱਚ ਹੋਇਆ ਸੀ। ਉਸ ਦੇ ਪਿਤਾ ਲੀਪੋਡ ਇੱਕ ਪ੍ਰਸਿੱਧ ਪੱਤਰਕਾਰ ਸਨ। ਜਦ ਕਾਰਲ ਦੀ ਉਮਰ ਛੇ ਸਾਲਾਂ ਦੀ ਸੀ ਤਾਂ ਉਸ ਦੇ ਪਿਤਾ ਦੀ 59 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਸੀ। ਬਚਪਨ ਵਿੱਚ ਪਿਤਾ ਦੀ ਮੌਤ ਹੋਣ ਕਰਕੇ ਕਾਰਲ ਦਾ ਮੋਹ ਆਪਣੀ ਮਾਤਾ ਫਨੀ ਨਾਲ ਰਿਹਾ। ਉਸ ਨੇ ਯੂਨੀਵਰਸਿਟੀ ਆਫ ਵਿਆਨਾ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ।

ਉਸ ਸਮੇਂ ਅਜਿਹਾ ਮੰਨਿਆ ਜਾਂਦਾ ਸੀ ਕਿ ਮਨੁੱਖ ਵਿੱਚ ਦੋ ਤਰ੍ਹਾਂ ਦਾ ਖੂਨ ਹੁੰਦਾ ਹੈ। ਇੱਕ ਚੰਗਾ ਅਤੇ ਇੱਕ ਮਾੜਾ। ਉਨ੍ਹਾਂ ਨੇ ਖੂਨ ਬਾਰੇ ਕਾਫੀ ਅਧਿਐਨ ਕੀਤਾ ਅਤੇ ਸਿੱਧ ਕੀਤਾ ਕਿ ਮਨੁੱਖੀ ਖੂਨ ਇੱਕ ਤਰ੍ਹਾਂ ਦੀ ਹੀ ਹੁੰਦਾ ਹੈ। ਪੁਰਾਣੇ ਸਮਿਆਂ ਵਿੱਚ ਕਿਸੇ ਵਿਅਕਤੀ ਨੂੰ ਖੂਨ ਚੜ੍ਹਾਉਣਾ ਆਸਾਨ ਨਹੀਂ ਹੁੰਦਾ ਸੀ ਅਤੇ ਖੂਨ ਦਾ ਗਰੁੱਪ ਮੇਲ ਨਾ ਖਾਣ ਕਰ ਕੇ ਵਿਅਕਤੀ ਦੀ ਮੌਤ ਵੀ ਹੋ ਜਾਂਦੀ ਸੀ। ਪਰ ਕਦੀ ਕਦੀ ਅਜਿਹਾ ਹੁੰਦਾ ਕਿ ਪ੍ਰਾਪਤਕਰਤਾ ਵਿਅਕਤੀ ਦਾ ਖੂਨ ਦੇਣ ਵਾਲੇ ਵਿਅਕਤੀ ਨਾਲ



ਮੇਲ ਖਾ ਜਾਂਦਾ ਸੀ। 1901 ਵਿੱਚ ਕਾਰਲ ਲੈਂਡਸਟੀਨਰ ਨੇ ਸਿੱਧ ਕੀਤਾ ਕਿ ਖੂਨ ਦਾ ਬਲੱਡ ਪਲਾਜ਼ਮਾ ਨਾ ਮਿਲਣਾ ਹੀ ਖੂਨ ਜੰਮਣ ਦਾ ਕਾਰਨ ਹੈ। ਫਿਰ ਕਾਰਲ ਨੇ ਬਲੱਡ ਗਰੁੱਪ ਦੀ ਖੋਜ ਕੀਤੀ। ਜੋ ਏ.ਬੀ. ਅਤੇ ਓ. ਸਨ। ਆਧੁਨਿਕ ਖੂਨ ਚੜ੍ਹਾਉਣ ਦੀ ਵਿਧੀ ਦੀ ਖੋਜ ਕਰ ਕੇ ਕਾਰਲ ਨੇ ਮੈਡੀਕਲ ਸਾਇੰਸ ਵਿੱਚ ਇੱਕ ਕ੍ਰਾਂਤੀਕਾਰੀ ਕਦਮ ਚੁਕਿਆ। ਉਸ ਨੇ ਜਾਣ ਲਿਆ ਕਿ ਇੱਕ ਬਲੱਡ ਗਰੁੱਪ ਵਾਲੇ ਦੇ ਵੱਖ ਵੱਖ ਇਨਸਾਨਾਂ ਨੂੰ ਇੱਕ ਦੂਜੇ ਦਾ ਖੂਨ ਚਾੜ੍ਹਿਆ ਜਾ ਸਕਦਾ ਹੈ। ਇਸ ਤਰ੍ਹਾਂ ਬਲੱਡ ਸੈੱਲਾਂ ਤੇ ਕੋਈ ਮਾੜਾ ਅਸਰ ਨਹੀਂ ਪੈਂਦਾ। 1907 ਵਿੱਚ ਪਹਿਲਾਂ ਖੂਨ ਚੜ੍ਹਾਉਣ ਦਾ ਸਫਲਤਾ ਨਾਲ ਪ੍ਰਯੋਗ ਕੀਤਾ ਗਿਆ ਜੋ ਮੈਡੀਕਲ ਖੇਤਰ ਵਿੱਚ ਬਹੁਤ ਵੱਡੀ ਪ੍ਰਾਪਤੀ ਸੀ। ਸਾਲ 1902 ਵਿੱਚ ਕਾਰਲ ਨੇ ਵਿਆਨਾ ਇੰਸਟੀਚਿਊਟ ਆਫ ਫੋਰੇਂਜਿਕ ਮੈਡੀਸਨ ਦੇ ਮੈਕਸ ਕਿਕਟਰ ਨਾਲ ਮਿਲ ਕੇ ਭਾਸ਼ਣ ਦਿੱਤਾ ਅਤੇ ਦੱਸਿਆ ਕਿ ਅਪਰਾਧਾਂ ਦੇ ਕੇਸਾਂ ਨੂੰ ਹੱਲ ਕਰਨ ਲਈ ਵੀ ਇਸ ਤਕਨੀਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਿਥੇ ਅਪਰਾਧ ਹੋਇਆ, ਉਥੇ ਖੂਨ ਦੇ ਸੁੱਕੇ ਧੱਬੇ ਲੈ ਕੇ ਖੂਨ ਦੇ ਗਰੁੱਪ ਦਾ ਪਤਾ ਕੀਤਾ ਜਾ ਸਕਦਾ ਹੈ।

ਕਾਰਲ ਨੇ ਖੂਨ ਦੇ ਗਰੁੱਪਾਂ ਦੀ ਖੋਜ ਤਾਂ ਕੀਤੀ ਪਰ ਇਹ ਨਹੀਂ ਦੱਸਿਆ ਕਿ ਇਹ ਖੂਨ ਦਾ ਗਰੁਪ ਮਨੁੱਖ ਦੀ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦਾ ਹੈ ਜਾਂ ਨਹੀਂ। ਇਸ ਬਾਰੇ ਬਾਅਦ ਵਿੱਚ ਵਿਗਿਆਨੀ ਆਇਮਿਲ ਪਰਫ਼ਫਾਟਰਰ ਫਾਂਨ ਅਤੇ ਲੂਤਵਾਰ ਹਰਸਲਾਲਡ ਨੇ ਸਾਲ 1910 ਦੇ ਨੇੜੇ ਤੇੜੇ ਦਸਿਆ ਕਿ ਬੱਲਡ ਗਰੁੱਪ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਿਆ ਆਉਂਦਾ ਹੈ।

26 ਜੂਨ, 1943 ਨੂੰ ਲੈਡਸਟੀਨਰ ਦੀ ਦਿਲ ਦਾ ਦੌਰਾ ਪੈਣ ਕਾਰਨ ਉਸ ਸਥਾਨ ਤੇ ਮੌਤ ਹੋ ਗਈ ਜਿਥੇ ਉਸ ਨੇ ਆਪਣਾ ਸਾਰਾ ਜੀਵਨ ਖੋਜਾਂ ਲਈ ਲਾਇਆ ਭਾਵ ਪ੍ਰਯੋਗਸ਼ਾਲਾ ਵਿੱਚ। ਕਾਰਲ ਬਹੁਤ ਹੀ ਪ੍ਰਭਾਵਸ਼ਾਲੀ ਵਿਅਕਤੀ ਸੀ।

ਉਸ ਦੇ ਕੰਮਾਂ ਨੇ ਉਸਨੂੰ ਜੀਵਨਕਾਲ ਦੌਰਾਨ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਕਰ ਦਿੱਤਾ ਅਤੇ ਮਾਨਤਾ ਮਿਲੀ। 1930 ਵਿੱਚ ਉਨ੍ਹਾਂ ਨੂੰ ਸਰੀਰ ਵਿਗਿਆਨ ਲਈ ਨੋਬੇਲ ਪੁਰਸਕਾਰ ਨਾਲ ਸਨਮਾਨਿਆ ਗਿਆ। ਲੈਂਡਸਟੀਨਰ ਨੇ 26 ਜੂਨ, 1943 ਨੂੰ ਇਸ ਸੰਸਾਰ ਵਿੱਚੋਂ ਅੰਤਮ ਸਾਹ ਲਿਆ।

**– ਪਾਲੀ ਇਕਬਾਲ ਫਲੋਂਡ**
**91-94786-55572**

# ਈਸਾਈਆਂ ਨੂੰ ਸ਼ਡੂਲਡ ਕਾਸਟਸ ਵਿੱਚ ਸ਼ਾਮਲ ਕਰਨ ਦੀ ਖਤਰਨਾਕ ਸਾਜ਼ਿਸ਼

ਪਿਛਲੇ ਲੰਮੇ ਸਮੇਂ ਤੋਂ ਕੁਝ ਚਰਚ ਮੰਗ ਕਰਦੇ ਚਲੇ ਆ ਰਹੇ ਹਨ ਕਿ ਈਸਾਈਆਂ ਨੂੰ ਸ਼ਡੂਲਡ ਕਾਸਟ ਵਿੱਚ ਸ਼ਾਮਲ ਕੀਤਾ ਜਾਵੇ। ਅਸਲ ਵਿੱਚ ਚਰਚ ਲੋਕਾਂ ਦਾ ਧਿਆਨ ਉਨ੍ਹਾਂ ਦੇ ਦੁਨਿਆਵੀ ਦੁੱਖਾਂ ਪ੍ਰੇਸ਼ਾਨੀਆਂ ਤੋਂ ਆਰਜ਼ੀ ਤੌਰ ਤੇ ਹਟਾਉਣ ਲਈ ਹੀ ਇਹ ਮੰਗ ਕਰ ਰਿਹਾ ਹੈ। ਉਸ ਨੂੰ ਇਸ ਦੇ ਖਤਰਨਾਕ ਨਤੀਜਿਆਂ ਦਾ ਕੋਈ ਪਤਾ ਨਹੀਂ। ਚਰਚ ਦੀ ਇਸ ਮੰਗ ਵੱਲ ਧਿਆਨ ਦਿੱਤਾ ਜਾਵੇ ਤਾਂ ਇਹ ਇੱਕ ਬਹੁਤ ਖਤਰਨਾਕ ਮੰਗ ਹੈ, ਜੋ ਈਸਾਈਆਂ ਦੀ ਧਾਰਮਿਕ ਪਛਾਣ ਨੂੰ ਖਤਮ ਕਰ ਦੇਵੇਗੀ। ਇਸ ਦੇਸ਼ ਵਿੱਚ ਜਾਤੀਵਾਦ ਦੇ ਪੈਦਾ ਕਰਨ ਪਿਛੋਂ ਸ਼ੂਦਰ ਕਰਾਰ ਦਿੱਤੇ ਗਏ ਲੋਕਾਂ ਨੂੰ ਹਿੰਦੂ ਹੀ ਕਿਹਾ ਜਾਂਦਾ ਸੀ। ਹਾਲਾਂਕਿ ਹਿੰਦੂਆਂ ਨਾਲ ਸ਼ੂਦਰ ਦਾ ਦੂਰ ਦਾ ਵੀ ਵਾਸਤਾ ਨਹੀਂ ਸੀ। ਭਾਰਤ ਵਿੱਚ ਜਿੰਨੇ ਵੀ ਵਿਦੇਸ਼ੀ ਹਾਕਮ ਆਏ ਉਹ ਸ਼ੂਦਰ ਨੂੰ ਹਿੰਦੂ ਹੀ ਮੰਨਦੇ ਰਹੇ। ਅੰਗਰੇਜ਼ ਇਸ ਦੇਸ਼ ਵਿੱਚ ਪਹਿਲਾ ਵਿਦੇਸ਼ੀ ਹਾਕਮ ਸੀ ਜਿਸਨੇ ਸ਼ੂਦਰ ਨੂੰ ਹਿੰਦੂ ਮੰਨਣ ਤੋਂ ਇਨਕਾਰ ਕਰਦਿਆਂ ਸ਼ੂਦਰ ਦੇ ਹਥੋਂ ਝਾੜੂ ਛੁਡਾ ਕੇ ਉਸਨੂੰ ਬੰਦੂਕ ਫੜਾ ਦਿੱਤੀ। ਉਸ ਨੂੰ ਫੌਜ ਅਤੇ ਪ੍ਰਸ਼ਾਸਨਿਕ ਪੋਸਟਾਂ ਤੇ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ। ਜਾਤੀਵਾਦ ਦੇ ਸਮਰਥਕ ਲੋਕਾਂ ਨੇ ਇਸਨੂੰ ਕਿਹਾ ਕਿ ਅੰਗਰੇਜ਼ ਪਾੜੋ ਤੇ ਰਾਜ ਕਰੋ ਦੀ ਨੀਤੀ ਚਲਾ ਰਿਹਾ ਹੈ।

ਅਜ਼ਾਦ ਭਾਰਤ ਵਿੱਚ ਫਿਰ ਸ਼ੂਦਰ ਨੂੰ ਸ਼ਡੂਲਡ ਕਾਸਟ ਦਾ ਨਾਂ ਦੇ ਕੇ ਹਿੰਦੂ ਹੀ ਐਲਾਨ ਕਰ ਦਿੱਤਾ ਗਿਆ ਹੈ। ਹੁਣ ਦੇਸ਼ ਦੀਆਂ ਸਾਰੀਆਂ ਸੂਚੀਦਰਜ ਜਾਤੀਆਂ ਸੰਵਿਧਾਨ ਅਨੁਸਾਰ ਹਿੰਦੂ ਹੀ ਹਨ। ਸਿੱਖ ਵੀ ਦੇਸ਼ ਦੇ ਸੰਵਿਧਾਨ ਅਨੁਸਾਰ ਹਿੰਦੂ ਹੀ ਹਨ। ਜੇਕਰ ਚਰਚ ਦੀ ਇਹ ਮੰਗ ਮੰਨ ਲਈ ਜਾਵੇ ਕਿ ਈਸਾਈਆਂ ਨੂੰ ਸ਼ਡੂਲਡ ਕਾਸਟ ਵਿੱਚ ਸ਼ਾਮਲ ਕਰ ਦਿੱਤਾ ਜਾਵੇ ਤਾਂ ਈਸਾਈ ਵੀ ਹਿੰਦੂਆਂ ਵਿੱਚ ਸ਼ਾਮਲ ਹੋ ਜਾਣਗੇ ਅਤੇ ਉਨ੍ਹਾਂ ਦੀ ਈਸਾਈ ਹੋਣ ਦੀ ਧਾਰਮਿਕ ਪਛਾਣ ਖਤਮ ਹੋ ਜਾਵੇਗੀ। ਈਸਾਈਆਂ ਨੂੰ ਇਹ ਪਛਾਣ ਦੇਣ ਲਈ ਵਿਦੇਸ਼ਾਂ ਦੇ ਬਹੁਤ ਸਾਰੇ ਮਿਸ਼ਨਰੀਆਂ ਨੇ ਭਾਰੀ ਕੁਰਬਾਨੀਆਂ ਕੀਤੀਆਂ। ਆਪਣੇ ਦੇਸ਼, ਆਪਣੇ ਰਿਸ਼ਤੇਦਾਰ, ਆਪਣੇ ਪਰਿਵਾਰ ਅਤੇ ਆਪਣੀ ਭਾਸ਼ਾ ਛੱਡ ਕੇ ਉਹ ਕਈ ਪੀੜ੍ਹੀਆਂ ਤੱਕ ਇਸ ਦੇਸ਼ ਦੇ ਲੋਕਾਂ ਨੂੰ ਈਸਾਈ ਧਰਮ ਦੀ ਪਛਾਣ ਦੇਣ ਵਿੱਚ ਲੱਗੇ ਰਹੇ। ਅੱਜ ਜੋ ਲੋਕ ਈਸਾਈਆਂ ਦੀ ਧਾਰਮਿਕ ਪਛਾਣ ਨੂੰ ਖਤਮ ਕਰਕੇ ਇੱਕ ਨਵੀਂ ਪਛਾਣ ਦੇਣਾ ਚਾਹੁੰਦੇ ਹਨ ਉਹ ਨਾ ਤਾਂ ਮਿਸ਼ਨਰੀਆਂ ਦੀਆਂ ਕੁਰਬਾਨੀਆਂ ਅਤੇ ਦੁੱਖਾਂ ਨੂੰ ਸਮਝ ਸਕਦੇ ਹਨ ਅਤੇ ਨਾ ਹੀ ਈਸਾਈ ਧਰਮ ਦੀ ਪਛਾਣ ਦੀ ਅਹਿਮੀਅਤ ਨੂੰ ਸਮਝਦੇ ਹਨ। ਫਿਰ ਇਹ ਲੋਕ ਅੱਜ ਉਸ ਸਮੇਂ ਈਸਾਈਆਂ ਨੂੰ ਸ਼ਡੂਲਡ ਕਾਸਟ ਦੀ ਪਛਾਣ ਦੇਣ ਤੇ ਤੁਲੇ ਹੋਏ ਹਨ ਜਦਕਿ ਕਰੋੜਾਂ ਸ਼ਡੂਲਡ ਕਾਸਟ ਲੋਕ ਆਪਣੇ ਹਿੰਦੂ ਹੋਣ ਦੀ ਪਛਾਣ ਬਦਲ ਰਹੇ ਹਨ। ਲੱਖਾਂ ਸ਼ਡੂਲਡ ਕਾਸਟ ਲੋਕ ਰਿਜ਼ਰਵੇਸ਼ਨ ਅਧੀਨ ਮਿਲਦੀਆਂ ਸਹੂਲਤਾਂ ਨੂੰ ਠੋਕਰ ਮਾਰ ਕੇ ਪ੍ਰਭੂ ਯਿਸੂ ਦੀ ਸ਼ਰਣ ਵਿੱਚ ਆ ਰਹੇ ਹਨ। ਜੇਕਰ ਪੰਜਾਬ ਦੀ ਹੀ ਗੱਲ ਕਰੀਏ ਤਾਂ ਅੱਜ ਬਹੁਤ ਵੱਡੇ ਵੱਡੇ ਚਰਚ ਸ਼ਡੂਲਡ ਕਾਸਟ ਪਿਛੋਕੜ ਦੇ ਲੋਕ ਹੀ ਚਲਾ ਰਹੇ ਹਨ ਅਤੇ ਆਰਗਨਾਈਜ਼ਡ ਚਰਚ ਉਨ੍ਹਾਂ ਤੋਂ ਕਿਤੇ ਪਿਛੇ ਰਹਿ ਗਏ ਹਨ।



**ਫਰੈਡੀ ਜੋਜ਼ਫ**

ਈਸਾਈਆਂ ਵਿਚੋਂ ਕੁਝ ਲੋਕਾਂ ਨੇ ਆਪਣੇ ਆਪ ਨੂੰ ਸ਼ਡੂਲਡ ਕਾਸਟ ਲਿਖ ਕੇ ਸਰਕਾਰੀ ਸਹੂਲਤਾਂ ਲਈਆਂ ਹੋਈਆਂ ਹਨ। ਅਜੇਹੇ ਕਈ ਲੋਕ ਕੁਝ ਚਰਚਾਂ ਵਿਚ ਐਲਡਰ ਅਤੇ ਪ੍ਰਧਾਨ ਬਣੇ ਹੋਏ ਹਨ। ਪਰ ਉਨ੍ਹਾਂ ਦੀ ਸੰਵਿਧਾਨਕ ਪਛਾਣ ਹਿੰਦੂ ਹੀ ਹੈ। ਖੁਦਾ ਦਾ ਸ਼ੁਕਰ ਹੈ ਕਿ ਜੋ ਲੋਕ ਈਸਾਈਆਂ ਦੀ ਧਾਰਮਿਕ ਪਛਾਣ ਖਤਮ ਕਰਨਾ ਚਾਹੁੰਦੇ ਹਨ ਉਨ੍ਹਾਂ ਦੀਆਂ ਖੋਪੜੀਆਂ ਵਿੱਚ ਖੁਦਾ ਨੇ ਦਿਮਾਗ ਨਾਮ ਦੀ ਚੀਜ਼ ਨਹੀਂ ਟਿਕਾਈ। ਜੇਕਰ ਇਨ੍ਹਾਂ ਦਾ ਵੱਸ ਚਲਦਾ ਤਾਂ ਇਹ ਲੋਕ ਕਦੇ ਦੇ ਈਸਾਈਆਂ ਦੀ ਧਾਰਮਿਕ ਪਛਾਣ ਖਤਮ ਕਰਕੇ ਉਨ੍ਹਾਂ ਨੂੰ ਹਿੰਦੂਆਂ ਵਿੱਚ ਸ਼ਾਮਲ ਕਰ ਚੁੱਕੇ ਹੁੰਦੇ ਹਨ।

# ਦੇਖੋ ਰਾਖਵਾਂਕਰਨ? ਬ੍ਰਾਹਮਣਵਾਦ ਦਾ ਕਹਿਰ


(1) ਰਾਸ਼ਟਰਪਤੀ ਸਕੱਤਰੇਤ ਵਿੱਚ ਕੁਲ 49 ਪਦਵੀਆਂ ਹਨ ਜਿਨ੍ਹਾਂ ਵਿੱਚ 45 ਬ੍ਰਾਹਮਣ, ਐਸ.ਸੀ/ਐਸ.ਟੀ 4, ਓ.ਬੀ.ਸੀ. 00 ਹਨ।
(2) ਉਪ ਰਾਸ਼ਟਰਪਤੀ ਸਕੱਤਰੇਤ ਵਿੱਚ ਕੁਲ 7 ਪਦਵੀਆਂ ਹਨ ਜਿਨ੍ਹਾਂ ਵਿੱਚ ਐਸ.ਸੀ./ਐਸ.ਟੀ.00, ਓ.ਬੀ.ਸੀ. ਵੀ 0 ਹਨ।
(3) ਮੰਤਰੀਆਂ ਦੇ ਕੈਬਨਿਟ ਸਕੱਤਰੇਤ ਕੁਲ 20 ਹਨ ਜਿਨ੍ਹਾਂ ਵਿੱਚ 19 ਬ੍ਰਾਹਮਣ, ਐਸ.ਸੀ./ਐਸ.ਟੀ, ਓ.ਬੀ.ਸੀ.0 ਹੈ।
(4) ਪ੍ਰਧਾਨ ਮੰਤਰੀ ਦਫਤਰ ਵਿੱਚ ਕੁਲ 35 ਪਦਵੀਆਂ ਹਨ ਜਿਨ੍ਹਾਂ ਵਿੱਚ 33 ਬ੍ਰਾਹਮਣ, ਐਸ.ਸੀ./ਐਸ.ਟੀ 2, ਓ.ਬੀ.ਸੀ. 0 ਹੈ।
(5) ਖੇਤੀਬਾੜੀ ਅਤੇ ਸਿੰਚਾਈ ਵਿਭਾਗ ਵਿੱਚ ਕੁਲ 274 ਪਦਵੀਆਂ ਹਨ ਜਿਨ੍ਹਾਂ ਵਿੱਚ 259 ਬ੍ਰਾਹਮਣ, ਐਸ.ਸੀ./ਐਸ.ਟੀ 15, ਓ.ਬੀ.ਸੀ. 00 ਹੈ।
(6) ਰੱਖਿਆ ਮਹਿਕਮੇ ਵਿੱਚ ਕੁਲ 1379 ਪਦਵੀਆਂ ਹਨ ਜਿਸ ਵਿੱਚ 1331 ਬ੍ਰਾਹਮਣ, ਐਸ.ਸੀ./ਐਸ.ਟੀ 48, ਓ.ਬੀ.ਸੀ.00 ਹਨ।
(7) ਸਮਾਜ ਕਲਿਆਣ ਅਤੇ ਹੈਲੱਥ ਮੰਤਰਾਲੇ ਦੀਆਂ 209 ਪਦਵੀਆਂ ਹਨ ਜਿਨ੍ਹਾਂ ਵਿੱਚ 192 ਬ੍ਰਾਹਮਣ ਐਸ.ਸੀ./ਐਸ.ਟੀ 17, ਓ.ਬੀ.ਸੀ. 00 ਹੈ।
(8) ਵਿਤ ਮੰਤਰਾਲੇ ਵਿੱਚ ਕੁੱਲ 1008 ਹਨ। ਜਿਸ ਵਿੱਚ 942 ਬ੍ਰਾਹਮਣ, ਐਸ.ਸੀ., ਐਸ.ਟੀ.-66, ਓ.ਬੀ.ਸੀ. 00 ਹਨ।
(9) ਗ੍ਰਹਿ ਮੰਤਰਾਲੇ ਵਿੱਚ ਕੁੱਲ ਪਦਵੀਆਂ 409 ਹਨ ਜਿਸ ਵਿੱਚ 377 ਬ੍ਰਾਹਮਣ, ਐਸ.ਸੀ./ਐਸ.ਟੀ 19, ਓ.ਬੀ.ਸੀ. 13 ਹਨ।
(10) ਲੇਬਰ ਮੰਤਰਾਲੇ ਵਿੱਚ ਕੁਲ ਪਦਵੀਆਂ 74 ਹਨ ਜਿਸ ਵਿੱਚ 70 ਬ੍ਰਾਹਮਣ, ਐਸ.ਸੀ./ਐਸ.ਟੀ 4, ਓ.ਬੀ.ਸੀ 00 ਹਨ।
(11) ਰਸਾਇਣ ਅਤੇ ਪੈਟਰੋਲੀਅਮ ਮੰਤਰਾਲੇ ਵਿੱਚ ਕੁਲ ਪਦਵੀਆਂ 121 ਹਨ ਜਿਸ ਵਿੱਚ 112 ਬ੍ਰਾਹਮਣ, ਐਸ.ਸੀ./ਐਸ.ਟੀ 9, ਓ.ਬੀ.ਸੀ. 0 ਹਨ।
(12) ਰਾਜਪਾਲ ਅਤੇ ਉਪ ਰਾਜਪਾਲ ਕੁਲ ਪਦਵੀਆਂ 27 ਹਨ ਜਿਸ ਵਿੱਚ 25 ਬ੍ਰਾਹਮਣ, ਐਸ.ਸੀ./ਐਸ.ਟੀ 00, ਓ.ਬੀ.ਸੀ. 2 ਹਨ।
(13) ਵਿਦੇਸ਼ ਵਿੱਚ ਰਾਜਦੂਤ 140 ਜਿਸ ਵਿੱਚ 140 ਬ੍ਰਾਹਮਣ ਹੀ ਹਨ। ਐਸ.ਸੀ./ਐਸ.ਟੀ 00, ਓ.ਬੀ.ਸੀ. 0 ਹਨ।
(14) ਯੂਨੀਵਰਸਿਟੀਆਂ ਦੇ ਕੁਲ ਪ੍ਰਤੀ ਪਦਵੀਆਂ 108 ਹਨ 108 ਬ੍ਰਾਹਮਣ ਹੀ ਹਨ। ਐਸ.ਸੀ./ਐਸ.ਟੀ. 00, ਓ.ਬੀ.ਸੀ. 0 ਹਨ।
(15) ਮੁਖ ਸਕੱਤਰੇਤ ਦੀਆਂ 26 ਪਦਵੀਆਂ ਹਨ ਜਿਸ ਵਿੱਚ 26 ਬ੍ਰਾਹਮਣ ਹੀ ਹਨ। ਐਸ.ਸੀ./ਐਸ.ਟੀ 0 ਅਤੇ ਓ.ਬੀ.ਸੀ. 0 ਹਨ।
(16) ਹਾਈ ਕੋਰਟ ਦੇ ਜੱਜ 330 ਹਨ ਜਿਸ ਵਿੱਚ 326 ਬ੍ਰਾਹਮਣ ਹਨ। ਐਸ.ਸੀ/ਐਸ.ਟੀ 4, ਓ.ਬੀ.ਸੀ. 0 ਹਨ।
(17) ਸੁਪਰੀਮ ਕੋਰਟ ਦੇ ਜੱਜ 23 ਹਨ ਜਿਸ ਵਿੱਚ 23 ਬ੍ਰਾਹਮਣ ਹੀ ਹਨ। ਐਸ.ਸੀ. /ਐਸ.ਟੀ ਅਤੇ ਓ.ਬੀ.ਸੀ. 000 ਹਨ।
(18) ਆਈ.ਏ.ਐਸ. ਅਧਿਕਾਰੀ 3600 ਹਨ ਜਿਸ ਵਿਚ 2950 ਬ੍ਰਾਹਮਣ,. ਐਸ.ਸੀ. /ਐਸ.ਟੀ.00, ਓ.ਬੀ.ਸੀ. 00 ਹਨ।
(19) ਪੀ.ਟੀ. ਆਈ ਕੁਲ ਪਦਵੀਆਂ 2700 ਹਨ। 2700 ਬ੍ਰਾਹਮਣ ਹੀ ਹਨ। ਐਸ.ਸੀ. /ਐਸ.ਟੀ ਅਤੇ ਓ.ਬੀ.ਸੀ. 000 ਹਨ।
(20) ਸ਼ੰਕਰਾਚਾਰੀਆ ਕੁਲ 5 ਹਨ। 5 ਹੀ ਬ੍ਰਾਹਮਣ ਹਨ। ਐਸ.ਸੀ./ਐਸ.ਟੀ 00 ਅਤੇ ਓ.ਬੀ.ਸੀ. 00 ਹਨ।

# ਪੂਨਾ ਐਕਟ ਤੇ ਓਸ਼ੋ ਰਜਨੀਸ਼ ਦੇ ਵਿਚਾਰ

ਡਾ. ਅੰਬੇਡਕਰ ਚਾਹੁੰਦੇ ਸਨ ਕਿ ਅਛੂਤਾਂ ਦੇ ਆਪਣੇ ਉਮੀਦਵਾਰ ਅਤੇ ਆਪਣੇ ਨਿਰਵਾਚਣ ਖੇਤਰ ਹੋਣ। ਨਹੀਂ ਤਾਂ ਉਨ੍ਹਾਂ ਦੀ ਕਿਤੇ ਵੀ ਕਿਸੇ ਵੀ ਸਦਨ ਵਿੱਚ ਨੁਮਾਇੰਦਗੀ ਨਹੀਂ ਹੋਵੇਗੀ। ਭਾਰਤ ਵਿੱਚ ਇੱਕ ਮੋਚੀ ਅਛੂਤ ਹੈ। ਕੌਣ ਇੱਕ ਮੋਚੀ ਨੂੰ ਵੋਟ ਦੇਣਗੇ? ਕੌਣ ਉਸਨੂੰ ਵੋਟ ਪਾਉਣ ਜਾ ਰਿਹਾ ਹੈ? ਡਾ. ਅੰਬੇਡਕਰ ਬਿਲਕੁਲ ਸਹੀ ਸਨ। ਦੇਸ਼ ਦਾ ਚੌਥਾ ਹਿੱਸਾ ਅਛੂਤ ਹੈ, ਸਕੂਲਾਂ ਵਿੱਚ ਜਾਣ ਦੀ ਉਨ੍ਹਾਂ ਨੂੰ ਆਗਿਆ ਨਹੀਂ ਹੈ। ਦੂਜੇ ਵਰਗਾਂ ਦੇ ਵਿਦਿਆਰਥੀ ਉਨ੍ਹਾਂ ਨਾਲ ਬੈਠਣ ਲਈ ਤਿਆਰ ਨਹੀਂ ਹਨ। ਕੋਈ ਵੀ ਅਧਿਆਪਕ ਉਨ੍ਹਾਂ ਨੂੰ ਪੜ੍ਹਾਉਣ ਲਈ ਤਿਆਰ ਨਹੀਂ। ਸਰਕਾਰ ਕਹਿੰਦੀ ਹੈ ਕਿ ਸਰਕਾਰੀ ਸਕੂਲ ਖੁਲ੍ਹੇ ਹਨ। ਅਸਲ ਵਿੱਚ ਕੋਈ ਇੱਕ ਅਛੂਤ ਵਿਦਿਆਰਥੀ ਜਮਾਤ ਵਿੱਚ ਦਾਖਲ ਹੁੰਦਾ ਹੈ ਤਾਂ ਸਾਰੇ ਤੀਹ ਵਿਦਿਆਰਥੀ ਜਮਾਤ ਛੱਡਣ ਨੂੰ ਤਿਆਰ ਹਨ। ਵਿਦਿਆਰਥੀ ਵਰਗ ਜਮਾਤ ਛੱਡ ਦਿੰਦਾ ਹੈ ਤਾਂ ਫਿਰ ਕਿਸ ਤਰ੍ਹਾਂ ਇਨ੍ਹਾਂ ਗਰੀਬ ਲੋਕਾਂ ਦੀ ਜੋ ਦੇਸ਼ ਦਾ ਇੱਕ ਚੌਥਾਈ ਹਿੱਸਾ ਹੈ ਨੁਮਾਇੰਦਗੀ ਕੀਤੀ ਜਾ ਰਹੀ ਹੈ? ਇਸ ਲਈ ਉਨ੍ਹਾਂ ਨੂੰ ਵੱਖਰੇ ਚੋਣ ਖੇਤਰ ਦਿੱਤੇ ਜਾਣੇ ਚਾਹੀਦੇ ਹਨ। ਜਿਥੇ ਉਹੋ ਸਿਰਫ ਖੜੇ ਹੋ ਸਕਦੇ ਹਨ ਤੇ ਸਿਰਫ ਵੋਟ ਪਾ ਸਕਦੇ ਹਨ।

ਡਾ. ਅੰਬੇਡਕਰ ਪੂਰੀ ਤਰ੍ਹਾਂ ਵਿਚਾਰਸ਼ੀਲ ਅਤੇ ਪੂਰੀ ਤਰ੍ਹਾਂ ਮਾਨਵਤਾਵਾਦੀ ਸਨ ਪਰ ਗਾਂਧੀ ਮਰਨ ਵਰਤ ਤੇ ਚਲਾ ਗਿਆ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਹਿੰਦੂ ਵਰਗ ਵਿੱਚ ਦਰਾੜ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦਰਾੜ ਤਾਂ ਦਸ ਹਜ਼ਾਰ ਸਾਲਾਂ ਤੋਂ ਹੋਂਦ ਵਿੱਚ ਹੈ। ਇਹੀ ਕਾਰਨ ਹੈ ਕਿ ਡਾ. ਅੰਬੇਡਕਰ ਵੰਡ ਨਹੀਂ ਪਾ ਰਿਹਾ ਸੀ ਉਹ ਸਿਰਫ ਇੰਨਾ ਕਹਿ ਰਹੇ ਸਨ ਕਿ ਹਜ਼ਾਰਾਂ ਸਾਲਾਂ ਤੋਂ ਦੇਸ਼ ਦੇ ਇੱਕ ਚੌਥਾਈ ਲੋਕਾਂ ਤੇ ਅਤਿਆਚਾਰ ਕੀਤੇ ਜਾ ਰਹੇ ਹਨ। ਹੁਣ ਘੱਟ ਤੋਂ ਘੱਟ ਉਨ੍ਹਾਂ ਨੂੰ ਖੁਦ ਨੂੰ ਅੱਗੇ ਲਿਆਉਣ ਲਈ ਇੱਕ ਮੌਕਾ ਦਿੱਤਾ ਜਾਵੇ। ਘੱਟ ਤੋਂ ਘੱਟ ਉਨ੍ਹਾਂ ਨੂੰ ਵਿਧਾਨ ਸਭਾਵਾਂ ਵਿੱਚ, ਪਾਰਲੀਮੈਂਟ ਵਿੱਚ ਉਨ੍ਹਾਂ ਦੀਆਂ ਸਮਸਿਆਵਾਂ ਬਾਰੇ ਅਵਾਜ਼ ਦਿੱਤੀ ਜਾਵੇ। ਪਰ ਗਾਂਧੀ ਨੇ ਕਿਹਾ, "ਜਦੋਂ ਤੱਕ ਮੈਂ ਜਿਉਂਦਾ ਹਾਂ, ਮੈਂ ਇਸ ਲਈ ਇਜਾਜ਼ਤ ਨਹੀਂ ਦੇ ਸਕਦਾ। ਉਸ ਨੇ ਕਿਹਾ ਕਿ ਉਹ ਹਿੰਦੂ ਸਮਾਜ ਦਾ ਹਿੱਸਾ ਹੈ ਇਸ ਲਈ ਅਛੂਤ ਇੱਕ ਵੱਖਰੇ ਨਿਰਵਾਚਕ ਸਿਸਟਮ ਦੀ ਮੰਗ ਨਹੀਂ ਕਰ ਸਕਦੇ ਅਤੇ ਗਾਂਧੀ ਮਰਨ ਵਰਤ ਤੇ ਯਰਵਡਾ ਜੇਲ੍ਹ ਵਿੱਚ ਬੈਠ ਗਿਆ।

ਇੱਕੀ ਦਿਨਾਂ ਲਈ ਡਾ. ਅੰਬੇਡਕਰ ਅਣਇੱਛੁਕ ਬਣੇ ਰਹੇ ਪਰ ਹਰ ਦਿਨ ਪੂਰੇ ਦੇਸ਼ ਦਾ



ਦਬਾਅ ਉਨ੍ਹਾਂ ਤੇ ਆਉਂਦਾ ਰਿਹਾ ਅਤੇ ਉਨ੍ਹਾਂ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਜੇਕਰ ਉਹ ਬੁੱਢਾ ਆਦਮੀ ਮਰ ਜਾਂਦਾ ਹੈ ਤਾਂ ਮਹਾਨ ਖੂਨ ਖਰਾਬਾ, ਕਤਲੋ ਗਾਰਤ ਸ਼ੁਰੂ ਹੋ ਜਾਵੇਗਾ.. ਜੇਕਰ ਗਾਂਧੀ ਦੀ ਮੌਤ ਹੋ ਗਈ ਤਾਂ ਇਹ ਸਪਸ਼ਟ ਸੀ ਕਿ – ਤਾਂ ਡਾ. ਅੰਬੇਡਕਰ ਨੂੰ ਤੁਰੰਤ ਮਾਰ ਦਿੱਤਾ ਜਾਵੇਗਾ ਅਤੇ ਲੱਖਾਂ ਅਛੂਤਾਂ ਨੂੰ ਪੂਰੇ ਦੇਸ਼ ਵਿੱਚ ਹਰ ਜਗ੍ਹਾ ਮਾਰਿਆ ਜਾਵੇਗਾ ਕਿਉਂਕਿ ਇਹ ਮੰਨਿਆ ਜਾਵੇਗਾ ਕਿ ਇਹ ਤੁਹਾਡੇ ਕਰਕੇ ਹੈ। ਡਾ. ਅਬੰਡੇਕਰ ਨੂੰ ਸਾਰੀ ਗਣਿਤ ਨੂੰ ਸਮਝਾਇਆ ਗਿਆ ਸੀ ਕਿ ਜ਼ਿਆਦਾ ਸਮਾਂ ਨਹੀਂ ਹੈ, ਉਹ ਤੀਹ ਦਿਨ ਤੋਂ ਜ਼ਿਆਦਾ ਜਿਉਂਦੇ ਨਹੀਂ ਰਹਿ ਸਕਦੇ। ਕੁਝ ਦਿਨਾਂ ਵਿੱਚ ਸਭ ਬਾਹਰ ਆਉਣ ਵਾਲਾ ਹੈ। ਡਾ. ਅੰਬੇਡਕਰ ਝਿਜਕ ਰਹੇ ਸਨ। ਡਾ. ਅੰਬੇਡਕਰ ਪੂਰੀ ਤਰ੍ਹਾਂ ਸਹੀ ਸਨ। ਗਾਂਧੀ ਪੂਰੀ ਤਰ੍ਹਾਂ ਗਲਤ ਸੀ। ਲੇਕਿਨ ਕੀ ਕਰਨਾ ਚਾਹੀਦਾ ਸੀ? ਕੀ ਉਨ੍ਹਾਂ ਨੂੰ ਜੋਖਮ ਲੈਣਾ ਚਾਹੀਦਾ ਸੀ? ਡਾ. ਅੰਬੇਡਕਰ ਆਪਣੇ ਜੀਵਨ ਬਾਰੇ ਤਿੰਤਤ ਨਹੀਂ ਸਨ। ਉਨ੍ਹਾਂ ਨੇ ਕਿਹਾ ਅਗਰ ਉਨ੍ਹਾਂ ਨੂੰ ਮਾਰ ਦਿੱਤਾ ਗਿਆ ਤਾਂ ਕੋਈ ਗੱਲ ਨਹੀਂ ਪਰ ਉਹ ਲੱਖਾਂ ਗਰੀਬ ਲੋਕਾਂ ਬਾਰੇ ਚਿੰਤਤ ਸਨ। ਜੋ ਇਹ ਵੀ ਨਹੀਂ ਜਾਣਦੇ ਸਨ ਕਿ ਆਖਰ ਹੋ ਕੀ ਰਿਹਾ ਹੈ। ਉਨ੍ਹਾਂ ਦੇ ਘਰਾਂ ਨੂੰ ਸਾੜ ਦਿੱਤਾ ਜਾਵੇਗਾ। ਉਨ੍ਹਾਂ ਦੀ ਔਰਤਾਂ ਨਾਲ ਬਲਾਤਕਾਰ ਕੀਤਾ ਜਾਵੇਗਾ। ਉਨ੍ਹਾਂ ਦੇ ਬੱਚਿਆਂ ਨੂੰ ਬੇਰਹਿਮੀ ਨਾਲ ਵੱਢ ਦਿੱਤਾ ਜਾਵੇਗਾ ਅਤੇ ਉਹ ਸਭ ਕੁਝ ਹੋਵੇਗਾ ਜੋ ਪਹਿਲਾਂ ਕਦੇ ਨਹੀਂ ਹੋਇਆ ਸੀ। ਆਖਰ ਉਨ੍ਹਾਂ ਨੇ ਗਾਂਧੀ ਦੀਆਂ ਸ਼ਰਤਾਂ ਨੂੰ ਸਵੀਕਾਰ ਕਰ ਲਿਆ। ਆਪਣੇ ਹੱਥਾਂ ਵਿੱਚ ਨਾਸ਼ਤਾ ਲੈਂਦੇ ਹੋਏ ਡਾ. ਅੰਬੇਡਕਰ ਗਾਂਧੀ ਕੋਲ ਚਲੇ ਗਏ। ਉਨ੍ਹਾਂ ਨੇ ਕਿਹਾ ਕਿ ਮੈਂ ਆਪਣੀਆਂ ਸ਼ਰਤਾਂ ਨੂੰ ਸਵੀਕਾਰ ਕਰਦਾ ਹਾਂ। ਅਸੀਂ ਇੱਕ ਅਲਗ ਵੋਟ ਜਾਂ ਅਲਗ ਉਮੀਦਵਾਰਾਂ ਲਈ ਨਹੀਂ ਕਹਾਂਗੇ। ਇਸ ਸੰਤਰੇ ਦਾ ਰਸ ਸਵੀਕਾਰ ਕਰੋ ਅਤੇ ਗਾਂਧੀ ਨੇ ਸੰਤਰੇ ਦਾ ਰਸ ਸਵੀਕਾਰ ਕਰ ਲਿਆ ਲੇਕਿਨ ਇਹ ਸੰਤਰੇ ਦਾ ਰਸ ਅਸਲ ਵਿੱਚ ਇੱਕ ਗਿਲਾਸ ਸੰਤਰੇ ਦੇ ਰਸ ਵਿੱਚ ਲੱਖਾਂ ਲੋਕਾਂ ਦਾ ਖੂਨ ਮਿਲਿਆ ਹੋਇਆ ਸੀ। ਮੈਂ ਡਾ. ਅੰਬੇਡਕਰ ਨੂੰ ਨਿੰਜੀ ਤੌਰ ਤੇ ਮਿਲਿਆ। ਪੱਕੇ ਤੌਰ ਤੇ ਡਾ. ਅੰਬੇਡਕਰ ਮੈਨੂੰ ਅੱਜ ਤੱਕ ਮਿਲੇ ਹੋਏ ਸਭ ਤੋਂ ਬੁੱਧਮਾਨ ਲੋਕਾਂ ਵਿੱਚ ਇੱਕ ਸਨ। ਲੇਕਿਨ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਲਗਦਾ ਹੈ ਕਿ "ਆਪ ਕਮਜ਼ੋਰ ਸਿੱਧ ਹੋਏ ਹੋ।" ਡਾ. ਅੰਬੇਡਕਰ ਨੇ ਕਿਹਾ ਆਪ ਸਮਝ ਨਹੀਂ ਰਹੇ ਹੋ। ਮੈਂ ਸਹੀ ਸੀ ਅਤੇ ਇਹ ਗੱਲਾਂ ਮੈਂ ਜਾਣਦਾ ਸੀ। ਗਾਂਧੀ ਗਲਤ ਸੀ ਪਰ ਉਸ ਜਿੱਦੀ ਬੁੱਢੇ ਨਾਲ ਕੀ ਕੀਤਾ ਜਾ ਸਕਦਾ ਸੀ? ਉਹ ਮਰਨ ਜਾ ਰਿਹਾ ਸੀ। ਜੇਕਰ ਉਹ ਮਰ ਗਿਆ ਹੁੰਦਾ ਤਾਂ ਮੈਨੂੰ ਉਸਦੀ ਮੌਤ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਅਤੇ ਅਛੂਤਾਂ ਨੂੰ ਵੱਡੀ ਸੱਮਸਿਆ ਦਾ ਸਾਮ੍ਹਣਾ ਕਰਨਾ ਪੈਂਦਾ।

**–ਓਸ਼ੋ ਰਜਨੀਸ਼**

## ਵਿਦਿਆਰਥੀ ਸੰਗਠਨਾਂ ਨੇ ਮਨੂ ਸਮਿਰਤੀ ਦੇ ਪੰਨੇ ਸਾੜੇ

**ਨਵੀਂ ਦਿੱਲੀ–** ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਸੰਗਠਨਾਂ ਨੇ ਮਹਿਲਾ ਦਿਵਸ ਦੇ ਮੌਕੇ ਤੇ ਮਨੂ ਸਮਿਰਤੀ ਦੇ ਪੰਨੇ ਸਾੜੇ। ਮਨੂੰ ਸਮਿਰਤੀ 'ਚ ਔਰਤਾਂ ਅਤੇ ਦਲਿਤਾਂ ਦੇ ਖਿਲਾਫ ਫਰਮਾਨ ਦਿੱਤੇ ਗਏ ਹਨ। ਸਭ ਤੋਂ ਪਹਿਲਾਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਨੇ 25 ਦਸੰਬਰ 1927 ਨੂੰ ਮਨੂ ਸਮਿਰਤੀ ਨੂੰ ਅਗਨੀ ਭੇਟ ਕੀਤਾ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਇਸ ਦਾਹ ਸੰਸਕਾਰ ਵਿੱਚ ਸ਼ਾਮਲ ਹੋਏ।

## ਮੁਫਤ ਹਾਇਰ ਐਜੂਕੇਸ਼ਨ ਦਾ ਹੱਕ ਖੋਹ ਲਿਆ ਸਰਕਾਰ ਨੇ

**ਨਵੀਂ ਦਿੱਲੀ–** ਸੂਤਰਾਂ ਅਨੁਸਾਰ ਕੇਂਦਰ ਸਰਕਾਰ ਦੇ ਇਕ ਨੋਟੀਫਿਕੇਸ਼ਨ ਮੁਤਾਬਕ ਅਨੁਸੂਚਿਤ ਜਾਤਾਂ ਦੇ ਉਨ੍ਹਾਂ ਵਿਦਿਆਰਥੀਆਂ ਦਾ ਹੱਕ ਖੋਹ ਲਿਆ ਜੋ ਕਿ ਮੁਫਤ ਹਾਇਰ ਐਜੂਕੇਸ਼ਨ ਲੈਂਦੇ ਸਨ। ਨਵੇਂ ਨੋਟੀਫਿਕੇਸ਼ਨ ਮੁਤਾਬਕ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖਲਾ ਹੋਣ ਤੋਂ ਪਹਿਲਾਂ ਪੂਰੀ ਫੀਸ ਜਮਾ ਕਰਾਉਣੀ ਪਵੇਗੀ। ਇਸ ਤੋਂ ਪਹਿਲਾਂ ਸਰਕਾਰੀ ਤੇ ਪ੍ਰਾਈਵੇਟ ਕਾਲਜ ਵਿੱਚ ਪੂਰੀ ਤਰ੍ਹਾਂ ਮੁਫਤ ਦਾਖਲਾ ਮਿਲਦਾ ਸੀ। ਅਨੁਸੂਚਿਤ ਜਾਤਾਂ ਦੇ ਬੱਚਿਆਂ ਦਾ ਹਾਇਰ ਐਜੂਕੇਸ਼ਨ ਵਲ੍ਹ ਪਹਿਲਾਂ ਹੀ ਰੁਝਾਨ ਘੱਟ ਸੀ। ਸਿਰਫ 5 ਤੋਂ 7 ਪ੍ਰਤੀਸ਼ਤ ਬੱਚੇ ਹਾਇਰ ਐਜੂਕੇਸ਼ਨ ਵਲ੍ਹ ਜਾਂਦੇ ਸਨ। ਪਿਛਲੇ ਚਹੁੰ ਕੁ ਸਾਲਾਂ ਤੋਂ ਹਾਇਰ ਐਜੂਕੇਸ਼ਨ ਦੇ ਰੁਝਾਨ ਵਾਲ ਵਾਧਾ ਹੋਇਆ ਸੀ ਪਰ ਕੇਂਦਰ ਸਰਕਾਰ ਦੇ ਇਸ ਨੋਟੀਫਿਕੇਸ਼ਨ ਨਾਲ ਵਿਦਿਆਰਥੀਆਂ ਨੂੰ ਹਾਇਰ ਐਜੂਕੇਸ਼ਨ ਤੋਂ ਵਾਂਝਾ ਕਰ ਦਿੱਤਾ ਹੈ। ਜਿਸ ਨਾਲ ਚਹੁੰਪਾਸੀ ਹਾਹਾਕਾਰ ਮਚ ਗਈ ਹੈ।

# ਅਸੀਂ ਭਾਰਤੀ ਹਾਂ, ਹਿੰਦੂ ਨਹੀਂ

**ਕੇਵਲ ਸਿੰਘ ਹਿੱਸੇਵਾਲ**
**91-98141-25593**

ਅੱਜ ਦੇਸ਼ ਵਿੱਚ ਸੱਤਾਧਾਰੀ ਖੇਮ ਵਲੋਂ ਵੱਡੇ ਪੱਧਰ ਤੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਦੇਸ਼ ਵਿੱਚ ਵਸਣ ਵਾਲੇ ਸਾਰੇ ਹੀ ਹਿੰਦੂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸੰਨ 2024 ਤੱਕ ਦੇਸ਼ ਇੱਕ ਹਿੰਦੂ ਰਾਸ਼ਟਰ ਬਣ ਜਾਵੇਗਾ। ਇਸ ਤੋਂ ਹਟ ਕੇ ਹੋਰ ਵੀ ਬਹੁਤ ਤਰ੍ਹਾਂ ਦਾ ਹਿੰਦੂਵਾਦੀ ਪ੍ਰਚਾਰ ਅਤੇ ਪਸਾਰ ਕੀਤਾ ਜਾ ਰਿਹਾ ਹੈ। ਪਰ ਇਹ ਸਭ ਕੁਝ ਮੰਦਭਾਗਾ ਅਤੇ ਗਲਤ ਹੈ। ਇਹ ਸਭ ਕੁਝ ਤਾਨਾਸ਼ਾਹੀ ਵਾਲੀ ਮਾਨਸਿਕਤਾ ਦਾ ਇਜ਼ਹਾਰ ਹੈ। ਇਹ ਸੱਤਾ ਦੀ ਹੈਂਕੜਬਾਜ਼ੀ ਹੈ।

ਦੇਸ਼ ਬਿਲਕੁਲ ਵੀ ਹਿੰਦੂ ਰਾਸ਼ਟਰ ਨਹੀਂ ਹੈ ਨਾ ਹੀ ਕਦੇ ਪਹਿਲਾਂ ਸੀ ਅਤੇ ਨਾ ਹੀ ਹੋਵੇਗਾ। ਅਸੀਂ ਸਾਰੇ ਭਾਰਤੀ ਹਾਂ। ਸ਼ੁਰੂ ਤੋਂ ਹੀ ਦੇਸ਼ ਵਿੱਚ ਵੱਖ ਵੱਖ ਧਰਮਾਂ ਦੇ ਲੋਕ ਰਹਿ ਰਹੇ ਹਨ, ਜਿਨ੍ਹਾਂ ਦਾ ਹਿੰਦੂ ਧਰਮ ਨਾਲ ਕੋਈ ਵਾਹ ਵਾਸਤਾ ਨਹੀਂ ਹੁੰਦਾ। ਬੁੱਧ ਧਰਮ, ਜੈਨ ਧਰਮ, ਸਿੱਖ ਧਰਮ, ਈਸਾਈ ਧਰਮ, ਇਸਲਾਮ ਧਰਮ ਸਾਰੇ ਹੀ ਵੱਖਰੇ ਵੱਖਰੇ ਮੱਤ ਹਨ। ਹੋਰ ਵੀ ਬਹੁਤ ਸਾਰੇ ਮੱਤਾਂ ਦੇ ਲੋਕ ਦੇਸ਼ ਵਿੱਚ ਰਹਿੰਦੇ ਹਨ। ਸਾਰੇ ਧਰਮਾਂ ਦੇ ਆਪੋ ਆਪਣੇ ਰੀਤੀ ਰਿਵਾਜ਼ ਉਪਦੇਸ ਅਤੇ ਅਕੀਦੇ ਹਨ। ਇਹ ਹਿੰਦੂ ਧਰਮ ਤੋਂ ਵੱਖਰੇ ਮੱਤ ਹਨ। ਇਸ ਲਈ ਦੇਸ਼ ਨੂੰ ਹਿੰਦੂ ਰਾਸ਼ਟਰ ਕਹਿਣਾ ਉਚਿਤ ਨਹੀਂ ਹੈ। ਇਹ ਫੁੱਟ ਪਾਉ ਅਤੇ ਇਕਤਰਫਾ ਗੱਲਾਂ ਦਾ ਪ੍ਰਚਾਰ ਦੇਸ਼ ਲਈ ਨੁਕਸਾਨਦਾਇਕ ਹੈ। ਦੇਸ਼ ਦੀ ਏਕਤਾ ਅਤੇ ਅਖੰਡਤਾ, ਦੇਸ਼ ਦੀ ਮਜ਼ਬੂਤੀ ਅਤੇ ਖੁਸ਼ਹਾਲੀ ਲਈ ਸਾਡਾ ਸਾਰਿਆਂ ਦਾ ਦੇਸ਼ ਪ੍ਰਤੀ ਪਿਆਰ ਹੋਣਾ ਤਾਂ ਬਹੁਤ ਜ਼ਰੂਰੀ ਹੈ। ਪਰ ਸਾਡੇ ਮਨਾਂ ਵਿੱਚ ਹਿੰਦੂ ਜਾਂ ਗੈਰ ਹਿੰਦੂ ਦੀ ਭਾਵਨਾ ਨਹੀਂ ਹੋਣੀ ਚਾਹੀਦੀ। ਇਸ ਨਾਲ ਸਾਡੀ ਭਾਈਚਾਰਕ ਸਾਂਝ ਨੂੰ ਢਾਹ ਲੱਗੇਗੀ। ਹਿੰਦੂਵਾਦ ਜਾਂ ਹਿੰਦੂ ਰਾਸ਼ਟਰ ਦਾ ਢੰਡੋਰਾ ਪਿਟਣਾ ਦੇਸ਼ਧ੍ਰੋਹ ਹੈ ਕਿਉਂਕਿ ਸਾਡਾ ਸੰਵਿਧਾਨ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਸੰਵਿਧਾਨ ਵਿੱਚ ਕਿਤੇ ਵੀ ਹਿੰਦੂ ਰਾਸ਼ਟਰ ਦੀ ਗੱਲ ਨਹੀਂ ਕੀਤੀ ਗਈ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸ਼ੁਰੂ ਵਿੱਚ ਹੀ ਲਿਖਿਆ ਗਿਆ ਹੈ ਕਿ ਅਸੀਂ ਭਾਰਤ ਦੇ ਲੋਕ ਸਹੁੰ ਖਾ ਕੇ ਸੰਕਲਪ ਲੈਂਦੇ ਹਾਂ ਕਿ ਭਾਰਤ ਨੂੰ ਇੱਕ ਪ੍ਰਭੂਤਾਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਜ਼ਮਹੂਰੀਅਤ ਪਸੰਦ ਰਾਜ ਬਣਾਵਾਂਗੇ। ਦੇਸ਼ ਦੇ ਸੰਵਿਧਾਨ ਵਿੱਚ ਕਿਤੇ ਵੀ ਹਿੰਦੂ ਰਾਸ਼ਟਰ ਦਾ ਜ਼ਿਕਰ ਨਹੀਂ ਆਉਂਦਾ। ਇਸ ਲਈ ਦੇਸ਼ ਨੂੰ ਹਿੰਦੂ ਰਾਸ਼ਟਰ ਕਹਿਣਾ ਗਲਤ ਹੈ। ਇਹ ਸੰਵਿਧਾਨ ਵਿਰੋਧੀ ਹੈ। ਸਭ ਕੁਝ ਜਾਣਦੇ ਹੋਏ ਵੀ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ, ਜੋ ਦੇਸ਼ ਵਿਰੋਧੀ ਗਤੀਵਿਧੀ ਹੈ। ਦੇਸ਼ ਨੂੰ ਪਿਆਰ ਕਰਨ ਵਾਲੇ ਕਿਸੇ ਵੀ ਵਿਅਕਤੀ ਤੋਂ ਅਜਿਹੀ ਆਸ ਨਹੀਂ ਹੋ ਸਕਦੀ। ਇਹ ਵੀ ਤੌਖਲੇ ਪੈਦਾ ਕੀਤਾ ਜਾ ਰਹੇ ਹਨ ਕਿ ਦੇਸ਼ ਦਾ ਸੰਵਿਧਾਨ ਵੀ ਬਦਲਿਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਸਭ ਕੁਝ ਵੇਖਦੇ ਹੋਏ ਵੀ ਚੁੱਪ ਹੈ, ਜੋ ਸਰਕਾਰ ਦੀ ਦੋਸ਼ੀਆਂ ਪ੍ਰਤੀ ਹਾਂ ਪੱਖੀ ਰਵਈਏ ਦੀ ਸਹਿਮਤੀ ਹੈ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਅਜਿਹੀਆਂ ਘਿਨੌਣੀਆਂ ਹਰਕਤਾਂ ਨੂੰ ਸਖਤੀ ਨਾਲ ਰੋਕਿਆ ਜਾਵੇ। ਸੱਤਾਧਾਰੀ ਧਿਰ ਨੂੰ ਕੋਰਾ ਵਹਿਮ ਹੈ ਕਿ ਹਿੰਦੂਵਾਦ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਰੋਕਣ ਨਾਲ ਉਨ੍ਹਾਂ ਦੇ ਵੋਟ ਬੈਂਕ ਨੂੰ ਖੋਰਾ ਲੱਗ ਸਕਦਾ ਹੈ। ਸਾਰਿਆਂ ਦੇ ਹਿੱਤਾਂ ਦੀ ਰਾਖੀ ਕਰਨ ਨਾਲ ਸਰਕਾਰ ਨੂੰ ਜ਼ਿਆਦਾ ਮਜ਼ਬੂਤੀ ਮਿਲੇਗੀ।

ਮੋਹਨ ਭਗਵਤ ਕਹਿ ਰਹੇ ਹਨ ਕਿ ਸਾਡੇ ਪੁਰਖੇ ਹਿੰਦੂ ਸਨ। ਮੋਹਨ ਭਗਵਤ ਇਹ ਵੀ ਕਹਿ ਰਹੇ ਹਨ ਕਿ ਦੇਸ਼ ਵਿੱਚ ਰਹਿਣ ਵਾਲੇ ਲੋਕ ਭਾਵ ਕਿਸੇ ਵੀ ਮੱਤ ਨੂੰ ਮੰਨਦੇ ਹੋਣ ਪਰ ਉਹ ਹਿੰਦੂ ਹਨ। ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਨੂੰ ਤਾਂ ਅਕਸਰ ਹੀ ਹਿੰਦੂ ਕਿਹਾ ਜਾਂਦਾ ਹੈ। ਮੋਹਨ ਭਗਵਤ ਇਹ ਵੀ ਕਹਿ ਰਹੇ ਹਨ ਕਿ ਜਿਹੜੇ ਆਪਣੇ ਆਪ ਨੂੰ ਹਿੰਦੂ ਨਹੀਂ ਮੰਨਦੇ ਉਹ ਭੁੱਲੇ ਹੋਏ ਹਨ। ਮੋਹਨ ਭਗਵਤ ਇਹ ਵੀ ਕਹਿੰਦੇ ਹਨ, ਸਾਰੇ ਦੇਸ਼ਵਾਸੀ ਉਸ ਦੇ ਭਰਾ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਮੋਹਨ ਭਗਵਤ ਆਪ ਵਿਰੋਧੀ ਗੱਲਾਂ ਕਰ ਰਹੇ ਹਨ। ਜੇਕਰ ਸਾਰੇ ਹੀ ਹਿੰਦੂ ਹਨ ਅਤੇ ਸਾਰੇ ਹੀ ਭਰਾ ਹਨ ਤਾਂ ਵਖਰੇਵੇਂ ਵਾਲੀ ਮਾਨਸਿਕਤਾ ਕਿਉਂ ਹੈ? ਮਨਾਂ ਵਿੱਚ ਨਫਰਤ ਕਿਉਂ ਹਨ? ਕਿਉਂ ਸਿੱਖਾਂ, ਮੁਸਲਮਾਨਾਂ, ਈਸਾਈਆਂ ਅਤੇ ਦਲਿਤਾਂ ਤੇ ਵਿਸ਼ੇਸ਼ ਹਮਲੇ ਹੋ ਰਹੇ ਹਨ। ਕਿਉਂ ਬਾਬਰੀ ਮਸਜਿਦ ਢਾਹੁਣ ਦੀ ਜ਼ਰੂਰਤ ਪਈ? ਜੇਕਰ ਸਾਰੇ ਹੀ ਭਰਾ ਹਨ ਤਾਂ ਭਗਵਾਂਕਰਨ ਲਹਿਰ ਚਲਾਉਣ ਦੀ ਕੀ ਜ਼ਰੂਰਤ ਹੈ? ਜੇਕਰ ਸਾਰੇ ਭਰਾ ਹਨ ਤਾਂ ਮਾਰ ਮੁਕਾਈ ਕਿਉਂ ਹੋ ਰਹੀ ਹੈ? ਕਿਉਂ ਕੱਟੜਵਾਦੀ ਮਾਨਸਿਕਤਾ ਤਹਿਤ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਮੋਹਨ ਭਗਵਤ ਕਹਿ ਰਹੇ ਹਨ ਕਿ ਸਾਡੇ ਸਾਰਿਆਂ ਦੇ ਪੁਰਖੇ ਹਿੰਦੂ ਸਨ, ਇਸ ਲਈ ਅਸੀਂ ਸਾਰੇ ਹਿੰਦੂ ਹਾਂ। ਇਸ ਗੱਲ ਵਿੱਚ ਵੀ ਕੋਈ ਵਜ਼ਨ ਵਿਖਾਈ ਨਹੀਂ ਦੇ ਰਿਹਾ। ਮਨੁੱਖੀ ਜੀਵਨ ਲੱਖਾਂ ਵਰ੍ਹੇ ਪਹਿਲਾਂ ਹੋਂਦ ਵਿੱਚ ਆਇਆ ਹੈ। ਮਨੁੱਖੀ ਜੀਵਨ ਦੇ ਹੋਂਦ ਵਿੱਚ ਆਉਣ ਸਮੇਂ ਸੰਸਾਰ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਧਰਮ ਪ੍ਰਚਲਤ ਨਹੀਂ ਸੀ। ਧਰਮਾਂ ਦੀ ਉਤਪਤੀ ਤਾਂ ਬਹੁਤ ਬਾਅਦ ਵਿੱਚ ਹੋਈ ਹੈ। ਮਹਾਨ ਵਿਦਵਾਨ ਚਾਰਲਸ ਡਾਰਵਿਨ ਦਾ ਸਿਧਾਂਤ ਤਾਂ ਇਹ ਵੀ ਕਹਿ ਰਿਹਾ ਹੈ ਕਿ ਸਾਡੇ ਜੰਗਲੀ ਜੀਵ ਸਨ। ਇਹ ਸਹੀ ਵੀ ਹੈ। ਅੱਜ ਜੇ ਅਸੀਂ ਹਾਂ ਉਹ ਨਿਰੰਤਰ ਵਿਕਾਸ ਕਰ ਕੇ ਹਾਂ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਬਦਲਾਅ ਹੋਵੇਗਾ। ਇਸ ਲਈ ਮੋਹਨ ਭਾਗਵਤ ਦੀ ਇਸ ਗੱਲ ਵਿੱਚ ਕੋਈ ਵਜ਼ਨ ਨਹੀਂ ਹੈ ਕਿ ਸਾਡੇ ਪੁਰਖੇ ਹਿੰਦੂ ਸਨ। ਸਾਨੂੰ ਸਾਰਿਆਂ ਨੂੰ ਭਾਰਤੀ ਕਹਿਣਾ ਤਾਂ ਉਚਿਤ ਹੈ ਪਰ ਸਾਰਿਆਂ ਨੂੰ ਹਿੰਦੂ ਕਹਿਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ।

ਦੇਸ਼ ਸਾਰਿਆਂ ਦਾ ਹੈ ਭਾਵੇਂ ਕਿਸੇ ਵੀ ਮਜ਼ਹਬ ਨਾਲ ਸਬੰਧਤ ਹੋਵੇ। ਅਸੀਂ ਸਾਰੇ ਭਾਰਤੀ ਹਾਂ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਦੇਸ਼ ਦੀ ਮਜ਼ਬੂਤੀ ਅਤੇ ਖੁਸ਼ਹਾਲੀ ਲਈ ਯਤਨ ਕਰੀਏ। ਮੋਹਨ ਭਗਵਤ ਅਤੇ ਉਸ ਦੇ ਸਾਥੀਆਂ ਨੂੰ ਇਕਤਰਫਾ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਸਰਕਾਰ ਦਾ ਵੀ ਫਰਜ਼ ਹੈ ਕਿ ਅਜਿਹੀਆਂ ਇੱਕਤਰਫਾ ਗਤੀਵਿਧੀਆਂ ਤੇ ਸਖਤੀ ਨਾਲ ਰੋਕ ਲਾਈ ਜਾਵੇ। ਅਜਿਹੇ ਬੇਤੁੱਕੇ ਅਤੇ ਪੱਖਪਾਤੀ ਪ੍ਰਚਾਰ ਕਰਕੇ ਹੀ ਦੇਸ਼ ਅਰਾਜਕਤਾ ਵੱਲ ਵਧ ਰਿਹਾ ਹੈ। ਸਰਕਾਰ ਦੀ ਲੰਮੀ ਉਮਰ ਲਈ ਬੇਲੋੜੀ ਖੁੱਲ੍ਹ ਦੇਣੀ ਜਾਇਜ਼ ਨਹੀਂ ਹੈ। ਸਹਾਰਾ ਭਾਲਣ ਦੀ ਬਜਾਏ ਲੋਕਪੱਖੀ ਕੰਮ ਕਰ ਕੇ ਲੋਕਾਂ ਦਾ ਦਿਲ ਜਿਤਿਆ ਜਾਵੇ। ਲੋਕ ਖੁਸ਼ਹਾਲ ਹੋਣਗੇ ਤਾਂ ਸਰਕਾਰ ਦੀ ਵਾਹ ਵਾਹ ਆਪਣੇ ਆਪ ਹੋਵੇਗੀ। ਦੇਸ਼ ਨੂੰ ਹਿੰਦੂ ਰਾਸ਼ਟਰ ਦੱਸਣਾ ਤਾਂ ਦੂਜੇ ਮਜ਼ਹਬਾਂ ਨੂੰ ਤੁਛ ਸਮਝਣ ਵਾਲੀ ਗੱਲ ਹੈ, ਜੋ ਦੇਸ਼ ਦੀ ਏਕਤਾ ਅਤੇ ਮਜ਼ਬੂਤੀ ਨੂੰ ਢਾਹ ਲਾਏਗੀ।

ਦੇਸ਼ ਵਿੱਚ ਬਹੁਤ ਸਾਰੇ ਧਰਮਾਂ, ਮੱਤਾਂ ਤੇ ਫਿਰਕਿਆਂ ਦੇ ਲੋਕ ਹਨ। ਕਿਸ ਤਰ੍ਹਾਂ ਦੇਸ਼ ਨੂੰ ਕਿਸੇ ਇੱਕ ਮਜ਼ਹਬ ਨਾਲ ਜੋੜਿਆ ਜਾ ਸਕਦਾ ਹੈ? ਮੁਸਲਮਾਨਾਂ ਦਾ ਆਪਣਾ ਮਜਹਬ ਹੈ। ਕੌਣ ਨਹੀਂ ਜਾਣਦਾ ਕਿ ਸਿੱਖ ਧਰਮ, ਈਸਾਈ ਧਰਮ, ਬੁੱਧ ਧਰਮ ਵੱਖਰੇ ਧਰਮ ਹਨ ਅਤੇ ਇਨ੍ਹਾਂ ਦਾ ਹਿੰਦੂ ਧਰਮ ਨਾਲ ਕੋਈ ਸਰੋਕਾਰ ਨਹੀਂ ਹੈ। ਹੋਰ ਵੀ ਬਹੁਤ ਸਾਰੇ ਮੱਤਾਂ ਦੇ ਲੋਕ ਦੇਸ਼ ਵਿੱਚ ਵੱਸਦੇ ਹਨ। ਠੀਕ ਇਸੇ ਤਰ੍ਹਾਂ ਹੀ ਦਲਿਤ ਅਤੇ ਪਛੜੇ ਵਰਗਾਂ ਦੇ ਲੋਕ ਆਪਣੇ ਆਪ ਨੂੰ ਹੀ ਆਪਣੇ ਪਛੜਪਨ ਲਈ ਜ਼ਿੰਮੇਵਾਰ ਮੰਨਦੇ ਹਨ। ਬਿਨਾਂ ਸ਼ੱਕ ਉਨ੍ਹਾਂ ਨਾਲ ਸਦੀਆਂ ਤੋਂ ਹੀ ਹੋ ਰਹੀ ਬੇਇਨਸਾਫੀ ਲਈ ਹਿੰਦੂ ਧਰਮ ਜ਼ਿੰਮੇਵਾਰ ਹੈ, ਜੋ ਉਨ੍ਹਾਂ ਨੂੰ ਨੀਚ ਦੱਸ ਰਿਹਾ ਹੈ। ਜੇਕਰ ਦਲਿਤਾਂ ਅਤੇ ਪਛੜੇ ਵਰਗਾਂ ਨੂੰ ਹਿੰਦੂ ਮੰਨ ਵੀ ਲਿਆ ਜਾਵੇ ਤਾਂ ਉਨ੍ਹਾਂ ਨੂੰ ਬਰਾਬਰੀ ਦਾ ਦਰਜ਼ਾ ਕਿਉਂ ਨਹੀਂ ਦਿੱਤਾ ਜਾ ਰਿਹਾ? ਵਿਤਕਰਾ ਵੀ ਹਿੰਦੂ ਧਰਮ ਦੀਆਂ ਹਦਾਇਤਾਂ ਮੁਤਾਬਕ ਹੋ ਰਿਹਾ ਹੈ। ਉਹ ਤਾਂ ਹਿੰਦੂ ਧਰਮ ਛੱਡ ਕੇ ਬੁੱਧ ਧਰਮ, ਇਸਲਾਮ ਧਰਮ ਅਤੇ ਸਿੱਖ ਧਰਮ ਵੱਲ ਜਾ ਰਹੇ ਹਨ। ਜੇਕਰ ਦਲਿਤ ਤੇ ਪਛੜੇ ਵਰਗ ਦੇ ਲੋਕ ਹਿੰਦੂ ਹਨ ਤਾਂ ਉਨ੍ਹਾਂ ਨੂੰ ਸਮਾਨਤਾ ਦੇਣ ਵਿੱਚ ਝਿਜਕ ਕਿਉਂ ਹੈ? ਕਿਉਂ ਸਦੀਆਂ ਤੋਂ ਉਨ੍ਹਾਂ ਦੇ ਹੱਕ ਦਬਾਏ ਗਏ? ਕਿਉਂ ਉਨ੍ਹਾਂ ਦੇ ਮੰਦਰ 'ਚ ਦਾਖਲ ਹੋਣ ਤੇ ਪਾਬੰਦੀ ਹੈ? ਇਹ ਸਭ ਸਵਾਲਾਂ ਦੇ ਜਵਾਬ ਮੋਹਨ ਭਾਗਵਤ ਅਤੇ ਉਸ ਦੇ ਸਾਥੀਆਂ ਨੂੰ ਦੇਣੇ ਚਾਹੀਦੇ ਹਨ।

ਮੋਹਨ ਭਾਗਵਤ ਅਤੇ ਉਸ ਦੇ ਸਾਥੀ ਇਹ ਤਾਂ ਕਹਿ ਰਹੇ ਹਨ ਕਿ ਸਾਰੇ ਹਿੰਦੂਆਂ ਨੂੰ ਸੰਗਠਤ ਹੋ ਜਾਣਾ ਚਾਹੀਦਾ ਹੈ ਪਰ ਕਿੰਨਾ ਚੰਗਾ ਹੋਵੇ ਜੇਕਰ ਉਹ ਸਮੂਹ ਦੇਸ਼ ਵਾਸੀਆਂ ਨੂੰ ਸੰਗਠਤ ਹੋਣ ਲਈ ਕਹਿਣ। ਉਹ ਇਹ ਤਾਂ ਕਹਿ ਰਹੇ ਹਨ ਕਿ 'ਮਾਣ ਨਾਲ ਕਹੋ ਅਸੀਂ ਹਿੰਦੂ ਹਾਂ'' ਪਰ ਕਿੰਨਾ ਚੰਗਾ ਹੋਵੇ ਜੇਕਰ ਉਹ ਇਹ ਕਹਿਣ ਕਿ 'ਮਾਣ ਨਾਲ ਕਹੋ ਅਸੀਂ ਭਾਰਤੀ ਹਾਂ।' ਮੋਹਨ ਭਾਗਵਤ ਅਤੇ ਉਸ ਦੇ ਸਾਥੀ ਹਿੰਦੂ ਧਰਮ ਦੇ ਪੈਰੋਕਾਰ ਜਾਂ ਪ੍ਰਚਾਰਕ ਤਾਂ ਹੋ ਸਕਦੇ ਹਨ, ਪਰ ਉਹ ਆਪਣੇ ਇਕਤਰਫਾ ਜਜ਼ਬਾਤ ਨੂੰ ਜਾਬਤੇ ਵਿੱਚ ਰੱਖਣ। ਉਨ੍ਹਾਂ ਪਾਸ ਕੋਈ ਅਧਿਕਾਰ ਨਹੀਂ ਹੈ ਉਹ ਪੂਰੇ ਦੇਸ਼ ਤੇ ਚਾਦਰ ਪਾਉਣ। ਦੇਸ਼ ਸਾਰਿਆਂ ਦਾ ਹੈ। ਦੇਸ਼ ਦੀ ਤਰੱਕੀ ਵਿੱਚ ਸਾਰਿਆਂ ਦਾ ਯੋਗਦਾਨ ਹੈ। ਜਦੋਂ ਦੇਸ਼ ਉੱਤੇ ਭੀੜ ਪੈਂਦੀ ਹੈ ਤਾਂ ਸਾਰੇ ਖੂਨ ਡੋਲ੍ਹਦੇ ਹਨ। ਉੱਤਰ ਪ੍ਰਦੇਸ਼ ਦੇ ਵਿਧਾਇਕ ਸੁਰਿੰਦਰ ਸਿੰਘ ਕਹਿੰਦੇ ਹਨ ਕਿ ਜਿਸ ਨੂੰ ਭਾਰਤ ਮਾਤਾ ਦੀ ਜੈ ਕਹਿਣ ਤੋਂ ਝਿਜਕ ਹੈ ਉਹ ਪਾਕਿਸਤਾਨੀ ਹੈ। ਬੜੀਆਂ ਹੀ ਅਜੀਬ ਗੱਲਾਂ ਕੀਤੀਆਂ ਜਾ ਰਹੀਆਂ ਹਨ। ਕੀ ਵੰਦੇ ਮਾਤਰਮ ਜਾਂ ਭਾਰਤ ਮਾਤਾ ਦੀ ਜੈ ਕਹਿਣ ਨਾਲ ਹੀ ਆਪਣਾ ਜਾਂ ਪਰਾਇਆ ਹੋਣ ਦਾ ਪ੍ਰਮਾਣ ਪੱਤਰ ਮਿਲ ਜਾਂਦਾ ਹੈ? ਕੀ ਇਸ ਗੱਲ ਦੀ ਗਰੰਟੀ ਹੈ ਕਿ ਜੋ ਭਾਰਤ ਮਾਤਾ ਦੀ ਜੈ ਦਾ ਉਚਾਰਣ ਕਰੇਗਾ ਉਸਨੂੰ ਵਿਤਕਰੇਬਾਜ਼ੀ ਦਾ ਸ਼ਿਕਾਰ ਨਹੀਂ ਹੋਣਾ ਪਵੇਗਾ ਜਾਂ ਉਸ ਦੀ ਸੁਰੱਖਿਆ ਯਕੀਨੀ ਹੋਵੇਗੀ। ਮੋਹਨ ਭਾਗਵਤ ਅਤੇ ਉਨ੍ਹਾਂ ਸਾਥੀਆਂ ਕੋਲ ਇਹੋ ਜਿਹੇ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ। ਇਸ ਲਈ ਇਕਤਰਫਾ ਕੱਟੜਤਾ ਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ।

ਭਾਰਤ ਇੱਕ ਧਰਮ ਨਿਰਪੱਖ ਦੇਸ ਹੈ। ਇਥੇ ਹਰ ਕਿਸੇ ਨੂੰ ਵਧਣ ਫੁਲਣ ਦੀ ਅਜ਼ਾਦੀ ਹੈ। ਧਰਮ ਦੇ ਅਧਾਰ ਤੇ ਵਿਤਕਰੇਬਾਜ਼ੀ ਗੁਨਾਹ ਹੈ। ਇਸ ਲਈ ਜ਼ਰੂਰੀ ਹੈ ਕਿ ਦੇਸ਼ ਦੇ ਵਾਸੀਆਂ ਨੂੰ ਪਿਆਰ ਕੀਤਾ ਜਾਵੇ। ਜੇਕਰ ਹੰਕਾਰ ਅਤੇ ਕ੍ਰੋਧ ਰੱਖ ਕੇ ਹੀ ਬਾਕੀਆਂ ਨਾਲ ਵਿਚਰਨਾ ਹੈ ਤਾਂ ਗੱਲ ਕਿਸ ਤਰ੍ਹਾਂ ਬਣੇਗੀ। ਇਸ ਨਾਲ ਆਪਸੀ ਪ੍ਰੇਮ ਅਤੇ ਸਾਂਝ ਨੂੰ ਢਾਹ ਲੱਗੇਗੀ। ਦੇਸ਼ ਨੂੰ ਹਿੰਦੂ ਰਾਸ਼ਟਰ ਕਹਿਣਾ ਗਲਤ ਹੈ। ਇਸ ਦੇ ਪਿਛੇ ਕਿਸੇ ਤਰ੍ਹਾਂ ਦੀ ਰਾਜਨੀਤਕ ਮਨਸ਼ਾ ਤਾਂ ਹੋ ਸਕਦੀ ਹੈ ਪਰ ਇਹ ਦੇਸ਼ ਦੇ ਹਿਤ ਵਿੱਚ ਨਹੀਂ ਹੈ। ਵੈਸੇ ਵੀ ਸਰਕਾਰ ਕਦੇ ਵੀ ਕਿਸੇ ਇੱਕ ਫਿਰਕੇ ਦੇ ਸਹਿਯੋਗ ਨਾਲ ਨਹੀਂ ਬਣਦੀ ਹੈ। ਇਸ ਲਈ ਸਰਕਾਰ ਨੂੰ ਕਿਸੇ ਇੱਕ ਫਿਰਕੇ ਦੀ ਗੱਲ ਨਹੀਂ ਕਰਨੀ ਚਾਹੀਦੀ ਹੈ। ਸਰਕਾਰ ਨੂੰ ਇਕਤਰਫਾ ਅਤੇ ਕੱਟੜਵਾਦੀ ਪ੍ਰਚਾਰ ਕਰਨ ਵਾਲਿਆਂ ਨਾਲ ਸਖਤੀ ਨਾਲ ਪੇਸ਼ ਆਉਣਾ ਚਾਹੀਦਾ ਹੈ, ਵਰਨਾ ਆਉਣ ਵਾਲਾ ਸਮਾਂ ਮੁਸੀਬਤਾਂ ਭਰਿਆ ਹੋ ਸਕਦਾ ਹੈ। ਬਿਨਾਂ ਸ਼ੱਕ ਅੱਜ ਜੋ ਰਿਹਾ ਹੈ, ਉਹ ਸਰਕਾਰ ਦੀ ਸਰਪ੍ਰਸਤੀ ਹੇਠ ਹੋ ਰਿਹਾ ਹੈ ਕਿਉਂਕਿ ਸਭ ਕੁਝ ਬਿਨਾਂ ਰੋਕ ਟੋਕ ਅਤੇ ਬੇਖੌਫ ਹੋ ਕੇ ਕੀਤਾ ਜਾ ਰਿਹਾ ਹੈ। ਹੈਰਾਨੀ ਅਤੇ ਦੁੱਖ ਦੀ ਗੱਲ ਹੈ ਕਿ ਜ਼ਿੰਮੇਵਾਰ ਬੰਦੇ ਵੀ ਗੈਰ ਜ਼ਿੰਮੇਵਾਰ ਗੱਲਾਂ ਕਰ ਰਹੇ ਹਨ। ਵਿਰੋਧੀ ਧਿਰਾਂ ਨੂੰ ਵੀ ਅਜਿਹੇ ਦੇਸ਼ ਵਿਰੋਧੀ ਪ੍ਰਚਾਰ ਅਤੇ ਨੀਤੀਆਂ ਦਾ ਸਖਤ ਵਿਰੋਧ ਕਰਨਾ ਚਾਹੀਦਾ ਹੈ। ਜਾਬਤਾ ਪੂਰਾ ਕਰਨ ਤੱਕ ਸੀਮਤ ਰਹਿਣਾ ਮਹਿੰਗਾ ਪੈ ਸਕਦਾ ਹੈ। ਲੋਕਾਂ ਵਿੱਚ ਆਪਸੀ ਕੁੜਤਣ ਦਿਨੋ ਦਿਨ ਵੱਧ ਰਹੀ ਹੈ ਜੋ ਸਾਰਿਆਂ ਲਈ ਘਾਤਕ ਹੈ।

ਸਮੂਹ ਦੇਸ਼ਵਾਸੀਆਂ ਨੂੰ ਦੇਸ਼ ਵਿਰੋਧੀ ਗਤੀਵਿਧੀਆਂ ਵਿਰੁਧ ਇੱਕਜੁੱਟ ਹੋ ਕੇ ਲੜਨਾ ਚਾਹੀਦਾ ਹੈ। ਦੇਸ ਨੂੰ ਹਿੰਦੂ ਰਾਸ਼ਟਰ ਕਹਿਣਾ ਦੇਸ਼ ਵਿਰੋਧੀ ਚਾਲ ਹੈ। ਭਾਰਤ ਦੇਸ਼ ਸਾਰਿਆਂ ਦਾ ਹੈ। ਸਾਡੀ ਇੱਜ਼ਤ ਜਾਂ ਬੇਇੱਜ਼ਤੀ ਦੇਸ਼ ਦੀ ਇੱਜ਼ਤ ਅਤੇ ਬੇਇੱਜ਼ਤੀ ਨਾਲ ਜੁੜੀ ਹੋਈ ਹੈ। ਦੇਸ਼ ਦੀ ਮਜ਼ਬੂਤੀ ਵਿੱਚ ਹੀ ਸਾਡੀ ਸਾਰਿਆਂ ਦੀ ਮਜ਼ਬੂਤੀ ਹੈ। ਸਾਡੀ ਸਦੀਵੀ ਸਾਂਝ ਹੈ। ਸਾਂਝ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਕਾਮਯਾਬ ਨਾ ਹੋਣ ਦਿੱਤਾ ਜਾਵੇ। ਅਜਿਹੇ ਮਨਸੂਬੇ ਘਾਤਕ ਹਨ। ਸਾਨੂੰ ਅਜਿਹੇ ਅਨਸਰਾਂ ਨੂੰ ਬਿਲਕੁਲ ਵੀ ਮੂੰਹ ਨਹੀਂ ਲਾਉਣਾ ਚਾਹੀਦਾ ਜੋ ਦੇਸ਼ ਦੇ ਟੋਟੇ ਕਰਨ ਦੇ ਹੱਕ ਵਿੱਚ ਹਨ। ਅਸੀਂ ਲੰਮਾਂ ਸਮਾਂ ਗੁਲਾਮੀ ਅਜਿਹੇ ਚਲਾਕ ਅਤੇ ਸਵਾਰਥੀ ਅਨਸਰਾਂ ਕਰ ਕੇ ਹੀ ਝੱਲੀ ਹੈ। ਜੇਕਰ ਅਸੀਂ ਇੱਕ ਹੁੰਦੇ ਤਾਂ ਮੁੱਠੀ ਭਰ ਵਿਦੇਸ਼ੀ ਸਾਡੀ ਕੰਡ ਨਹੀਂ ਸੀ ਲਵਾ ਸਕਦੇ। ਇਸ ਲਈ ਜ਼ਰੂਰਤ ਹੈ ਭਾਰਤੀ ਹੋਣ ਅਤੇ ਭਾਰਤੀ ਕਹਾਉਣ ਤੇ ਮਾਣ ਮਹਿਸੂਸ ਕਰਨ ਦੀ। ਨਹੀਂ ਤਾਂ ਇਕਤਰਫਾ ਪ੍ਰਚਾਰ ਕਰਨ ਵਾਲਿਆਂ ਨੂੰ ਖੁਲ੍ਹ ਦੇਣਾ ਦੇਸ਼ ਅਤੇ ਸਮਾਜ ਲਈ ਘਾਤਕ ਹੈ।

# ਕਾਂਗਰਸ ਦਾ 78ਵਾਂ ਵਿਧਾਇਕ ਵੀ ਈਸਾਈਆਂ ਦਾ ਕੀ ਸੰਵਾਰੇਗਾ?

**ਡੈਨੀਅਲ ਥੋਬਾ**

ਫਰਵਰੀ 2017 ਵਿੱਚ ਹੋਈ ਵਿਧਾਨ ਸਭਾ ਦੀ ਚੋਣ ਸਮੇਂ ਪੰਜਾਬ ਦੇ ਲੋਕਾਂ ਦਾ ਮੋਹ ਰਾਜ ਦੀ ਅਕਾਲੀ ਭਾਜਪਾ ਸਰਕਾਰ ਤੋਂ ਖਤਮ ਹੋ ਜਾਣ ਕਾਰਨ, ਇਥੇ ਕਾਂਗਰਸ ਨੂੰ ਰਿਕਾਰਡ ਤੋੜ ਸਫਲਤਾ ਮਿਲੀ। ਪ੍ਰਾਂਤ ਵਿੱਚ 30 ਤੋਂ ਵੱਧ ਹਲਕੇ ਅਜਿਹੇ ਹਨ, ਜਿੱਥੇ ਜਿੱਤ ਹਾਰ ਦਾ ਤਵਾਜ਼ਨ ਈਸਾਈ ਵੋਟਰਾਂ ਦੇ ਹੱਥ ਵਿੱਚ ਹੈ। ਪ੍ਰੰਤੂ ਪਿਛਲੇ 71 ਸਾਲਾਂ ਤੋਂ ਇਥੇ ਰਾਜ ਭਾਵੇਂ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ, ਈਸਾਈਆਂ ਦੇ ਸਮਾਜਕ, ਆਰਥਿਕ, ਜਾਂ ਰਾਜਨੀਕਤ ਮਸਲਿਆਂ ਵੱਲ ਕਿਸੇ ਨੇ ਵੀ ਕੋਈ ਧਿਆਨ ਨਹੀਂ ਦਿੱਤਾ। ਬਹੁਤਾ ਦੂਰ ਨਾ ਜਾਈਏ ਇਹਨਾਂ ਵਿਧਾਨ ਸਭਾ ਚੋਣਾਂ ਤੋਂ ਲੈ ਕੇ ਹੁਣ ਤੱਕ ਜਿੰਨੀਆਂ ਵੀ ਉਪ ਚੋਣਾਂ, ਨਗਰ ਪਾਲਿਕਾਵਾਂ ਜਾਂ ਨਗਰ ਨਿਗਮਾਂ ਦੀਆਂ ਚੋਣਾਂ ਹੋਈਆਂ ਹਨ। ਇਹਨਾਂ ਸਾਰੀਆਂ ਵਿਚ ਪੰਜਾਬ ਦੀ ਕਾਂਗਰਸ ਨਾਲ ਜੁੜੀ ਈਸਾਈ ਲੀਡਰਸ਼ਿਪ, ਹਰ ਚੋਣ ਵਿੱਚ ਕਾਂਗਰਸੀ ਉਮੀਦਵਾਰਾਂ ਨੂੰ ਜਿਤਾਉਣ ਲਈ "ਪੱਬਾਂ ਭਾਰ'' ਹੋਈ ਰਹੀ ਹੈ ਪ੍ਰੰਤੂ ਇਸਦਾ ਮੁੱਲ ਉਨਾ ਚਿੱਰ ਹੀ ਹੁੰਦਾ ਹੈ ਜਦੋਂ ਤੱਕ ਉਹ ਅਜਿਹੇ ਉਮੀਦਵਾਰਾਂ ਨੂੰ ਜਿਤਾ ਕੇ ਲੋਕ ਸਭਾ ਜਾਂ ਵਿਧਾਨ ਸਭਾ ਵਿੱਚ ਨਹੀਂ ਭੇਜ ਦਿੰਦੇ। ਫਿਰ ਇਸਦੀ ਹਾਲਤ ਬਿਲਕੁਲ ਉਸੇ ਤਰ੍ਹਾਂ ਦੀ ਹੋ ਜਾਂਦੀ ਹੈ, ਜਿਸ ਤਰ੍ਹਾਂ ਕਈਆਂ ਗੱਡੀਆਂ ਦੇ ਮਗਰ ਲਿਖਿਆ ਹੁੰਦਾ ਹੈ - "ਹੱਟ ਪਿਛੇ, ਫਿਰ ਮਿਲਾਂਗੇ।'' ਅਤੇ ਸਾਡੇ ਇਹ 'ਵਿਚਾਰੇ' ਨੇਤਾਗਣ ਕਿਸੇ ਅਗਲੀ ਚੋਣ ਦੀ ਉਡੀਕ ਕਰਨ ਜੋਗੇ ਰਹਿ ਜਾਂਦੇ ਹਨ।

ਭਾਵੇਂ ਕਿ ਇਹ ਲੋਕ ਆਪਣੇ ਆਪ ਨੂੰ ਬੜੇ ਚੁਸਤ ਚਲਾਕ ਸਮਝਦੇ ਹਨ ਪ੍ਰੰਤੂ ਅਸੀਂ ਇਹਨਾਂ ਨੂੰ ਵਿਚਾਰੇ ਇਸ ਲਈ ਕਿਹਾ ਹੈ ਕਿ ਕਿਸੇ ਚੋਣ ਦੇ ਲੰਘ ਜਾਣ ਤੋਂ ਬਾਅਦ ਇਹਨਾਂ ਨੂੰ ਬਿਲਕੁਲ ਉਸੇ ਤਰ੍ਹਾਂ ਗੁੱਠੇ ਲਗਾ ਦਿੱਤਾ ਜਾਂਦਾ ਹੈ, ਜਿਵੇਂ ਕੋਈ ਕਿਸਾਨ ਕੋਈ ਫਸਲ ਕੱਟ ਲੈਣ ਤੋਂ ਬਾਦ ਕਿਸੇ ਕੰਬਾਇਨ ਨੂੰ, ਦੂਜੀ ਫਸਲ ਦੀ ਕਟਾਈ ਤੱਕ ਕਿਸੇ ਸ਼ੈਡ ਅੰਦਰ ਲਿਆ ਕੇ ਖੜਾ ਕਰ ਦਿੰਦਾ ਹੈ, ਇਸੇ ਤਰ੍ਹਾਂ ਇਹਨਾਂ ਦੀ ਲੋੜ ਵੀ ਈਸਾਈ ਵੋਟ ਬੈਂਕ ਨੂੰ ਇੱਕਠਾ ਕਰਨ ਲਈ ਕੇਵਲ ਚੋਣਾਂ ਸਮੇਂ ਹੀ ਪੈਂਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਲੋਕ ਈਸਾਈਆਂ ਦੀ ਕਿਸੇ ਮੰਗ ਬਾਰੇ ਗੱਲ ਕਰਦਾ ਹੈ ਤਾਂ ਉਸ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ ਕਿ 'ਜੇਕਰ ਕੋਈ ਆਪਣਾ ਮਸਲਾ ਹੈ ਤਾਂ ਉਹ ਦੱਸ, ਉਸ ਬਾਰੇ ਸੋਚਾਂਗੇ, ਬਾਕੀ ਤੈਨੂੰ ਏਡੀ ਵੱਡੀ ਪਾਰਟੀ ਵਿੱਚ ਅਹੁਦਾ ਈਸਾਈਆਂ ਦੀਆਂ ਮੰਗਾਂ ਉਠਾਉਣ ਲਈ ਨਹੀਂ ਦਿੱਤਾ ਸਗੋਂ ਇਸ ਲਈ ਦਿੱਤਾ ਹੈ ਕਿ ਈਸਾਈਆਂ ਵਿੱਚ ਜਾ ਕੇ ਪਾਰਟੀ ਲਈ ਕੰਮ ਕਰਕੇ, ਈਸਾਈਆਂ ਦੀਆਂ ਵੋਟਾਂ ਪਾਰਟੀ ਲਈ ਪੱਕੀਆਂ ਕਰ।'' ਵਿਚਾਰਾ ਅਜਿਹਾ ਨੇਤਾ "ਲੰਬੜਦਾਰੀ ਦਾ ਛੱਜ'' ਖੁੱਸ ਜਾਣ ਦੇ ਡਰੋਂ ਪਾਰਟੀ ਲਈ ਬੜੀ ਇਮਾਨਦਾਰੀ ਨਾਲ ਕੰਮ ਕਰੀ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ 'ਪ੍ਰਤਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਇਸ ਲਈ ਇਸ ਗੱਲ ਦੀ ਇੱਕ ਜਿਉਂਦੀ ਜਾਗਦੀ ਮਿਸਾਲ ਸਾਡੇ ਸਾਮ੍ਹਣੇ ਹੈ ਕਿ ਫਰਵਰੀ, 17 ਦੀਆਂ ਚੋਣਾਂ ਸਮੇਂ ਪ੍ਰਦੇਸ਼ ਵਿੱਚ ਕਾਂਗਰਸ ਨੇ ਅਨੇਕਾਂ ਈਸਾਈਆਂ ਨੂੰ ਜਨਰਲ ਸਕੱਤਰ ਬਣਾ ਦਿੱਤਾ। ਹੁਣ ਜਦੋਂ ਰਾਜ ਵਿੱਚ ਇਸਦੀ ਸਰਕਾਰ ਨੂੰ ਬਣਿਆਂ ਲਗਪਗ ਡੇਢ ਸਾਲ ਹੋ ਗਿਆ ਹੈ ਤਾਂ ਅਜਿਹੇ ਲੋਕਾਂ ਨੂੰ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਜਿਸ ਸਰਕਾਰ ਦੀ ਸਥਾਪਨਾ ਤੇ ਤੁਸੀਂ ਫੁੱਲੇ ਨਹੀਂ ਸੀ ਸਮਾਉਂਦੇ, ਉਸ ਰਾਜ ਵਿੱਚ ਈਸਾਈਆਂ ਦਾ ਕੋਈ ਮਸਲਾ ਹੱਲ ਹੋਇਆ ਹੈ? ਕਿੰਨੇ ਈਸਾਈ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ ਹਨ? ਕਿੰਨੇ ਬੇਘਰੇ ਈਸਾਈਆਂ ਨੂੰ ਪਲਾਟ ਮਿਲੇ ਹਨ? ਤਾਂ ਇਹਨਾਂ ਪ੍ਰਸ਼ਨਾਂ ਦਾ ਉੱਤਰ ਨਾਂਹ ਵਿੱਚ ਹੀ ਰਹੇਗਾ, ਕਿਉਂਕਿ ਕਿਸੇ ਮਸਲੇ ਦੇ ਹੱਲ ਲਈ ਮਿਹਨਤ ਅਤੇ ਲਗਾਤਾਰ ਜਥੇਬੰਦਕ ਸੰਘਰਸ਼ ਦੀ ਲੋੜ ਹੁੰਦੀ ਹੈ ਪਰ ਇਹ ਕਰਨਾ ਨਾ ਤਾਂ ਅਸੀਂ ਸਿੱਖਿਆ ਹੈ ਅਤੇ ਨਾ ਹੀ ਕਿਸੇ ਨੂੰ ਸਿਖਾਇਆ ਹੈ। ਇਸ ਲਈ ਕਿਸੇ ਵੀ ਸਰਕਾਰ ਕੋਲੋਂ ਸਾਡੇ ਪੱਲੇ ਕੁਝ ਨਹੀਂ ਪੈਂਦਾ। ਕਿਉਂਕਿ ਜਿਨ੍ਹਾਂ ਕੁ ਅਸੀਂ ਆਪਣੇ ਭਾਈਚਾਰੇ ਲਈ ਕਰਦੇ ਹਾਂ, ਉਸ ਤੋਂ ਇਸ ਤੋਂ ਵੱਧ ਕੇ ਕੀ ਆਸ ਕੀਤੀ ਜਾ ਸਕਦੀ ਹੈ? ਇਹ ਵੀ ਇੱਕ ਮੰਨਿਆ ਪ੍ਰਮੰਨਿਆਂ ਸੱਚ ਹੈ ਕਿ ਸਫਲਤਾ ਲਈ ਸੰਘਰਸ਼ ਤੋਂ ਬਿਨਾ ਕੋਈ ਹੋਰ ਅਸਾਨ ਜਾਂ ਛੋਟਾ ਰਸਤਾ ਨਹੀਂ ਹੈ।

ਦੂਜਾ ਸਾਡੀ ਲੀਡਰਸ਼ਿਪ ਦਾ ਇੱਕ ਹਿੱਸਾ ਅਜਿਹਾ ਹੈ, ਜਿਹੜਾ ਆਪਣੀ ਸਿਆਸੀ ਸੂਝ ਦਾ ਦੀਵਾਲਾ ਕੱਢ ਲੈਂਦਾ ਹੈ, ਜਦੋਂ ਉਹ ਇਕੋ ਹੀ ਚੋਣ ਸਮੇਂ ਕਈ ਕਈ ਪੈਂਤੜੇ ਬਦਲਦਾ ਹੈ। ਇਕ ਦਿਨ ਤਾਂ ਉਹ ਆਪਣੇ ਲੋਕਾਂ ਨੂੰ ਇੱਕ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਾ ਹੈ ਅਤੇ ਅਜੇ ਇਸ ਖਬਰ ਦੀ ਅਜੇ ਸਿਆਹੀ ਵੀ ਨਹੀਂ ਸੁੱਕਦੀ ਕਿ ਅਗਲੇ ਦਿਨ ਕਿਸੇ ਹੋਰ ਪਾਰਟੀ ਦੇ ਹੱਕ ਵਿੱਚ ਅਜਿਹੇ ਲੋਕਾਂ ਦਾ ਬਿਆਨ ਆ ਜਾਂਦਾ ਹੈ ਕਿ ਅਸੀਂ ਹੁਣ ਕਿਸੇ ਹੋਰ ਪਾਰਟੀ ਦੇ ਹੱਕ ਵਿੱਚ ਵੋਟਾਂ ਭੁਗਤਾਉਣੀਆਂ ਹਨ। ਅਜਿਹੀ ਬਿਆਨਬਾਜ਼ੀ ਪੜ ਸੁਣ ਕੇ ਇੱਕ ਸਧਾਰਣ ਸਮਝ ਵਾਲਾ ਵਿਅਕਤੀ ਆਪਣਾ ਮੱਥਾ ਫੜ ਕੇ ਬੈਠ ਜਾਂਦਾ ਹੈ ਕਿ ਸਾਡੇ ਨੇਤਾਵਾਂ ਦੀ ਮੱਤ ਨੂੰ ਕੀ ਹੋ ਗਿਆ ਹੈ ਜੋ ਅਜਿਹੇ ਹਾਸੋਹੀਣੇ ਫੈਸਲੇ ਕਰਦੇ ਹਨ।

ਇਸੇ ਤਰ੍ਹਾਂ ਹੀ ਸਾਡੇ ਕੁਝ ਅਜਿਹੇ ਨੇਤਾਵਾਂ ਦੇ ਬਿਆਨ ਆ ਜਾਂਦੇ ਹਨ ਜੋ ਕਦੀ ਆਪਣਾ ਮੁਖ ਸਥਾਨ ਛੱਡ ਕੇ ਕਦੇ ਰਾਜ ਦੀ ਆਮ ਈਸਾਈ ਜਨਤਾ ਵਿੱਚ ਕਦੇ ਨਹੀਂ ਵਿਚਰੇ ਕਿ 200 ਯੂਨਿਟ ਬਿਜਲੀ ਮੁਫਤ, ਮੁਫਤ ਆਟਾ ਦਾਲ ਜਾਂ ਪੰਜ ਮਰਲੇ ਦੇ ਪਲਾਟਾਂ ਦੀ ਮੰਗ ਸਾਡੀ ਜਾਂ ਇਸ ਜਾਂ ਉਸ ਇਲਾਕੇ ਦੇ ਈਸਾਈਆਂ ਦੀ ਮੰਗ ਨਹੀਂ ਹੈ। ਸ਼ਾਇਦ ਅਜਿਹੇ ਲੋਕਾਂ ਲਈ ਇੱਕ ਛੋਟੀ ਸਹੂਲਤ ਵੀ ਇੱਕ ਵੱਡੀ ਰਾਹਤ ਲੈ ਕੇ ਆਉਂਦੀ ਹੈ।

ਜੇਕਰ ਪੰਜ ਮਰਲੇ ਦੇ ਪਲਾਟਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਸ਼ਾਇਦ ਹੀ ਕੋਈ ਅਜਿਹੀ ਜਗ੍ਹਾ ਹੋਵੇ, ਜਿਥੇ ਰਿਹਾਇਸ਼ੀ ਥਾਂ ਪੰਜਾਹ ਹਜ਼ਾਰ ਰੁਪਏ ਮਰਲਾ ਤੋਂ ਘੱਟ ਹੋਵੇ। ਜੇਕਰ ਕਿਸੇ ਪਰਿਵਾਰ ਨੂੰ ਪੰਜ ਮਰਲੇ ਦਾ ਪਲਾਟ ਮਿਲਦਾ ਹੈ ਤਾਂ ਉਸਦੀ ਲਗਪਗ 2.5 ਲੱਖ ਦੀ ਮਦਦ ਹੁੰਦੀ ਹੈ। ਪ੍ਰੰਤੂ ਅਜਿਹੀਆਂ ਮੰਗਾਂ ਵੀ ਕੋਈ 'ਸੀਰੇ ਦਾ ਖੈਰ'' ਨਹੀਂ ਹਨ। ਜੋ ਬਿਨਾਂ ਕੋਈ ਯਤਨ ਕੀਤਿਆਂ ਮਿਲ ਜਾਣ। ਪ੍ਰੰਤੂ ਸਾਡੇ ਉਪਰੋਕਤ ਕਿਸਮ ਦੇ ਨੇਤਾਵਾਂ ਨੇ ਈਸਾਈਆਂ ਸਮੇਤ ਕਿਸੇ ਗਰੀਬ ਵਰਗ ਲਈ ਕੋਈ ਜਦੋ ਜਹਿਦ ਤਾਂ ਕੀ ਕਰਨੀ ਹੈ ਸਗੋਂ ਭੰਬਲ ਭੂਸਾ ਹੀ ਪਾਈ ਰੱਖਣਾ ਹੈ ਕਿ ਕਿਸੇ ਮੰਗ ਬਾਰੇ ਲੋਕਾਂ ਦੀ ਕੋਈ ਸਾਂਝੀ ਰਾਇ ਨਾ ਬਣ ਸਕੇ। ਇਹ ਗੱਲ ਵੀ ਵਿਚਾਰਨ ਵਾਲੀ ਹੈ ਜਿਹੜੀ ਮੰਗ ਤੁਹਾਡੀ ਸਮਝ ਅਨੁਸਾਰ ਸਹੀ ਹੈ, ਤੁਸੀਂ ਉਸ ਨੂੰ ਹੀ ਪੂਰਾ ਕਰਵਾਉਣ ਲਈ ਲੋਕਾਂ ਨੂੰ ਲਾਮਬੰਦ ਕਰਕੇ ਸੰਘਰਸ਼ ਦੁਆਰਾ ਰਾਜ ਦੇ ਈਸਾਈਆਂ ਦਾ ਕੁਝ ਸੰਵਾਰ ਸਕੋ ਤਾਂ ਇਹ ਲੋਕ ਤੁਹਾਡੇ ਰਿਣੀ ਹੋਣਗੇ।

ਪਿਛਲੇ ਮਹੀਨੇ ਸ਼ਾਹਕੋਟ (ਜਲੰਧਰ) ਇੱਕ ਅਕਾਲੀ ਦਲ ਦੇ ਵਿਧਾਇਕ ਦੇ ਚਲਾਣੇ ਕਾਰਨ ਖਾਲੀ ਹੋਈ ਵਿਧਾਨ ਸਭਾ ਦੀ ਜ਼ਿਮਨੀ ਚੋਣ ਕਰਵਾਈ ਗਈ। ਇਸ ਚੋਣ ਵਿੱਚ ਕਾਂਗਰਸ ਨਾਲ ਜੁੜੇ ਸਾਡੇ ਈਸਾਈ ਨੇਤਾ, ਕਾਂਗਰਸੀ ਉਮੀਦਵਾਰ ਨੂੰ ਜਿਤਾਉਣ ਲਈ ਇਥੇ ਡੇਰਾ ਲਾ ਕੇ ਬੈਠੇ ਰਹੇ। ਇਥੋਂ ਕਾਂਗਰਸੀ ਉਮੀਦਵਾਰ ਦੀ ਜਿੱਤ ਤੋਂ ਪਹਿਲਾਂ ਕਾਂਗਰਸ ਦੇ ਵਿਧਾਨ ਸਭਾ ਵਿੱਚ 77 ਮੈਂਬਰ ਸਨ। ਜਿਨ੍ਹਾਂ ਵਿਚੋਂ ਕਈ ਅਜਿਹੇ ਹਲਕਿਆਂ ਤੋਂ ਜਿੱਤ ਕੇ ਆਏ ਹਨ ਜਿਥੇ ਈਸਾਈਆਂ ਦੀ 25 ਤੋਂ ਲੈ ਕੇ 30 ਹਜ਼ਾਰ ਤੱਕ ਵੋਟ ਹੈ। ਜਿਹੜੇ ਜਿੱਤੇ ਵੀ ਕੇਵਲ ਇੱਕ ਹਜ਼ਾਰ ਤੋਂ ਲੈ ਕੇ ਦੋ ਹਜ਼ਾਰ ਤੱਕ ਵੋਟਾਂ ਦੇ ਫਰਕ ਨਾਲ ਹਨ। ਇਹਨਾਂ ਵਿਚੋਂ ਕਈ ਕੈਬਨਿਟ ਮੰਤਰੀ ਵੀ ਬਣੇ ਹਨ। ਜੇਕਰ ਇਹਨਾਂ ਨੂੰ ਈਸਾਈ ਵੋਟ ਨਾ ਪੈਂਦੀ ਤਾਂ ਉਹ ਮੰਤਰੀ ਬਣਨਾ ਤਾਂ ਇੱਕ ਪਾਸੇ ਰਿਹਾ, ਕਦੇ ਵਿਧਾਨ ਸਭਾ ਦੀਆਂ ਦਹਿਲੀਜ਼ਾਂ ਵੀ ਨਹੀਂ ਸਨ, ਲੰਘ ਸਕਦੇ। ਪ੍ਰੰਤੂ ਇਹਨਾਂ ਵਿਚੋਂ ਵੀ ਕਿਸੇ ਮੰਤਰੀ-ਵਿਧਾਇਕ ਨੇ ਈਸਾਈਆਂ ਦੇ ਹੱਕ ਵਿੱਚ ਇੱਕ ਸ਼ਬਦ ਤੱਕ ਵੀ ਨਹੀਂ ਬੋਲਿਆ, ਜਦੋਂ ਕਿ ਆਪਣੇ ਹਿੱਤ ਪੁਗਾਉਣ ਲਈ ਇਹ ਵਿਧਾਨ ਸਭਾ ਨੂੰ ਵੀ ਇੱਕ ਯੁੱਧ ਅਖਾੜਾ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਈਸਾਈਆਂ ਦੇ ਬਾਕੀ ਮਾਮਲਿਆਂ ਜਾਂ ਮੰਗਾਂ ਦੀ ਗੱਲ ਤਾਂ ਇੱਕ ਪਾਸੇ ਰਹੀ ਹੁਣ ਤਾਂ ਉਹਨਾਂ ਦੇ ਗੱਲ ਕਰਨ ਤੇ ਵੀ ਪਾਬੰਦੀ ਲੱਗ ਰਹੀ ਹੈ, ਭਾਵੇਂ ਕਿ ਉਹ ਆਪਣੇ ਨਾਲ ਹੁੰਦੀ ਕਿਸੇ ਵੀ ਵਧੀਕੀ ਬਾਰੇ ਕਿੰਨੇ ਵੀ ਸੰਵਿਧਾਨਕ ਤੇ ਲੋਕਤੰਤਰੀ ਢੰਗ ਨਾਲ ਆਪਣਾ ਪੱਖ ਆਪਣੇ ਲੋਕਾਂ ਸਾਮ੍ਹਣੇ ਰੱਖਣ। ਅਜਿਹਾ ਹੀ ਦਿੱਲੀ ਦੇ ਆਦਰਨੀਯ ਆਰਚ ਬਿਸ਼ਪ ਅਨਿਲ ਥਾਮਸ ਕੁੱਟੋ ਦੁਆਰਾ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਚਰਚਾਂ ਨੂੰ ਲਿਖੀ ਇੱਕ ਚਿੱਠੀ ਜਾਂ ਪੱਤਰ ਸਮੇਂ ਹੋਇਆ। ਇਸ ਪੱਤਰ ਦਾ ਸਾਰ ਅੰਸ਼ ਇਹ ਹੈ ਕਿ ਦੇਸ਼ ਭਰ ਵਿੱਚ ਵਰਤਮਾਨ ਕੇਂਦਰੀ ਸਰਕਾਰ ਦੇ ਕਾਰਜਕਾਲ ਵਿੱਚ ਈਸਾਈਆਂ ਸਮੇਤ ਘੱਟ ਗਿਣਤੀਆਂ ਨਾਲ ਭੇਦ ਭਾਵ ਹੋ ਰਿਹਾ ਹੈ। ਇਸ ਲਈ

**(ਬਾਕੀ ਅਗਲੇ ਸਫੇ 'ਤੇ)**

## ਵਿਸ਼ਵ ਖ਼ੂਨ ਦਾਨ ਦਿਵਸ 'ਤੇ ਵਿਚਾਰ ਚਰਚਾ

# ਆਓ! ਖ਼ੂਨ ਦਾਨ ਕਰਨ ਵਾਲੀ ਲਹਿਰ ਨੂੰ ਹੋਰ ਤਕੜਾ ਕਰੀਏ

**ਮੋਗਾ (ਬਲਰਾਜ ਸਿੰਘ)**– ਸੜਕੀ ਹਾਦਸੇ ਮਨੱਖ ਜਾਨਾਂ ਦਾ ਘਾਣ ਕਰਦੇ ਹਨ ਅਤੇ ਜਿਸ ਕਈ ਲੋਕ ਜਖ਼ਮੀ ਹੋ ਜਾਂਦੇ ਹਨ ਅਤੇ ਅਜਿਹੀਆਂ ਮਨੱਖੀ ਕੀਮਤੀ ਜਾਨਾਂ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇਸ ਵਿਚ ਛੋਟੀ ਜਿਹੀ ਢਿੱਲ ਜੀਵਨ ਦਾ ਖਾਤਮਾ ਕਰ ਦਿੰਦੀ ਹੈ। ਹਸਪਤਾਲਾਂ ਵਿਚ ਜਖ਼ਮੀ ਅਤੇ ਬੀਮਾਰ ਲੋਕਾਂ ਨੂੰ ਸਦਾ ਹੀ ਖ਼ੂਨ ਦੀ ਲੋੜ ਹੁੰਦੀ ਹੈ ਅਤੇ ਇਹ ਕਿਸੇ ਦੇ ਜੀਵਨ ਦੀ ਜੋਤ ਨੂੰ ਜਗਦਾ ਰੱਖਣ ਲਈ ਵਾਲਿਆਂ ਦੀ ਤਾਦਾਦ ਵਧਾਈਏ ਤਾਂ ਹੀ ਅਸੀਂ ਲੋਕਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਉਣ ਵਿਚ ਅਹਿਮ ਭੂਮਿਕਾ ਨਿਭਾਅ ਸਕਾਂਗੇ।

ਡਾ: ਰਾਜਦਵਿੰਦਰ ਸਿੰਘ ਗਿੱਲ ਦਾ ਕਹਿਣਾ ਹੈ ਕਿ ਤੰਦਰੁਸਤ ਵਿਅਕਤੀ ਹਰ 6 ਮਹੀਨੇ ਬਾਅਦ ਖ਼ੂਨ ਦਾਨ ਕਰ ਸਕਦਾ ਹੈ ਅਤੇ ਅਜਿਹੇ ਲੋਕਾਂ ਨੂੰ ਸਮਾਜਸੇਵੀ ਕਲੱਬਾਂ ਅਤੇ ਸਮਾਜਿਕ ਸੰਸਥਾਵਾਂ ਨਾਲ ਤਾਲਮੇਲ ਰੱਖਣਾ ਚਾਹੀਦਾ ਹੈ। ਜਾਂਦਾ ਹੈ। ਜਿੰਨ੍ਹਾਂ ਦੇ ਮਨ ਵਿਚ ਖ਼ੂਨ ਦਾਨ ਕਰਨ ਦੀ ਝਿਜਕ ਹੈ ਉਹ ਆਪਣਾ ਮਨ ਕਰੜਾ ਕਰਨ ਅਤੇ ਡਰ ਕੱਢਕੇ ਖ਼ੂਨ ਦਾਨ ਕਰਨ। ਇਸ ਤਰ੍ਹਾਂ ਹੀ ਸਮੁੱਚੀ ਮਾਨਵਤਾ ਦਾ ਕਲਿਆਣ ਹੋਵੇਗਾ।

ਧਰਮਿੰਦਰ ਸਿੰਘ ਪੁਰਬਾ ਦਾ ਕਹਿਣਾ ਹੈ ਕਿ ਇੱਕ ਤੰਦਰੁਸਤ ਵਿਅਕਤੀ ਜਿਸਦੀ ਉਮਰ 18-60 ਸਾਲ ਅਤੇ ਜਿਸਦਾ ਭਾਰ 45 ਕਿਲੋਗ੍ਰਾਮ, ਐਚ.ਬੀ. 12.5 ਗ੍ਰਾਂਮ ਹੋਵੇ ਉਹ ਬਣਿਆ ਜਾਵੇ। ਕਿਸੇ ਵੀ ਜਖ਼ਮੀ ਮਰੀਜ ਦੀ ਮੱਦਦ ਹੋ ਸਕਦੀ ਹੈ ਅਤੇ ਅਜਿਹਾ ਕਰਕੇ ਕਿਸੇ ਦੀ ਜਾਨ ਬਚਾਈ ਜਾ ਸਕਦੀ ਹੈ। ਕਈ ਖ਼ੂਨਦਾਨੀ ਸੰਸਥਾਵਾਂ ਦੇ ਮੈਂਬਰ ਖ਼ੁਦ ਵੀ ਕਈ ਕਈ ਵਾਰ ਖ਼ੂਨ ਦਾਨ ਕਰਦੇ ਹਨ ਅਤੇ ਅਨੇਕਾਂ ਜਿੰਦਗੀਆਂ ਨੂੰ ਬਚਾਉਂਦੇ ਹਨ ਅਤੇ ਅਜਿਹੇ ਲੋਕ ਪ੍ਰਮਾਤਮਾਂ ਰੂਪੀ ਹੁੰਦੇ ਹਨ ਜਿਨਾਂਵਿਚ ਸਦਾ ਹੀ ਇਨਸਾਨੀਅਤ ਵੱਸਦੀ ਹੈ। ਇਨ੍ਹਾਂ ਥੰਮ ਰੂਪੀ ਆਤਮਾਵਾਂ ਦੇ ਆਸਰੇ ਸਮਾਜ ਟਿਕਿਆ ਹੈ।








ਵਿਸ਼ਵ ਖ਼ੂਨ ਦਾਨ ਦਿਵਸ ਤੇ ਵਿਚਾਰ ਚਰਚਾ ਵਿਚ ਡਾ: ਸਵਰਨਜੀਤ ਕੌਰ ਗਿੱਲ, ਡਾ: ਰਾਜਦਵਿੰਦਰ ਸਿੰਘ ਗਿੱਲ, ਚਰਨਜੀਤ ਸਿੰਘ ਡਾਲਾ, ਧਰਮਿੰਦਰ ਸਿੰਘ ਪੁਰਬਾ, ਜਤਿੰਦਰਪਾਲ ਸਿੰਘ ਖੋਸਾ ਅਤੇ ਲੇਖਕ ਜਸਪਾਲ ਸਿੰਘ ਲੋਹਾਮ ਵਿਚਾਰ ਪੇਸ਼ ਕਰਦੇ ਹੋਏ।

ਅਹਿਮ ਯੋਗਦਾਨ ਪਾ ਸਕਦਾ ਹੈ। ਖ਼ੂਨ ਦੀ ਘਾਟ ਨਾਲ ਜਖ਼ਮੀ ਆਦਮੀ ਸਦਾ ਲਈ ਜੀਵਨ ਖੋਹ ਬੈਠਦਾ ਹੈ। ਖ਼ੂਨ ਦਾਨ ਕਰਨਾ ਇੱਕ ਵਧੀਆ ਸੋਚ ਹੈ ਅਤੇ ਜਿਸ ਨਾਲ ਕਿੰਨੀਆਂ ਹੀ ਕੀਮਤੀ ਜਾਨਾਂ ਬਚ ਜਾਂਦੀਆਂ ਹਨ। ਅਜੋਕੇ ਸਮੇਂ ਵਿਚ ਬਲੱਡ ਬੈਂਕਾਂ ਬਹੁਤ ਅੱਛਾ ਰੋਲ ਨਿਭਾਅ ਰਹੀਆਂ ਹਨ। ਵਿਸ਼ਵ ਖ਼ੂਨ ਦਾਨ ਦਿਵਸ ਮੌਕੇ ਇਸ ਸਬੰਧੀ ਵੱਖ ਵੱਖ ਸ਼ਖਸੀਅਤਾਂ ਦੇ ਵਿਚਾਰ ਵਿਚਾਰ ਚਰਚਾ ਵਿਚ ਪੇਸ਼ ਹਨ:

ਡਾ: ਸਵਰਨਜੀਤ ਕੌਰ ਗਿੱਲ ਦਾ ਕਹਿਣਾ ਹੈ ਕਿ 70 ਫ਼ੀਸਦੀ ਲੋਕ ਸਵੈਇੱਛਾ ਨਾਲ ਖ਼ੂਨ ਦਾਨ ਕਰਦੇ ਹਨ ਅਤੇ ਉਨ੍ਹਾਂ ਦੇ ਅੰਦਰ ਸਮਾਜਸੇਵਾ ਦੀ ਭਾਵਨਾ ਹੈ ਜਦ ਕਿ 30 ਫ਼ੀਸਦੀ ਲੋਕ ਸਿਰਫ ਮਰੀਜਾਂ ਦੇ ਰਿਸ਼ਤੇਦਾਰ ਆਪਣੀ ਮਜਬੂਰੀ ਵੱਸ ਖ਼ੂਨ ਦਾਨ ਕਰਦੇ ਹਨ।

ਲੋਕਾਂ ਦੇ ਵਿਚ ਅਜੇ ਵੀ ਖ਼ੂਨ ਦਾਨ ਕਰਨ ਦੀ ਪ੍ਰਵਿਰਤੀ ਘੱਟ ਹੈ ਅਤੇ ਖ਼ੂਨ ਦਾਨ ਕਰਨ ਤੋਂ ਪਾਸਾ ਵੱਟਦੇ ਹਨ ਅਤੇ ਸ਼ਾਇਦ ਅਜਿਹੇ ਲੋਕਾਂ ਨੂੰ ਗਿਆਨ ਦੀ ਘਾਟ ਹੈ। ਇਸ ਲਈ ਆਮ ਲੋਕਾਂ ਨੂੰ ਜਾਗਰੂਕ ਕਰੀਏ ਤੇ ਖ਼ੂਨ ਦਾਨ ਕਰਨ ਅਜਿਹੀਆਂ ਸੰਸਥਾਵਾਂ ਦੇ ਕਾਰਜ ਮੀਲ ਪੱਥਰ ਸਾਬਤ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਕਈ ਲੋਕ ਅਜਿਹੇ ਵੀ ਹਨ ਜਿਹੜੇ ਆਪਣਾ ਜਨਮ ਦਿਨ ਖ਼ੂਨ ਦਾਨ ਕਰਕੇ ਮਨਾਉਂਦੇ ਹਨ ਅਤੇ ਅਜਿਹੀ ਸੋਚ ਦੇ ਧਾਰਨੀ ਬਣਨ ਦੀ ਲੋੜ ਹੈ। ਕੈਲਗਿਰੀ ਦਾ 78 ਸਾਲ ਦਾ ਵਿਅਕਤੀ ਡੱਗ ਟਰਨਰ ਨੇ ਆਪਣੇ ਜੀਵਨ ਕਾਲ ਵਿਚ 1000 ਵਾਰ ਖ਼ੂਨ ਦਾਨ ਕੀਤਾ। ਉਨ੍ਹਾਂ ਦੇ ਇਸ ਯੋਗਦਾਨ ਕਰਕੇ ਬਹੁਤ ਸਾਰੇ ਪ੍ਰਭਾਵਿਤ ਹੋਏ ਹੋਣਗੇ ਅਤੇ ਖ਼ੂਨ ਦਾਨ ਕੀਤਾ ਹੋਵੇਗਾ। ਚੰਗਾ ਵਿਅਕਤੀ ਸਦਾ ਹੀ ਚੰਗਾ ਹੁੰਦਾ ਹੈ ਅਤੇ ਕਦੇ ਵੀ ਗਲਤ ਫੈਸਲੇ ਨਹੀਂ ਕਰਦਾ।

ਚਰਨਜੀਤ ਸਿੰਘ ਡਾਲਾ ਦਾ ਕਹਿਣਾ ਹੈ ਕਿ ਖ਼ੂਨ ਦਾਨ ਕਰਨਾ ਇੱਕ ਸੰਜੀਵਨੀ ਹੈ ਅਤੇ ਜਿਹੜਾ ਸਦਾ ਹੀ ਅਮੁੱਲ ਜਾਨਾਂ ਨੂੰ ਬਚਾਉਣ ਵਿਚ ਸਹਾਈ ਹੁੰਦਾ ਹੈ। ਕਦੇ ਸੋਚਿਆ ਕਦੇ ਤੁਹਾਡੇ ਦਾਨ ਕੀਤਾ ਖ਼ੂਨ ਕਿਸੇ ਦੀ ਜਿੰਗੀ ਬਚਾ ਗਿਆ। ਤੁਹਾਡੇ ਖ਼ੂਨ ਦਾਨ ਕਰਨ ਨਾਲ ਕਿਸੇ ਮਰੀਜ ਨੂੰ ਨਵਾਂ ਜੀਵਨ ਮਿਲ ਜਾਂਦਾ ਹੈ। ਮਨ ਨੂੰ ਸ਼ਾਂਤੀ ਸਕੂਨ ਜਿਹਾ ਮਿਲਦਾ ਹੈ ਅਤੇ ਮਨ ਪ੍ਰਸੰਨ ਹੋ ਵਿਅਕਤੀ ਹਰ ਤਿੰਨ ਮਹੀਨੇ ਬਾਅਦ ਖ਼ੂਨਦਾਨ ਕਰ ਸਕਦਾ ਹੈ। ਇੱਕ ਵਿਅਕਤੀ ਦੇ ਸਰੀਰ ਵਿਚ 5-6 ਲੀਟਰ ਖ਼ੂਨ ਹੁੰਦਾ ਹੈ ਅਤੇ ਬਲੱਡ ਬੈਂਕਾਂ ਵਿਚ ਖ਼ੂਨ ਦਾਨ ਕਰਨ ਸਮੇਂ ਸਰੀਰ ਵਿਚੋਂ ਸਿਰਫ 450 ਐਮ.ਐਲ. ਖ਼ੂਨ ਲਿਆ ਜਾਂਦਾ ਹੈ ਅਤੇ ਹਸਪਤਾਲਾਂ ਦੇ ਬਾਹਰ ਲੱਗੇ ਕੈਂਪਾਂ ਵਿਚ 350 ਐਮ.ਐਲ. ਖ਼ੂਨ ਲਿਆ ਜਾਂਦਾ ਹੈ।

ਸਰੀਰ ਵਿੱਚੋਂ ਲਿਆ ਗਿਆ ਇਹ ਖ਼ੂਨ ਕੁੱਝ ਕੁ ਦਿਨਾਂ ਦੇ ਵਿਚ ਫਿਰ ਪੂਰਾ ਹੋ ਜਾਂਦਾ ਹੈ। ਕਦੇ ਵੀ ਖ਼ੂਨ ਦਾਨ ਕਰਨ ਤੋਂ ਪਾਸਾ ਨਹੀਂ ਵੱਟਣਾ ਚਾਹੀਦਾ। ਇਸ ਲਈ ਖ਼ੂਨਦਾਨ ਕਰੋ ਅਤੇ ਕਿਸੇ ਨੂੰ ਜੀਵਨ ਦਾ ਤੋਹਫਾ ਦੇ ਦਿਓ। ਅਜਿਹੇ ਵਿਚਾਰ ਪੜ੍ਹਨ ਸੁਣਨ ਲਈ ਤਾਂ ਚੰਗੇ ਲੱਗਦੇ ਹਨ ਪਰ ਪ੍ਰੈਕ-ਟੀਕਲ ਰੂਪ ਵਿਚ ਕਰਕੇ ਮਨ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ।

ਜਤਿੰਦਰਪਾਲ ਸਿੰਘ ਖੋਸਾ ਦਾ ਕਹਿਣਾ ਹੈ ਕਿ ਖ਼ੂਨਦਾਨ ਹੈ ਪੂਜਾ ਦੇ ਸਮਾਨ ਇਹ ਗੱਲ ਬਿਲਕੁੱਲ ਸਹੀ ਹੈ ਅਤੇ ਸਾਨੂੰ ਸਦਾ ਹੀ ਖ਼ੂਨਦਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਚੰਗਾ ਹੋਵੇ ਜੇਕਜ ਕਿਸੇ ਖ਼ੂਨਦਾਨੀ ਸੰਸਥਾ ਦਾ ਮੈਂਬਰ ਲੇਖਕ ਜਸਪਾਲ ਸਿੰਘ ਲੋਹਾਮ ਦਾ ਕਹਿਣਾ ਹੈ ਕਿ ਉਸਾਰੂ ਸੋਚ ਦੇ ਧਾਰਨੀ ਹੁਣ ਵੀ ਆਪਣੀ ਗੱਲ ਦੇ ਦ੍ਰਿੜ ਹਨ ਕਿ ਜਦ ਤੱਕ ਸਰੀਰ ਵਿਚ ਜਾਨ ਹੈ ਤਦ ਤੱਕ ਖ਼ੂਨ ਦਾਨ ਕਰਾਂਗੇ। ਖ਼ੂਨ ਦਾਨ ਮਹਾਂਦਾਨ ਹੈ।

ਖ਼ੂਨਦਾਨ ਕਰਨ ਨਾਲ ਲੋੜਵੰਦਾਂ ਨੂੰ ਜੀਵਨਦਾਨ ਮਿਲਦਾ ਹੈ। ਖ਼ੂਨਦਾਨ ਨੂੰ ਮਿਸ਼ਨ ਬਣਾਉਣਾ ਚਾਹੀਦਾ ਹੈ ਤਾਂ ਜੋ ਜਰੂਰਤ ਪੈਣ ਤੇ ਅਸਾਨੀ ਨਾਲ ਮਿਲ ਸਕੇ। ਜਿਉਂਦੇ ਜੀਅ ਖ਼ੂਨਦਾਨ ਮਰਨ ਉਪਰੰਤ ਅੱਖਾਂ ਦਾਨ ਦਾ ਪ੍ਰਚਾਰ ਕਰਨ ਦੀ ਲੋੜ ਹੈ। ਲੋਕਾਂ ਵਿਚ ਹੁਣ ਵੀ ਜਨਚੇਤਨਾ ਭਰਨ ਦੀ ਲੋੜ ਹੈ। ਕਈ ਆਪਣੇ ਮਰੀਜ਼ ਦੇ ਲਈ ਖ਼ੂਨ ਲਿਜਾਣ ਲਈ ਤਾਂ ਉਤਾਵਲੇ ਹੁੰਦੇ ਹਨ ਪਰ ਖੁਦ ਖ਼ੂਨ ਦਾਨ ਕਰਨ ਤੋਂ ਕੰਨੀ ਕਤਰਾਉਂਦੇ ਹਨ। ਅਜਿਹੀ ਸੋਚ ਨੂੰ ਤਿਆਗ ਦੇਣਾਂ ਚਾਹੀਦਾ ਹੈ। ਅਜੋਕੇ ਦੌਰ ਵਿਚ ਬਲੱਡ ਬੈਂਕਾਂ ਖ਼ੂਨ ਸੰਭਾਲ ਅਤੇ ਖ਼ੂਨ ਦੀਆਂ ਬੋਤਲਾਂ ਦੀ ਮਾਤਰਾ ਬਣਾਈ ਰੱਖਣ ਵਿਚ ਮਹੱਤਵਪੂਰਨ ਰੋਲ ਅਦਾ ਕਰ ਰਹੀਆਂ ਹਨ। ਆਓ! ਖ਼ੂਨ ਦਾਨ ਕਰਨ ਵਾਲੀ ਲਹਿਰ ਨੂੰ ਹੋਰ ਤਕੜਾ ਕਰੀਏ।

## ਮਿੰਨੀ ਕਹਾਣੀ/ ਖ਼ੁਦ ਤੇ ਵਿਸ਼ਵਾਸ

ਇਨਸਾਨ ਚਾਵੇ ਤਾ ਆਪਣੀ ਜਿੰਦਗੀ ਵਿਚ ਕੀ ਨਹੀਂ ਕਰ ਸਕਦਾ?

ਅੱਜ ਲੱਖਾ ਹੀ ਉਦਹਾਰਨਾ ਨੇ ਸਾਡੇ ਸਾਹਮਣੇ ਜਿਸ ਵਿਚ ਇਨਸਾਨ ਨੇ ਉਹ ਕਰ ਦਿਖਾਇਆ ਜਿਸ ਦਾ ਕਦੇ ਉਸ ਨੂੰ ਖ਼ੁਦ ਵੀ ਅੰਦਾਜਾ ਨਹੀਂ ਸੀ । ਪਰ ਇਹ ਸਭ ਮੁਨਕਿਨ ਹੈ ਮਨੁੱਖ ਦੀ ਇੱਛਾ ਸ਼ਕਤੀ ਤੇ । ਚਾਹਤ ਅਤੇ ਇੱਛਾ ਸ਼ਕਤੀ ਹੀ ਮਨੁੱਖ ਦੀ ਜਗਿਆਸਾ ਨੂੰ ਵਧਾਉਂਦੀ ਹੈ ਤੇ ਮਨੁੱਖ ਕੁੱਝ ਕਰਨ ਲਈ ਪ੍ਰੇਰੀਤ ਹੁੰਦਾ ਹੈ । ਪਰ ਸਵਾਲ ਇੱਥੇ ਇਹ ਉਠਦਾ ਹੈ ਕਿ ਚਾਹੁੰਦੇ ਤਾ ਸਾਰੇ ਹੀ ਕੁਝ ਨਾ ਕੁਝ ਵੱਡਾ ਕਰਨਾ ਹੈ । ਪਰ ਇਸ ਵਿਚ ਕਾਮਯਾਬ ਕੁੱਝ ਕੁ ਇਨਸਾਨ ਹੀ ਹੋ ਪਾਉਂਦੇ ਹਨ ।ਬਾਕੀਆ ਦੇ ਮੰਜ਼ਿਲ ਤੱਕ ਪਹੁੰਚਣ ਦਾ ਖਵਾਬ ਅਧੂਰਾ ਹੀ ਰਹਿ ਜਾਂਦਾ ਹੈ । ਇਸ ਦੇ ਪਿੱਛੇ ਦਾ ਵੱਡਾ ਕਾਰਨ ਹੈ ਆਤਮ - ਵਿਸ਼ਵਾਸ ਦੀ ਕਮੀ । ਅਸੀ ਸਿਰਫ ਸੋਚ ਹੀ ਲੈਂਦੇ ਹਾਂ ਕਿ ਮੇਰਾ ਟੀਚਾ ਇਹ ਹੋਵੇਗਾ ਪਰ ਜਦੋ ਉਸ ਤੇ ਕੰਮ ਕਰਨ ਦੀ ਵਾਰੀ ਆਉਂਦੀ ਹੈ ਤਾਂ ਬੰਦਾ ਸੁਸਤ ਜਾ ਆਤਮ ਵਿਸ਼ਵਾਸ ਦੀ ਕਮੀ ਮਹਿਸੂਸ ਕਰਨ ਲੱਗ ਪੈਂਦਾ ਹੈ । ਉਸ ਵਿਚ ਆਪਣਾ 100% ਦੇਣ ਦੀ ਬਜਾਏ ਅਸੀ ਅਣਗਿਹਲੀਆ ਕਰਨੀਆ ਸ਼ੁਰੂ ਕਰ ਦਿੰਦੇ ਹਾਂ ।ਮੁਸ਼ਿਕਲਾ ਤੋ ਘਬਰਾ ਕੇ ਉਹ ਆਪਣੇ ਇਰਾਦੇ ਜਾ ਟੀਚੇ ਨੂੰ ਬਦਲ ਦਿੰਦਾ ਹੈ । ਜੇਕਰ ਸਾਨੂੰ ਆਪਣੇ ਤੇ ਪੂਰਨ ਵਿਸ਼ਵਾਸ ਹੈ ਤੇ ਅਸੀ ਦਿਲੋ ਪੱਕੇ ਇਰਾਦੇ ਨਾਲ ਕਿਸੇ ਕੰਮ ਨੂੰ ਪੂਰਾ ਕਰਨ ਦੀ ਕੋਸ਼ੀਸ਼ ਕਰੀਏ ਤਾਂ ਸਾਨੂੰ ਉਸ ਕੰਮ ਨੂੰ ਪੂਰਾ ਕਰਨ ਲਈ ਕੋਈ ਨੀ ਰੋਕ ਸਕਦਾ । ਫਿਰ ਮੁਸ਼ਕਿਲਾ ਸਾਡੇ ਟੀਚੇ ਮੋਹਰੇ ਛੋਟੀਆ ਪੈ ਜਾਂਦੀਆ ਹਨ ਅਤੇ ਵਿਸ਼ਵਾਸ ਤੇ ਮਿਹਨਤ ਰੰਗ ਲਿਆਉਂਦੀ ਹੈ ।ਜਿੰਦਗੀ ਵਿਚ ਉਹੀ ਬੰਦਾ ਕਾਮਯਾਬ ਹੁੰਦਾ ਹੈ ਜੋ ਸਾਰੀਆ ਆਸਾ ਤੇ ਉਮੀਦਾ ਦੂਸਰਿਆ ਦੀ ਬਜਾਏ ਖ਼ੁਦ ਤੇ ਰੱਖਦਾ ਹੈ । ਅਸੀ ਆਪਣੇ ਸਮਾਜ ਵਿਚ ਇਕ ਦੂਜੇ ਦੀ ਮਦਦ ਕਰ ਅਤੇ ਗਿਆਨ ਦੇ ਅਦਾਨ ਪ੍ਰਦਾਨ ਨਾਲ ਦੂਸਰੇ ਨੂੰ ਉਸਦੀ ਮੰਜ਼ਿਲ ਤੱਕ ਪਹੁੰਚਾਉਣ ਚ' ਸਹਾਇਤਾ ਜਰੂਰ ਕਰ ਸਕਦੇ ਹਾਂ ।ਪਰ ਸਿਖਰ ਤੱਕ ਪਹੁੰਚਣ ਲਈ ਸਾਨੂੰ ਆਪਣੇ ਰਾਹ ਖ਼ੁਦ ਹੀ ਬਣਾਉਣੇ ਪੈਣਗੇ । ਸੁਣਿਆ ਰੱਬ ਵੀ ਉਹਨਾ ਦੀ ਮਦਦ ਕਰਦਾ ਹੈ ਜੋ ਆਪਣੀ ਮਦਦ ਖ਼ੁਦ ਕਰਦੈ ਹਨ। ਸਾਨੂੰ ਲੋੜ ਹੈ ਖ਼ੁਦ ਨੂੰ ਤਰਾਸ਼ਣ ਦੀ । ਉਹ ਚਮਕਦਾ ਹੋਇਆ ਹੀਰਾ ਜਿਸਦੀ ਭਾਲ ਅਸੀ ਬਾਹਰ ਕਰ ਰਹੇ ਹਾ ਉਹ ਕਿਤੇ ਨਾ ਕਿਤੇ ਸਾਡੇ ਅੰਦਰ ਹੀ ਲੁਕਿਆ ਹੋਇਆ ਹੈ । ਬਸ ਲੋੜ ਹੈ ਖ਼ੁਦ ਵਿਚ ਆਤਮ ਬਲ ਪੈਦਾ ਕਰਨ ਦੀ । ਫਿਰ ਸਾਨੂੰ ਅੱਗੇ ਵੱਧਣ ਤੋ ਕੋਈ ਨਹੀਂ ਰੋਕ ਸਕਦਾ।



**ਕਿਰਨਪ੍ਰੀਤ ਕੌਰ**
**+4368864013133**

## ਆਓ ਗੱਲ ਕਰੀਏ ਸਿਆਣੀ

ਆਓ ਗੱਲ ਕਰੀਏ ਸਿਆਣੀ।
ਕੱਲ੍ਹ ਲਈ ਬਚਾਈਏ ਪਾਣੀ ।
ਟਿੱਬੇ ਟੋਏ ਸੁਕਦੇ ਜਾਂਦੇ
ਸਰੋਤ ਪਾਣੀ ਦੇ ਮੁਕਦੇ ਜਾਂਦੇ
ਪੱਤਨ ਡੂੰਗੇ ਹੁੰਦੇ ਜਾਂਦੇ
ਨਦੀਆਂ ਦੀ ਹੋਈ ਖ਼ਤਮ ਰਵਾਨੀ।
ਆਓ ਗੱਲ - - - -
ਜੰਗਲ ਬੇਲੇ ਰੁੱਖ ਕਟਾਤੇ
ਪਰਬਤ ਵੀ ਮੈਦਾਨ ਬਣਾਤੇ
ਤਪਸ਼ ਦਿਨੋਂ ਦਿਨ ਵਧਦੀ ਜਾਂਦੀ
ਰੁੱਸ ਗਈ ਜਾਪੇ ਕੁਦਰਤ ਰਾਣੀ।
ਆਓ ਗੱਲ - - - -
ਰਬ ਦੀ ਦਾਤ ਇਹ ਅੰਮ੍ਰਿਤ ਪਾਣੀ
ਇਸ ਦੇ ਨਾਲ ਮਿਲੇ ਜ਼ਿੰਦਗਾਨੀ
ਜੀਵ ਜੰਤੂ ਸਭ ਵਧਦੇ ਫੁਲਦੇ
ਜਿਉਂਦਾ ਇਸ ਨਾਲ ਹਰ ਪ੍ਰਾਣੀ ।
ਆਓ ਗੱਲ - - - - -
ਰੁੱਖ ਲਗਾਵਣ ਵੱਲ ਪਾਈਏ ਝਾਤ
ਇਹਨਾਂ ਨਾਲ ਹੁੰਦੀ ਬਰਸਾਤ
ਵਧ ਤੋਂ ਵਧ ਰੁੱਖ ਲਗਾਈਏ
ਰੁੱਖ ਲਗਾਵੇ ਹਰ ਪ੍ਰਾਣੀ ।
ਆਓ ਗੱਲ - - - - -
ਬਰਸਤੀ ਨਦੀਆਂ ਨੂੰ ਵੀ ਰੋਕੇ ਲਾਓ
ਇਹਨਾਂ ਦੇ ਕਿਨਾਰੇ ਖ਼ੂਹ ਪੁਟਵਾਓ
ਵਾਫ਼ਰ ਪਾਣੀ ਧਰਤੀ ਵਿੱਚ ਪਹੁੰਚਾਓ
ਧਰਤੀ ਅੰਦਰ ਭਰ ਦਿਓ ਪਾਣੀ।
ਆਓ ਗੱਲ - - - -
ਪਾਣੀ ਲਈ ਸਤਰਕ ਹੋ ਜਾਈਏ
ਬੂੰਦ ਵਿੱਚੋਂ ਵੀ ਬੂੰਦ ਬਚਾਈਏ
'ਪਹਿਲਾ ਜਲ ਜੀਉ ਹੈ' ਜੱਗ 'ਤੇ
ਇਹ ਗੱਲ ਦਸਦੀ ਪਵਿੱਤਰ ਬਾਣੀ।
ਆਓ ਗੱਲ - - -



**- ਕਸ਼ਮੀਰ ਘੇਸਲ**
**91-94636-56047**

## ਇਬਾਦਤ ਦੇ ਰੰਗ

ਮਾਂ ਦੀ ਬੱਚੇ ਲਈ, ਪਵਿੱਤਰ ਇਬਾਦਤ ਹੁੰਦੀ।
ਨਾਲੇ ਮਮਤਾ ਵੀ ਤਾਂ ਅਮਰ ਇਬਾਦਤ ਹੁੰਦੀ।

ਜਦ ਹੱਕ ਸੱਚ ਲਈ ਕੋਈ ਲੜਦਾ ਹੈ,
ਜੱਦੋਜਹਿਦ 'ਚ ਅਣਖੀ ਜ਼ਮੀਰ ਇਬਾਦਤ ਹੁੰਦੀ।

ਉਂਝ ਵੀ ਜਿਸ ਚੀਜ਼ ਨਾਲ, ਮਨ ਨੂੰ ਸਕੂਨ ਮਿਲੇ,
ਸੱਜਣੋ! ਇਹ ਵੀ ਤਾਂ ਬਿਹਤਰ ਇਬਾਦਤ ਹੁੰਦੀ।

ਬੇਸ਼ੱਕ ਜਿੰਨਾ ਮਰਜ਼ੀ ਇਨਸਾਨ ਦੁੱਧ ਧੋਤਾ ਹੋਵੇ,
ਫਿਰ ਵੀ ਕਦੇ ਨਾ, ਇਕਸਾਰ ਇਬਾਦਤ ਹੁੰਦੀ।

ਜਿਹੜਾ ਵੀ ਸੱਚੀ ਮੁਹੱਬਤ ਪਿੱਛੇ ਜਾਨ ਵਾਰਦਾ,
ਉਸ ਦੀ ਵੀ, ਰਾਂਝੇ ਵਾਂਗ ਹੀਰ ਇਬਾਦਤ ਹੁੰਦੀ।

ਜਦ ਕੋਈ ਕਿਸੇ ਦੇ ਦੁੱਖ ਵਿਚ ਸ਼ਰੀਕ ਬਣਦੈ,
ਸਮੇਂ ਮੁਤਾਬਕ ਇਹ ਵੀ ਉਪਕਾਰ ਇਬਾਦਤ ਹੁੰਦੀ।

ਸਾਹਵਾਂ ਦੇ ਨਾਲ ਨਾਲ, ਕਰਮ ਤੇ ਧਰਮ ਚਲਦੇ,
ਇਸ ਕਰਕੇ ਗੁਰੂ ਲਈ, ਸਤਿਕਾਰ ਇਬਾਦਤ ਹੁੰਦੀ।

ਬਾਕੀ ਚੰਗੇ ਕਿਰਦਾਰ ਨਾਲ ਹੀ ਚੰਗੀ ਇਬਾਦਤ,
ਨਹੀਂ ਤਾਂ ਸਮਝੋ ਅੰਧਕਾਰ ਇਬਾਦਤ ਹੁੰਦੀ।

ਅਕਸਰ ਮੁਕਤੀ ਲਈ ਹਰਿਕ ਦੁਆ ਕਰਦੈ 'ਕਮਲ'
ਰੱਬ ਅੱਗੇ ਜੋ ਬੰਦਗੀ, ਅਮੀਰ ਇਬਾਦਤ ਹੁੰਦੀ।



**- ਕਮਲ ਬੰਗਾ, ਸੈਕਰਾਮੈਂਟੋ**
**916-897-8570**

## ਕਾਂਗਰਸ ਦਾ 78ਵਾਂ ਵਿਧਾਇਕ ਵੀ ਈਸਾਈਆਂ ਦਾ ਕੀ ਸੰਵਾਰੇਗਾ?

**(ਸਫਾ 19 ਦੀ ਬਾਕੀ)**

ਈਸਾਈਆਂ ਨੂੰ 2019 ਵਿੱਚ ਬਣਨ ਜਾ ਰਹੀ ਨਵੀਂ ਸਰਕਾਰ ਲਈ ਰੋਜ਼ਾ ਰੱਖ ਕੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਬੱਸ ਇਸ ਪੱਤਰ ਦੇ ਜਾਰੀ ਹੋਣ ਦੀ ਦੇਰ ਸੀ ਕਿ ਕੇਂਦਰ ਸਰਕਾਰ ਦੇ ਕੁਝ ਮੰਤਰੀਆਂ ਅਤੇ ਭਾਜਪਾ ਆਰ.ਐਸ.ਐਸ. ਦੇ ਪ੍ਰਭਾਵ ਅਧੀਨ ਮੀਡੀਆ ਦੇ ਇੱਕ ਹਿੱਸੇ ਨੇ ਇਸ ਪੱਤਰ ਬਾਰੇ ਚੀਕ ਚਿਹਾੜਾ ਪਾਉਣਾ ਸ਼ੁਰੂ ਕਰ ਦਿੱਤਾ।

ਇਸ ਚਿੱਠੀ ਬਾਰੇ ਦਿੱਲੀ ਦੇ ਬੀ.ਐਸ.ਐਫ. ਦੇ ਇੱਕ ਸਮਾਗਮ ਵਿੱਚ ਬੋਲਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਰਾਜ ਨਾਥ ਸਿੰਘ ਨੇ 'ਬਾਤ ਦਾ ਬਤੰਗੜ' ਬਣਾ ਦਿੱਤਾ ਕਿ ਬਿਸ਼ਪ ਸਾਹਿਬ ਨੂੰ ਆਪਣੇ ਲੋਕਾਂ ਨੂੰ ਅਜਿਹੀ ਅਪੀਲ ਨਹੀਂ ਸੀ ਕਰਨੀ ਚਾਹੀਦੀ। ਗ੍ਰਹਿ ਮੰਤਰੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਇਹ ਅਪੀਲ ਵਾਪਿਸ ਲੈ ਲੈਣੀ ਚਾਹੀਦੀ ਹੈ। ਕੀ ਸ੍ਰੀ ਰਾਜਨਾਥ ਸਿੰਘ ਇਸ ਗੱਲ ਦਾ ਉੱਤਰ ਦੇ ਸਕਦੇ ਹਨ ਕਿ ਕੀ ਦੇਸ਼ ਦਾ ਕੋਈ ਨਾਗਰਿਕ ਸ਼ਾਂਤੀਪੂਰਵਕ ਅਤੇ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਆਪਣੀ ਗੱਲ ਲਿਖ ਕੇ ਜਾਂ ਬੋਲ ਕੇ ਆਪਣੇ ਲੋਕਾਂ ਨਾਲ ਸਾਂਝੀ ਨਹੀਂ ਕਰ ਸਕਦਾ?

ਸ਼੍ਰੀ ਰਾਜ ਨਾਥ ਸਿੰਘ ਨੂੰ ਈਸਾਈਆਂ ਦੀ ਇਸ ਗੱਲ ਦੀ ਏਨੀ ਕੌੜ ਲੱਗੀ ਹੈ, ਜਦੋਂਕਿ ਦੇਸ਼ ਦੇ ਸਾਮ੍ਹਣੇ ਹੋਰ ਅਨੇਕਾਂ ਮਸਲੇ ਹਨ ਜਿਵੇਂ ਕਿ ਆਪਣਾ ਜੰਮੂ-ਕਸ਼ਮੀਰ ਜਲ ਰਿਹਾ ਹੈ, ਡੀਜ਼ਲ-ਪਟਰੌਲ ਦੀਆਂ ਵਧੀਆਂ ਹੋਈਆਂ ਕੀਮਤਾਂ ਕਾਰਨ ਦੇਸ਼ ਭਰ ਵਿੱਚ ਹਾਹਾਕਾਰ ਮੱਚੀ ਹੋਈ ਹੈ ਇਸ ਲਈ ਉਹਨਾਂ ਨੂੰ ਇਸ ਪਾਸੇ ਆਪਣੀ ਸ਼ਕਤੀ ਅਤੇ ਸਮਾਂ ਲਗਾਉਣਾ ਚਾਹੀਦਾ ਹੈ। ਬਿਸ਼ਪ ਸਾਹਿਬ ਦੀ ਇਸ ਚਿੱਠੀ ਤੋਂ ਦੇਸ਼ ਨੂੰ ਕੋਈ ਖਤਰਾ ਨਹੀਂ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਮੁਖ ਮੰਤਰੀ ਤੋਂ ਲੈ ਕੇ ਕਿਸੇ ਵੀ ਮੰਤਰੀ ਵਿਧਾਇਕ ਨੇ ਇਸ ਗੱਲ ਤੇ ਆਪਣਾ ਪ੍ਰਤੀਕਰਮ ਜ਼ਾਹਿਰ ਨਹੀਂ ਕੀਤਾ ਕਿ ਈਸਾਈ ਤਾਂ ਦੇਸ਼ ਦਾ ਇੱਕ ਅਮਨ ਪਸੰਦ ਭਾਈਚਾਰਾ ਹੈ। ਕੀ ਉਹਨਾਂ ਦੇ ਕਿਸੇ ਧਾਰਮਿਕ ਆਗੂ ਨੂੰ ਆਪਣੇ ਲੋਕਾਂ ਨੂੰ ਕਿਸੇ ਮਸਲੇ ਲਈ ਵਰਤ ਰੱਖ ਕੇ ਪ੍ਰਾਰਥਨਾ ਕਰਨ ਲਈ ਕਹਿਣ ਦਾ ਵੀ ਅਧਿਕਾਰ ਨਹੀਂ ਹੈ?

ਅੰਤ ਵਿੱਚ ਅਸੀਂ ਕਾਂਗਰਸ ਦੀ ਹਰ ਚੋਣ ਵਿੱਚ ਉਹਦੀ ਜਿੱਤ ਲਈ ਦਿਨ ਰਾਤ ਇੱਕ ਕਰਨ ਵਾਲੇ ਈਸਾਈ ਨੇਤਾਵਾਂ ਨੂੰ ਇਹ ਨਿਮਰਤਾ ਸਹਿਤ ਪੁੱਛਣਾ ਚਾਹੁੰਦੇ ਹਾਂ ਕਿ ਸ਼ਾਹਕੋਟ ਵਿੱਚ ਕਾਂਗਰਸ ਦੀ ਜਿੱਤ ਨਾਲ ਵਿਧਾਨ ਸਭਾ ਵਿੱਚ ਕਾਂਗਰਸ ਦੇ ਮੈਂਬਰਾਂ ਦੀ ਗਿਣਤੀ 78 ਹੋ ਗਈ ਹੈ ਅਤੇ ਉਸ ਨੂੰ ਵਿਧਾਨ ਸਭਾ ਵਿੱਚ ਦੋ ਤਿਹਾਈ ਬਹੁਮਤ ਮਿਲ ਗਿਆ ਹੈ। ਪ੍ਰੰਤੂ ਜਦੋਂ ਪਿਛਲੇ ਸਵਾ ਡੇਢ ਸਾਲ ਵਿੱਚ ਕਾਂਗਰਸ ਦੇ 77 ਵਿਧਾਇਕ ਈਸਾਈਆਂ ਲਈ ਕੁਝ ਨਹੀਂ ਕਰ ਸਕੇ ਤਾਂ ਇਹ ਜਿਹੜਾ 78ਵਾਂ ਕਾਂਗਰਸ ਦਾ ਨਵਾਂ ਵਿਧਾਇਕ ਬਣਿਆ ਹੈ, ਉਹ ਰਾਜ ਦੇ ਈਸਾਈਆਂ ਦਾ ਕੀ ਸੰਵਾਰੇਗਾ।

# ਅੰਬੇਡਕਰਵਾਦ ਦੇ ਰੂਹੇ-ਰਵਾਂ: ਪ੍ਰੋ. (ਡਾ.) ਜੀ. ਸੀ. ਕੌਲ

ਅੰਬੇਡਕਰਵਾਦ ਮਨੁੱਖਤਾਵਾਦ ਦਾ ਹੀ ਦੂਜਾ ਨਾਂਅ ਹੈ ਤੇ ਪ੍ਰਬੁੱਧ ਵਿਦਵਾਨ ਪ੍ਰੋ. (ਡਾ.) ਗਿਆਨ ਚੰਦਰ ਕੌਲ ਇਸ ਮਹਾਨ ਵਾਦ ਦੇ ਪ੍ਰਮੁਖ ਝੰਡਾਬਰਦਾਰ ਹਨ। ਉਹ ਇਸ ਮਹਾਨ ਵਿਚਾਰਧਾਰਾ ਦੇ ਕੁਲ-ਵਕਤੀ ਕਾਰਕੁੰਨ ਹਨ। ਇਸ ਮਾਨਵਵਾਦੀ ਵਿਚਾਰਧਾਰਾ ਦੇ ਪਰਚਾਰ-ਪਰਸਾਰ ਲਈ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਲੰਮਾ ਅਰਸਾ ਲੇਖੇ ਵਿੱਚ ਲਾਇਆ ਹੈ ਤੇ "ਇਹੁ ਜਨਮੁ ਤੁਮਾਰੇ ਲੇਖੇ।।" ਦੇ ਪਵਿੱਤਰ ਬਚਨ ਉਨ੍ਹਾਂ ਦੇ ਵਿਅਕਤਿਤਵ 'ਤੇ ਸਾਕਾਰ ਹੋਏ ਹਨ। ਜਦੋਂ ਤੋਂ ਮੈਂ ਉਨ੍ਹਾਂ ਨੂੰ ਦੇਖਿਆ ਹੈ, ਉਹ ਮੈਨੂੰ ਇੱਕ ਸੁਹਿਰਦ ਸਾਧੂ ਲੱਗੇ ਹਨ। ਉਨ੍ਹਾਂ ਨੂੰ ਸੰਸਾਰਕ ਵਸਤੂਆਂ, ਸੁੱਖਾਂ ਨਾਲ ਕੋਈ ਮੋਹ ਨਹੀਂ। ਉਹ ਤਾਂ ਆਪਣੇ ਅਕੀਦੇ ਨੂੰ ਸਮਰਪਿਤ ਹੋਏ ਹੋਏ ਕਠਿਨ ਤਪੱਸਿਆ ਸਾਧਦੇ ਦਿਖਾਈ ਦਿੱਤੇ ਹਨ। ਆਪਣੀ ਧੁਨ ਦੇ ਪੱਕਿਆਂ ਲਈ ਕੀ ਦਿਨ, ਕੀ ਰਾਤ, ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦੇ। ਉਨ੍ਹਾਂ ਨੇ ਮਾਨ-ਸਨਮਾਨਾਂ ਦੀ ਕਦੇ ਪਰਵਾਹ ਨਹੀਂ ਕੀਤੀ ਪਰ ਇਹ ਵੀ ਓਨਾ ਹੀ ਸੱਚ ਹੈ ਕਿ ਉਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।।" ਦੇ ਮਹਾਂਵਾਕਾਂ ਅਨੁਸਾਰ ਮਾਨ-ਸਨਮਾਨ ਉਨ੍ਹਾਂ ਦੇ ਮਗਰ-ਮਗਰ ਤੁਰੇ ਫਿਰਦੇ ਹਨ। ਉਹ ਕਦੇ ਤਿਲ ਮਾਤਰ ਵੀ ਇਨ੍ਹਾਂ ਫ਼ੋਕੀਆਂ ਗੱਲਾਂ ਵਿੱਚ ਨਹੀਂ ਉਲਝੇ। ਸੱਚੇ ਸਾਧੂਆਂ ਦੀ ਤਰ੍ਹਾਂ ਉਨ੍ਹਾਂ ਨੇ ਆਪਣੇ ਤਨ ਦੇ ਨਾਲ-ਨਾਲ ਮਨ ਨੂੰ ਵੀ ਸਾਧਿਆ ਹੋਇਆ ਹੈ। ਸਾਦੀ ਖ਼ੁਰਾਕ ਖਾਣਾ ਤੇ ਉਹ ਵੀ ਸਮੇਂ ਸਿਰ ਖਾਣਾ ਉਨ੍ਹਾਂ ਦਾ ਨਿਤ ਕਰਤੱਵ ਹੈ।

ਉਨ੍ਹਾਂ ਦਾ ਮਹਾਨ ਵਿਅਕਤਿਤਵ ਤੇ ਜੀਵਨ ਦੱਸਦਾ ਹੈ ਕਿ ਉਹ ਮਨੋ-ਵਿਕਾਰਾਂ ਨੂੰ ਕਾਬੂ ਵਿੱਚ ਰੱਖਣ ਵਾਲੇ ਸੂਰਮੇ ਹਨ। ਉੱਚ-ਅਹੁਦੇ (ਡੀ.ਏ.ਵੀ. ਕਾਲਜ ਜਲੰਧਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ) 'ਤੇ ਬਿਰਾਜਮਾਨ ਰਹਿੰਦਿਆਂ ਵੀ ਉਨ੍ਹਾਂ ਨੇ ਆਪਣੀ ਤਾਕਤ ਨੂੰ ਕਦੇ ਅਜਾਈਂ ਨਹੀਂ ਵਰਤਿਆ, ਸਗੋਂ ਜਿੰਨਾ ਹੋ ਸਕੇ, ਉਸ ਤੋਂ ਵੀ ਵੱਧ ਮਨੁੱਖਤਾ ਦਾ ਭਲਾ ਕੀਤਾ ਹੈ। ਉਹ ਆਪਣੀ ਉੱਚ ਯੋਗਤਾ ਅਤੇ ਲਿਆਕਤ ਨਾਲ ਸਥਾਪਤ ਹੋਏ ਹਨ। ਉਨ੍ਹਾਂ ਦੇ ਦੋ ਬੋਲਾਂ ਨੂੰ ਸੁਣਨ ਲਈ ਹਰ ਉਮਰ ਵਰਗ ਦੇ ਲੋਕ ਦੌੜੇ ਚਲੇ ਆਉਂਦੇ ਹਨ। ਇਹ ਉਨ੍ਹਾਂ ਦੇ ਜੀਵਨ ਦੀ ਕਮਾਈ ਹੈ।

ਬਾਬਾ ਸਾਹਿਬ ਅੰਬੇਡਕਰ ਜੀ ਨੂੰ ਸਮਰਪਿਤ ਪ੍ਰੋਗਰਾਮ, ਚਾਹੇ ਵੱਡਾ ਹੋਵੇ ਜਾਂ ਛੋਟਾ, ਜਿੱਥੇ ਚਾਰ ਬੰਦੇ ਸੁਣਨ ਵਾਲੇ ਹੋਣ, ਜੁੜਨ ਵਾਲੇ ਹੋਣ; ਡਾ. ਸਾਹਿਬ ਸਰੋਤਿਆਂ ਦੇ ਸੱਦੇ 'ਤੇ ਸਮੇਂ ਸਿਰ ਪੁੱਜ ਜਾਂਦੇ ਹਨ। ਅਨੁਸ਼ਾਸਨ ਉਨ੍ਹਾਂ ਦੇ ਲੋਕਪ੍ਰਿਯ ਜੀਵਨ ਦਾ ਵੱਡਾ ਆਧਾਰ ਹੈ। ਕਈ ਵਾਰ ਪ੍ਰੋਗਰਾਮਾਂ ਵਿੱਚ ਰਾਤ ਦੇ ਦੋ-ਦੋ ਵੀ ਵੱਜ ਜਾਂਦੇ ਹਨ ਤੇ ਸੱਤਰ ਸਾਲ ਦੇ ਸਰੀਰ ਲਈ ਇਹ ਕੋਈ ਸੁਖਾਲ਼ਾ ਕੰਮ ਨਹੀਂ ਪਰ ਇਹ ਬਾਬਾ ਸਾਹਿਬ ਜੀ ਦੀ ਮਹਾਨ ਵਿਚਾਰਧਾਰਾ ਪ੍ਰਤੀ ਉਨ੍ਹਾਂ ਦਾ ਸਮਰਪਣ ਹੀ ਹੈ ਕਿ ਉਮਰ ਵੀ ਉਨ੍ਹਾਂ ਦੇ ਪਵਿੱਤਰ ਲਕਸ਼ ਵਿੱਚ ਕਦੇ ਬਾਧਾ ਨਹੀਂ ਬਣੀ।



ਉਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨ॥" ਦੇ ਮਹਾਵਾਕਾਂ ਅਨੁਸਾਰ ਉਹ ਨਿੱਤ ਨਵੇਂ ਹਨ। ਪਰਮਾਤਮਾ ਉਨ੍ਹਾਂ ਨੂੰ ਲੋਕ ਗੀਤ ਤੋਂ ਵੀ ਲੰਮੀ ਉਮਰ ਬਖ਼ਸ਼ੇ।

ਉਨ੍ਹਾਂ ਦੀ ਯਾਦ ਸ਼ਕਤੀ ਬੜੇ ਕਮਾਲ ਦੀ ਹੈ। ਸਮਾਜ, ਧਰਮ ਅਤੇ ਰਾਜਨੀਤੀ ਦੇ ਬਰੀਕ ਤੋਂ ਬਰੀਕ ਪਹਿਲੂਆਂ ਬਾਰੇ ਉਨ੍ਹਾਂ ਨੂੰ ਡੂੰਘਾ ਅਤੇ ਪਰਿਭਾਸ਼ਕ ਨਾਮਾਵਲੀ ਸਮੇਤ ਪੂਰਾ ਗਿਆਨ ਹੈ। ਇਹ ਸਮਰਪਣ ਦਾ ਸਿਖ਼ਰ ਆਖਿਆ ਜਾ ਸਕਦਾ ਹੈ। ਉਹ ਕਿਸੇ ਵਿਸ਼ੇ ਉੱਪਰ ਵੀ ਲੰਮਾ ਸਮਾਂ, ਪ੍ਰਭਾਵਸ਼ਾਲੀ ਚਰਚਾ ਕਰ ਸਕਦੇ ਹਨ ਪਰ ਕਈ ਵਾਰ ਸਮੇਂ ਦੀ ਨਜ਼ਾਕਤ ਨੂੰ ਮੁੱਖ ਰੱਖਦੇ ਹੋਏ ਉਹ 'ਗਾਗਰ ਵਿੱਚ ਸਾਗਰ' ਭਰਨ ਦਾ ਯਤਨ ਕਰਦੇ ਨਜ਼ਰ ਆਉਂਦੇ ਹਨ। ਉਹ ਚਾਹੁੰਦੇ ਹੁੰਦੇ ਹਨ ਕਿ ਸਰੋਤੇ ਤੱਕ ਕਿਸੇ ਵਿਸ਼ੇ ਬਾਰੇ ਲਾਜ਼ਮੀ ਗਿਆਨ ਤਾਂ ਘੱਟੋ-ਘੱਟ ਜ਼ਰੂਰ ਪਹੁੰਚੇ। ਇਹ ਵੀ ਉਨ੍ਹਾਂ ਦੇ ਵਿਅਕਤਿਤਵ ਦੇ ਮਹਾਨ ਗੁਣਾਂ ਵਿੱਚੋਂ ਇੱਕ ਗੁਣ ਹੈ।

ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੇ ਮਾਨਵਤਾਵਾਦੀ ਪੁਰਸ਼ਾਰਥ ਵਿੱਚ ਉਨ੍ਹਾਂ ਦਾ ਹਮੇਸ਼ਾ ਸਾਥ ਦਿੱਤਾ ਹੈ। ਡਾ. ਸਾਹਿਬ ਵਾਂਗ ਹੀ ਉਨ੍ਹਾਂ ਦਾ ਪਰਿਵਾਰ ਵੀ ਇਨ੍ਹਾਂ ਸੱਚੀਆਂ-ਸੁੱਚੀਆਂ ਰਾਹਾਂ ਦਾ ਪਾਂਧੀ ਹੈ। ਉਨ੍ਹਾਂ ਦੇ ਸੁਪਤਨੀ ਵੀ ਲੋਕਾਈ ਦਾ ਭਲਾ ਸੋਚਣ ਵਾਲੇ ਹਨ ਤੇ ਸਮਾਜ ਦੇ ਹਾਲਾਤਾਂ ਪ੍ਰਤੀ ਸੁਹਿਰਦਤਾ ਨਾਲ ਸੋਚਦੇ ਰਹਿੰਦੇ ਹਨ। ਉਨ੍ਹਾਂ ਅਤੇ ਬੱਚਿਆਂ ਦੇ ਸਹਿਯੋਗ ਸਦਕਾ ਹੀ, ਮੇਰਾ ਖ਼ਿਆਲ ਹੈ, ਡਾ. ਸਾਹਿਬ ਨਿੱਠ ਕੇ ਕੰਮ ਕਰ ਸਕੇ ਹਨ।

ਪਿੱਛੇ ਜਿਹੇ ਡਾ. ਸਾਹਿਬ ਦੀ ਸਿਹਤ ਕੁਝ ਠੀਕ ਨਹੀਂ ਰਹੀ ਤੇ ਡਾਕਟਰ ਨੇ ਉਨ੍ਹਾਂ ਨੂੰ ਉੱਚੀ ਆਵਾਜ਼ ਵਿੱਚ ਬੋਲਣ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ। ਘਰ ਦੇ ਮੁਖੀ ਤੇ ਸਮਾਜ ਦੇ ਅਣਮੁੱਲੇ ਹੀਰੇ ਹੋਣ ਦੇ ਨਾਤੇ ਉਨ੍ਹਾਂ ਦੀ ਸਿਹਤ ਦਾ ਫ਼ਿਕਰ ਪਰਿਵਾਰ ਨੂੰ ਹੋਣਾ ਲਾਜ਼ਮੀ ਹੀ ਸੀ ਤੇ ਪਰਿਵਾਰ ਨੇ ਉਨ੍ਹਾਂ ਨੂੰ ਘਰੋਂ ਬਾਹਰ ਨਾ ਜਾਣ ਲਈ ਹੱਥ ਜੋੜੇ। ਉਨ੍ਹਾਂ ਨੇ ਗੱਲ ਮੰਨ ਲਈ।

ਪਰ ਧੁਨ ਦੇ ਪੱਕਿਆਂ ਕੋਲੋਂ ਕਦੋਂ ਰਹਿਆ ਜਾਂਦਾ ਹੈ। ਉਨ੍ਹਾਂ ਦੇ ਪਤਨੀ ਜਦੋਂ ਡਿਊਟੀ 'ਤੇ (ਉਹ ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਸਨ) ਚਲੇ ਜਾਂਦੇ ਅਤੇ ਬੱਚੇ ਆਪੋ-ਆਪਣੇ ਕੰਮਾਂ 'ਤੇ ਚਲੇ ਜਾਂਦੇ ਤਾਂ ਉਹ ਚੁਪਚਾਪ ਘਰੋਂ ਸਕੂਟਰੀ ਲੈ ਕੇ ਆਪਣੇ ਜ਼ਿੰਮੇ ਦੇ ਕੰਮਾਂ ਨੂੰ ਭੁਗਤਾਉਣ ਨਿੱਕਲ ਪੈਂਦੇ। ਪਤਨੀ ਤੇ ਬੱਚਿਆਂ ਦੇ ਘਰ ਮੁੜਨ ਤੋਂ ਪਹਿਲਾਂ ਹੀ ਘਰ ਮੁੜ ਆਉਂਦੇ ਤੇ ਸਕੂਟਰੀ ਨੂੰ ਨਿਰਧਾਰਤ ਥਾਂ 'ਤੇ ਲਗਾਅ ਕੇ ਬੈੱਡ 'ਤੇ ਲੰਮੇ ਪੈ ਜਾਂਦੇ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਸਰੀਰ ਦੀ ਪਰਵਾਹ ਨਾ ਕਰਦੇ ਹੋਏ ਦੋਵੇਂ ਪਾਸੇ ਰੱਖ ਲਏ। ਬਲਿਹਾਰੇ ਜਾਈਏ ਇਹੋ ਜਿਹੇ ਸਾਧਕਾਂ ਦੇ! ਮੀਰਾ ਯਾਦ ਆ ਜਾਂਦੀ ਹੈ ਇਹ ਗੱਲ ਦੇਖ ਕੇ ਕਿ ਜਦੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਚਿਤੌੜ ਜਾਂਦੇ ਤੇ ਮੀਰਾ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਵਿਆਕੁਲ ਹੁੰਦੀ ਪਰ ਸਹੁਰੇ ਪਰਿਵਾਰ ਵਲੋਂ ਉਸ 'ਤੇ ਪਹਿਰਾ ਬਿਠਾ ਦਿੱਤਾ ਜਾਂਦਾ ਕਿ ਉਹ ਕਿਲੇ ਤੋਂ ਬਾਹਰ ਨਾ ਜਾ ਸਕੇ ਪਰ ਧੁਨ ਦੀ ਪੱਕੀ, ਕਦੇ ਚੁੰਨੀਆਂ ਬੰਨ੍ਹ ਕੇ ਤੇ ਕਦੇ ਕਿਲੇ ਦੀ ਪਿਛਲੀ ਦੀਵਾਰ ਥਾਣੀਂ ਉੱਤਰ ਕੇ ਪਹੁੰਚ ਜਾਂਦੀ ਸੀ ਸਤਿਗੁਰਾਂ ਦੇ ਦਰਬਾਰ। ਤੇ ਯਾਦ ਆ ਜਾਂਦੇ ਹਨ ਪਰਮ ਸੰਤ ਰਾਮਾ ਨੰਦ ਜੀ।



**ਬਲਵੀਰ ਮੰਨਣ**
**91-94173-45485**

ਆਪ ਜੀ ਸ਼ੂਗਰ ਦੇ ਮਰੀਜ਼ ਸਨ ਤੇ ਜਦੋਂ ਆਪ ਜੀ ਨੇ ਉੱਚੀ ਆਵਾਜ਼ ਵਿੱਚ ਸਤਿਗੁਰਾਂ ਦੀਆਂ ਵਡਿਆਈਆਂ ਸੰਗਤਾਂ ਨੂੰ ਸਰਵਨ ਕਰਾਉਣੀਆਂ ਤਾਂ ਸਿਹਤ ਖ਼ਰਾਬ ਹੋ ਜਾਣੀ। ਬੀਬੀ ਭਜਨੋ ਜੀ (ਮਹਾਰਾਜ ਜੀ ਦੇ ਦਰਬਾਰ ਵਿੱਚ ਲੰਗਰ ਪਰਸ਼ਾਦੇ ਦੀ ਸੇਵਾ ਨਿਭਾਉਣ ਵਾਲੇ ਮਾਤਾ ਜੀ) ਨੇ ਚਿੰਤਾਤੁਰ ਹੋ ਕੇ ਮਹਾਰਾਜ ਜੀ ਨੂੰ ਬੇਨਤੀ ਕਰਨੀ ਤਾਂ ਮਹਾਰਾਜ ਜੀ ਦੇ ਬੋਲ ਹੁੰਦੇ, "ਬੀਬੀ ਜੀ! ਮੇਰੇ ਕੋਲੋਂ ਰਹਿਆ ਨਹੀਂ ਜਾਂਦਾ।" ਉਹੀ ਧੁਨ ਮੈਨੂੰ ਪ੍ਰੋ. ਸਾਹਿਬ ਅੰਦਰ ਵੱਜਦੀ ਦਿਖਾਈ ਦਿੰਦੀ ਹੈ।

ਪ੍ਰੋ. (ਡਾ.) ਗਿਆਨ ਚੰਦਰ ਕੌਲ ਸਚਮੁਚ ਗਿਆਨ ਦੇ ਚੰਦਰਮਾ ਹਨ। ਧਰਤੀ ਦੇ ਪੁੱਤ ਇਸ ਚੰਦ ਨੇ ਆਪਣਾ ਲਹੂ ਫ਼ੂਕ ਕੇ ਸਮਾਜ ਦੇ ਰਾਹਾਂ ਵਿੱਚ ਰੋਸ਼ਨੀ ਕਰਨ ਦਾ ਯਤਨ ਕੀਤਾ ਹੈ। ਸ਼ਾਲਾ! ਇਹ ਚੰਦਰਮਾ ਇਸੇ ਤਰ੍ਹਾਂ ਸਾਡਾ ਰਾਹ ਰੁਸ਼ਨਾਉਂਦਾ ਰਹੇ। ਆਮੀਨ!

## ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ

ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ
ਪੈਸਾ ਤਾਂ ਆਉਣਾ ਜਾਣਾ ਏ
ਜੋ ਅੱਜ ਜਵਾਨੀ ਅਖਵਾਉਂਦੀ ਏ
ਕੱਲ੍ਹਉਸ ਬਜ਼ੁਰਗ ਅਖਵਾਣਾ ਏ
ਖੁਸ਼ ਕਰਦੇ ਤੂੰ ਬਜ਼ੁਰਗਾਂ ਨੂੰ
ਰੱਬ ਆਪੇ ਖੁਸ਼ ਹੋ ਜਾਣਾ ਏ
ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ
ਪੈਸਾ ਤਾਂ ਆਉਣਾ ਜਾਣਾ ਏ।

ਕਿਸ ਮੂੰਹ ਨਾਲ ਧੱਕੇ ਮਾਰਦਾ ਏ
ਕਾਹਤੇ ਹਿਰਦਾ ਇਹਨਾਂ ਦਾ ਸਾੜਦਾ ਏ
ਜਿਹਨਾਂ ਦੇ ਪੈਰਾਂ ਤੇ, ਤੂੰ ਸੀ ਸਿਰ ਰੱਖਣਾ
ਕਾਹਤੇ ਉਹਨਾਂ ਨੂੰ ਦਰਕਾਰਦਾ ਏ
ਇਹ ਛਾਂਟ ਸਿਰ ਤੋਂ ਜਦ ਉਠੀਆਂ
ਫੇ ਦੇਖੀ ਧੁੱਪਾ ਕਹਿਰ ਕਮਾਣਾ ਏ
ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ
ਪੈਸਾ ਤਾਂ ਆਉਣਾ ਜਾਣਾ ਏ।

ਅੱਖ ਗਹਿਰੀ ਉਹਨਾਂ ਵੱਲ ਕਰਦਾ ਏ
ਜਿਹਨੀਂ ਅੱਖਾਂ 'ਚ ਤੈਨੂੰ ਵਸਾਇਆ ਏ
ਅੱਜ ਮੱਤਾਂ ਉਹਨਾਂ ਨੂੰ ਦਿਨਾ ਏਂ
ਜਿਹਨੀਂ ਤੈਨੂੰ ਹੱਥੀ ਖਲਾਇਆ ਏ
ਮਾਪਿਆਂ ਅੱਗੇ ਆਕੜਾਂ ਸੋਭਦੀਆਂ ਨਹੀਂ
ਬਜ਼ੁਰਗਾਂ ਅੱਗੇ ਤਾਂ ਝੁਕ ਆਪਾਂ ਜਾਣਾ ਏ
ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ
ਪੈਸਾ ਤਾਂ ਆਉਣਾ ਜਾਣਾ ਏ।

ਜਿਹਨਾਂ ਮਾਪਿਆਂ ਨੂੰ ਤੰਗ ਕਰਦਾ ਏ
ਉਹੋ ਸੁੱਖਾਂ ਤੇਰੀਆਂ ਮੰਗਦੇ ਨੇ
ਜਿਹਨਾਂ ਹੱਥਾਂ ਨੇ ਤੈਨੂੰ ਪਾਲਿਆ ਏ
ਕੀ ਹੋਇਟਾ ਜੇ ਅੱਜ, ਹੱਥ ਕੰਬਦੇ ਨੇ
ਆਸ਼ੀਰਵਾਦ ਤੈਨੂੰ ਫੇ ਵੀ ਦੇਣ ਖਾਤਰ
ਕੰਬਦੇ ਹੱਥਾਂ ਨੇ ਵੀ ਉਠ ਜਾਣਾ ਏ
ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ
ਪੈਸਾ ਤਾਂ ਆਉਣਾ ਜਾਣਾ ਏ।

ਬੱਸ ਰੋਟੀ ਫੁਲਕਾ ਖਾਂਦੇ ਨੇ
ਦੱਸ ਤੇਰਾ ਕੀ ਲੈ ਜਾਂਦੇ ਨੇ
ਜਿਸ ਦੌਲਤ ਖਾਤਰ ਤੂੰ ਮੁਖ ਮੋੜੇ
ਇਹ ਸਭ ਇੱਥੇ ਹੀ ਰਹਿ ਜਾਂਦੇ ਨੇ
ਇਸ ਵਕਤ ਤੋਂ ਸਦਾ ਡਰ ਕੇ ਰਹੀਏ
ਗੇੜਾ ਪਤਾ ਨਹੀਂ ਕੀ ਦੇ ਜਾਣਾ ਏ
ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ
ਪੈਸਾ ਤਾਂ ਆਉਣਾ ਜਾਣਾ ਏ।

ਜ਼ਰਾ 'ਧਾਮੀ' ਨੂੰ ਪੁੱਛ ਕੇ ਦੇਖ ਸੱਜਣਾ
ਜਿਹੜਾ ਤੋਰ ਕੇ ਮਾਪੇ ਬਹਿ ਗਿਆ ਏ
ਗਮ ਮਾਪਿਆਂ ਦੇ ਕਦੇ ਵੀ ਭੁੱਲਦਾ ਨਹੀਂ
ਭਾਵੇਂ ਲੱਖਾਂ ਹੰਝੂ ਵਹਿ ਗਿਆ ਏ
'ਪਿੱਪਲਾਵਾਲੀਆ' ਮਾਪਿਆਂ ਦੀ ਸੇਵਾ ਕਰ ਲੈ
ਵਕਤ ਬੀਤਿਆਂ ਤੂੰ ਪਛਤਾਣਾ ਏ
ਇਹਨਾਂ ਬਜ਼ੁਰਗਾਂ ਨੇ ਮੁੜ ਕੇ ਲੱਭਣਾ ਨਹੀਂ
ਪੈਸਾ ਤਾਂ ਆਉਣਾ ਜਾਣਾ ਏ
ਖੁਸ਼ ਕਰਦੇ ਤੂੰ ਬਜ਼ੁਰਗਾਂ ਨੂੰ
ਰੱਬ ਆਪੇ ਖੁਸ਼ ਹੋ ਜਾਣਾ ਏ।



**- ਜੁਗਿੰਦਰ ਧਾਮੀ 'ਪਿੱਪਲਾਂਵਾਲੀਆ'**
**530-844-0987**

## ਸ਼ਹੀਦਾਂ ਨੂੰ ਸਮਰਪਿਤ

ਸ਼ਹੀਦੀ ਕੋਈ ਸਧਾਰਨ ਮੌਤ ਦਾ ਨਾਮ ਨਹੀਂ
ਸ਼ਹੀਦੀ ਪਾਉਣੀ ਕੋਈ ਸੌਖੀ ਗੱਲ ਨਹੀਂ ਹੁੰਦੀ
ਸ਼ਹੀਦੀ ਦੀ ਪਦਵੀ ਬਹੁਤ ਉਚੀ ਹੁੰਦੀ ਏ
ਸ਼ਹੀਦੀ ਦਾ ਸਬੰਧ ਅਣਖ, ਸੱਚਾ, ਅਹਿਸਾਸ
ਜਜ਼ਬਾਤ ਜਿਉਂਦੀ ਜਾਗਦੀ ਜ਼ਮੀਰ
ਤੇ ਕੁਰਬਾਨੀ ਦੇ ਜਜ਼ਬੇ ਨਾਲ ਹੁੰਦਾ ਏ
ਸ਼ਹੀਦ ਦਾ ਕੋਈ ਉਦੇਸ਼ ਹੁੰਦਾ ਹੈ
ਸ਼ਹੀਦੀ ਕੋਈ ਸਧਾਰਨ ਮਨੁੱਖ ਨਹੀਂ ਪਾ ਸਕਦਾ
ਸ਼ਹੀਦ ਹੱਕ, ਸੱਚ ਤੇ ਇਨਸਾਫ ਲਈ
ਸ਼ਹਾਦਤ ਦਾ ਜਾਮ ਤਾਂ ਪੀ ਸਕਦਾ ਏ
ਪਰ ਉਹ ਅੱਨਿਆ, ਅੱਤਿਆਚਾਰ,
ਤੇ ਝੂਠ ਅੱਗੇ ਝੁਕ ਨਹੀਂ ਸਕਦਾ
ਸ਼ਹੀਦ ਆਪਣੇ ਆਪ ਨੂੰ
ਕੁਰਬਾਨ ਤਾਂ ਕਰ ਸਕਦਾ ਏ
ਪਰ ਆਪਣੇ ਆਦਰਸ਼
ਤੇ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦਾ
ਸ਼ਹੀਦ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦਾ ਏ
ਸ਼ਹੀਦ ਕੌਮ ਦਾ ਸਰਮਾਇਆ ਹੋਇਆ ਕਰਦਾ ਏ
ਕੌਮਾਂ ਸਦਾ ਜਿਊਂਦੀਆਂ ਉਹ ਰਹਿੰਦੀਆਂ ਨੇ
ਜਿਹੜੀਆਂ ਕੌਮਾਂ ਸ਼ਹੀਦਾਂ ਦਾ ਮਾਣ ਕਰਦੀਆਂ ਨੇ
ਕੌਮਾਂ ਸਦਾ ਜਿਉਂਦੀਆਂ ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ
ਕੌਮਾਂ ਬਣਦੀਆਂ ਨਹੀਂ ਪੈਸੇ ਤੇ ਸੋਨੇ ਨਾਲ
ਕੌਮਾਂ ਸਦਾ ਬਣਦੀਆਂ ਨੇ
ਮਹਾਨ ਬੰਦਿਆਂ ਦੇ ਮਹਾਨ ਕੰਮਾਂ ਨਾਲ।
ਉਹ ਕੌਮਾਂ ਪਾਉਂਦੀਆਂ ਮੰਜ਼ਿਲਾਂ ਨੂੰ
ਜਿਹੜੀਆਂ ਖਹਿ ਜਾਂਦੀਆਂ ਨਾਲ ਮੁਸੀਬਤਾਂ ਦੇ
ਕਾਠੀ ਲਿਖਦੀ ਖ਼ੂਨ. ਪੱਤਰੇ
ਸਦਾਹੀ ਰਹੀ।
ਸਮਾਂ ਸੂਲ ਦੀਆਂ ਛੁਰੀਆਂਉਠਾਰਦਾ ਰਿਹਾ
ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ ਮੇਲੇ
ਦੇਸ਼ ਪਰ ਮਰ ਮਿਟਨੇ ਵਾਲੋਂ ਕਾ ਬਾਕੀ ਨਿਸ਼ਾ ਹੋਗਾ।



**-ਮਾਸਟਰ ਨਿਰਮਲ ਸਿੰਘ ਲਾਲੀ**
**530-777-0955**

## ਤੂੰ ਜਾਣ ਦਾ ਨਹੀ "ਮੈ ਕੌਣ ਹਾ"



ਰਾਜਾ ਵਿਕਰਮ ਦੱਤ ਬੜਾ ਹੀ ਘਮੰਡੀ ਰਾਜਾ ਸੀ। ਉਸ ਨੂੰ ਹਰ ਵੇਲੇ ਇਹੀ ਲੱਗਿਆ ਰਹਿੰਦਾ ਕਿ ਲੋਕ ਮੈਨੂੰ ਸਲਾਮ ਕਰਨ ਤੇ ਮੇਰੀ ਜੈDELਜੈ ਕਾਰ ਕਰਦੇ ਰਹਿਣ।ਅਜਿਹਾ ਨਾ ਕਰਨ ਵਾਲੇ ਨੂੰ ਉਹ ਸਜਾ ਦਿੰਦਾ ਸੀ।ਇਕ ਵਾਰ ਰਾਜਾ ਸਮਸਾਨ ਘਾਟ ਕੋਲ ਜੰਗਲ ਵਿੱਚ ਆਪਣੇ ਸੈਨਿਕਾ ਨਾਲ ਸਿਕਾਰ ਕਰਨ ਜਾਂ ਰਿਹਾ ਸੀ।ਸਮਸਾਨ ਘਾਟ ਵਿੱਚ ਇੱਕ ਵਿਅਕਤੀ ਰਾਖ ਦੀ ਢੇਰੀ ਅੱਗੇ ਬੈਠਾ ਸੀ। ਉਸ ਨੇ ਰਾਜੇ ਨੂੰ ਵੇਖ ਤਾਂ ਲਿਆ ਪਰ ਸਲਾਮ ਨਹੀ ਕੀਤੀ। ਰਾਜੇ ਨੇ ਕਰੋਪ ਹੋ ਕੇ ਗੁੱਸੇ ਨਾਲ ਕਿਹਾ ਉਏ ਤੂੰ ਮੈਨੂੰ ਜਾਣਦਾ ਨਹੀ ''ਮੈ ਕੌਣ ਹਾਂ'' ।ਰਾਖ ਦੀ ਢੇਰੀ ਅੱਗੇ ਬੈਠੇ ਵਿਅਕਤੀ ਨੇ ਕੋਈ ਉਤਰ ਨਾ ਦਿੱਤਾ।ਰਾਜਾ ਗੁੱਸੇ ਨਾਲ ਲਾਲDELਪੀਲਾ ਹੁੰਦਾ ,ਫਿਰ ਉਸੇ ਤਰਾਂ ਬੋਲਿਆ ਤਾਂ ਉਸ ਵਿਅਕਤੀ ਨੇ ਸਾਂਤਮਈ ਸੁਭਾਅ ਨਾਲ ਰਾਖ ਦੀ ਢੇਰੀ ਵੱਲ ਇਸਾਰਾ ਕਰਦੇ ਹੋਏ ਕਿਹਾ ਰਾਜਨ ਜਰਾ ਰੁਕੋ, ਮੈ ਪਹਿਲਾਂ ਇਸ ਨੂੰ ਤਾਂ ਪੁੱਛ ਲਵਾ ਇਹ ਕੌਣ ਹੈ। ਇਸ ਨੇ ਵੀ ਕੱਲ ਮੈਨੂੰ ਤੁਹਾਡੇ ਵਾਗ ਕਿਹਾ ਸੀ ਤੂੰ ਮੈਨੂੰ ਜਾਣਦਾ ਨਹੀ, ''ਮੈ ਕੌਣ ਹਾਂ''।ਇਹ ਸੁਣਦੇ ਹੀ ਰਾਜੇ ਦਾ ਸਿਰ ਸਰਮ ਨਾਲ ਝੁਕ ਗਿਆ ਤੇ ਉਸ ਨੇ ਆਪਣਾ ਸੁਭਾਅ ਵੀ ਬਦਲ ਲਿਆ।

**ਨਵਜੋਤ ਬਜਾਜ (ਗੱਗੂ)**
**91-9872102614**

## "ਮਾ ਬੋਲੀ ਸਾਡਾ ਵਿਰਸਾ"

ਵਿਰਸਾ ਯਾਦ ਓਹ ਦੱਸੋ ਕਿਵੇਂ ਰੱਖੂ?
ਜੀਹਨੂੰ ਦੇਸੀ ਮਹੀਨੇ ਹੀ ਨਹੀਂ ਹਨ ਯਾਦ ਲੋਕੋ!
ਮਾ ਬੋਲੀ ਨਾ ਘਰਾਂ ਦੇ ਵਿਚ ਬੋਲਣ,
ਅੰਗਰੇਜ਼ੀ ਬੋਲ ਬੋਲ ਲੈਂਦੇ ਸਵਾਦ ਲੋਕੋ!
ਹਰ ਬੋਲੀ ਸਿੱਖੋ ਸਿੱਖਣੀ ਚਾਹੀਦੀ ਹੈ,
ਪਰ ਮਾਤ ਭਾਸ਼ਾ ਨਾ ਕਰੋ ਬਰਬਾਦ ਲੋਕੋ!
ਆਪਾਂ ਪੰਜਾਬੀ ਤੇ ਪੰਜਾਬ ਚ ਹਾਂ ਰਹਿੰਦੇ,
ਇਸ ਗੱਲ ਦਾ ਕਰੀਏ ਧੰਨਵਾਦ ਲੋਕੋ!
ਭਈਏ ਬਿਹਾਰੀਏ ਪੰਜਾਬੀ ਬੋਲਦੇ ਨਾ,
ਆਪਣੀ ਬੋਲੀ ਚ ਕਰਨ ਸੰਵਾਦ ਲੋਕੋ!
ਇਸ਼ਾਰਾ ਸਿਆਣੇ ਨੂੰ ਕਾਫੀ ਇਕ ਹੁੰਦਾ,
ਨਾ ਹੋਰ ਬੋਲੀ ਦਾ ਪਾਓ ਰਿਵਾਜ ਲੋਕੋ!
ਗੁਰੂਆਂਪੀਰਾਂ ਫਕੀਰਾਂ ਦਿਤੀ ਜੋ ਗੁੜ੍ਹਤੀ,
ਸੋਚੀਏ ਸੰਭਾਲਣ ਦਾ ਕੋਈ ਇਲਾਜ ਲੋਕੋ!
ਬੋਲੀ ਆਹ ਬੋਲਣੀ ਤੇ ਆਹ ਮੈਂ ਸਿੱਖਣੀ ਹੈ,
ਨਾ ਫਾਲਤੂ ਗੱਲਾਂ ਤੇ ਕਰੋ ਫਸਾਦ ਲੋਕੋ!
ਬਾਹਰਲੇ ਦੇਸ਼ੀਂ ਪੰਜਾਬੀ ਸਤਿਕਾਰੀ ਦੀ ਹੈ,
ਆਪਣੇ ਘਰੋਂ ਕਿਉਂ ਦੇਵੋਂ ਇਹਨੂੰ ਭਾਜ ਲੋਕੋ!
ਦੱਦਾਹੂਰੀਆ ਕਹੇ ਸਮਾਂ ਹਾਲੇ ਹੱਥ ਤੁਹਾਡੇ,
ਗੁਰੂਆਂ ਤੇ ਪੁਰਖਿਆਂ ਦੀ ਰੱਖ ਲਓ ਲਾਜ ਲੋਕੋ!



**ਜਸਵੀਰ ਸ਼ਰਮਾ**
**ਦੱਦਾਹੂਰ**
**91-94176-22046**

## 'ਦੋਹੇ'

ਸੇਵਾ ਦੁਖੀ-ਗਰੀਬ ਦੀ ਕਰਨ ਦਾ, ਪਹਿਲਾ ਇਨਸਾਨ ਦਾ ਹੋਵੇ ਧਰਮ।
ਕਿਸਦਾ, ਕਿਸਦੇ ਨਾਲ ਸਬੰਧ ਹੈ, ਮੇਜਰ ਨਾ ਮਨ ਵਿਚ ਹੋਵੇ ਭਰਮ।

ਜਦ ਅੰਦਰ 'ਸੱਚ' ਵਰਤਦਾ, ਫਿਰ ਹਊਮੇ ਹੋ ਜਾਏ ਬਾਹਰ।
ਮਨ' ਭਿੰਨ-ਭੇਦ ਨਾ ਰੱਖਦਾ, ਮੇਜਰ ਸਭ ਨੂੰ ਦੇਵੇ ਸਤਿਕਾਰ।

ਸਾਨੂੰ 'ਮੰਦਰਾਂ' ਨਾਲੋ ਵੱਧ ਕੇ, ਅੱਜ ਲਾਇਬਰੇਰੀਆਂ ਦੀ ਲੋੜ।
ਚੰਗੀਆਂ ਕਿਤਾਂਬਾਂ ਪੜ੍ਹਨ ਤੇ, ਮੇਜਰ ਦੇਣਾ ਚਾਹੀਦਾ ਜੋਰ।

ਬੋਲਣਾਂ-ਸੁਣਨਾਂ ਸੱਚ ਨੂੰ, ਕਿਸੇ-ਕਿਸੇ ਦਾ ਕੰਮ ।
ਮੇਜਰ ਹਿਸੇ ਆਵੇ ਓਸਦੇ, ਜਿਸ ਵਿਚ ਹੋਵੇ 'ਦਮ'

'ਦਿਮਾਗ' ਖਜ਼ਾਨਾ ਅਕਲ ਦਾ, ਜੀ ਭਰਕੇ ਇਹਨੂੰ ਲੁੱਟ।
ਮੇਜਰ ਕਿਸੇ ਨਾ ਰੋਕਣਾ, ਭਰ ਮੁੱਠੀਆਂ ਭਾਵੇਂ ਬੁੱਕ।



**- ਮੇਜਰ ਸਿੰਘ 'ਬੁਢਲਾਡਾ'**
**91-94176 42327**

# ਪੁਸਤਕ ਰਿਵਿਊ : ਰੀਝਾਂ ਦਾ ਅੰਬਰ

**ਰੀਝਾਂ ਦਾ ਅੰਬਰ**
**(ਕਾਵਿ-ਸੰਗ੍ਰਹਿ)**
**ਲੇਖਿਕਾ- ਮਨਿੰਦਰ ਕੌਰ ਮਨ**
**ਪੰਨੇ- 96, ਕੀਮਤ- 150/- ਰੁਪਏ**
**ਪ੍ਰਕਾਸ਼ਕ- ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਰੀਝਾਂ ਦਾ ਅੰਬਰ', ਮੁਟਿਆਰ ਕਵਿੱਤਰੀ ਮਨਿੰਦਰ ਕੌਰ ਮਨ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਇਸ ਵਿਚ ਉਸ ਨੇ ਆਪਣੀਆਂ 90 ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਇਸ ਤੋਂ ਪਹਿਲੇ ਉਹ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਅਖਬਾਰਾਂ ਤੇ ਮੈਗਜੀਨਾਂ ਵਿਚ ਛਪਦੀ ਆ ਰਹੀ ਹੈ।

ਕਵਿੱਤਰੀ ਦੀ ਪਹਿਲੀ ਕਵਿਤਾ 'ਹਵਾ ਚ ਧੂੰਆਂ', ਜਿੱਥੇ ਇਨਸਾਨੀ ਰਿਸ਼ਤਿਆਂ ਦੇ ਘਟਦੇ ਜਾ ਰਹੇ ਨਿੱਘ ਦੀ ਗੱਲ ਕਰਦੀ ਹੈ ਉਥੇ ਦਿਨੋ-ਦਿਨ ਵਧ ਰਹੇ ਪ੍ਰਦੂਸ਼ਣ-ਪ੍ਰਤੀ ਵੀ ਉਹ ਚਿੰਤਤ ਹੈ।

ਤਦੇ ਹੀ ਉਹ ਕਵਿਤਾ ਦੇ ਆਖਰ ਵਿਚ ਤਰਲਾ ਜਿਹਾ ਪਾਉਂਦੀ ਆਖਦੀ ਹੈ-


'ਕੋਈ ਤਾਂ ਕਰੇ ਹੀਲਾ, ਕੋਈ ਤਾਂ ਸੰਭਾਲੇ ਕੁਦਰਤ ਨੂੰ,
ਕੋਈ ਤਾਂ ਪਾਵੇ ਰੋਕ ਹਾਏ! ਇਸ ਮਨੁੱਖੀ ਫਿਤਰਤ ਨੂੰ।'

ਰਹਿਮ-ਦਿਲ ਕਵਿੱਤਰੀ ਅਗਲੀ ਕਵਿਤਾ ਵਿਚ ਉਸ ਮਾਲਕ ਨੂੰ ਵਾਸਤਾ ਪਾਉਂਦੀ ਅਰਜ ਗੁਜਾਰਦੀ ਹੈ-

ਜੇ ਤੂੰ ਕਲਮ ਦਿੱਤੀ ਮਾਲਕਾ,
ਲਿਖਣ ਦਾ ਹੁਨਰ ਵੀ ਬਖਸ਼।
ਪੀੜ ਪਰਾਈ ਲੱਗੇ ਆਪਣੀ,
ਐਨੀ ਕੁ ਸਮਝ ਵੀ ਬਖਸ਼।

'ਦੋ ਟੋਟਿਆਂ ਵਿਚ', 'ਬਸ ਚਾਰ ਲਾਵਾਂ' ਅਤੇ 'ਸਿਆਣਿਆਂ ਨੇ ਇਹ' ਨਾਮੀ ਕਵਿਤਾਵਾਂ ਔਰਤ-ਵਰਗ ਦੀ ਤਰਜਮਾਨੀ ਕਰਦੀਆਂ ਬਿਹਤਰੀਨ ਕਵਿਤਾਵਾਂ ਹਨ।

ਕਵਿੱਤਰੀ ਮਨ ਨੇ ਸੱਜਣ ਦੀ ਜੁਦਾਈ, ਉਸ ਦੀਆਂ ਯਾਦਾਂ, ਗਿਲੇ-ਸ਼ਿਕਵੇ, ਉਸ ਦੇ ਮੋਹ-ਪਿਆਰ ਅਤੇ ਉਸ ਪ੍ਰਤੀ ਦਿਲ ਦੀਆਂ ਰੀਝਾਂ ਨੂੰ ਕਾਫੀ ਖੁੱਲ੍ਹਕੇ ਵਧੀਆ ਢੰਗ ਨਾਲ ਬਿਆਨਿਆ ਹੈ। ਇਸ ਲੜੀ ਵਿਚ 'ਜਿੰਦਗੀ ਦੀ ਕਿਤਾਬ', 'ਬੜੇ ਚਿਰਾਂ ਤੋਂ", 'ਮੈਨੂੰ ਪਤਾ ਤੂੰ ਰੱਬ ਹੈਂ", 'ਜਦ ਵੀ ਤੇਰੀ ਯਾਦਾਂ ਦੀ ਨਦੀ ਵਹਿੰਦੀ ਹੈ', 'ਤੇਰੇ 'ਚ ਕਾਇਨਾਤ ਸਾਰੀ', 'ਕਸ਼ਮਕਸ਼',






'ਉਦਾਸ ਨਾ ਹੋਵੀਂ",'ਦਿਲ ਦੇ ਬੂਹੇ ਤੇ', 'ਹਾਏ ਵੇ ਇਕ ਤੂੰ', 'ਤੂੰ ਰੋਲਿਆ ਸੀ ਕਦੇ', 'ਮਹਿਕਾਵਾਂ ਤੇਰੀ ਦੁਨੀਆਂ', 'ਅਸੀਂ ਨਦੀਓਂ ਵਿਛੜੇ ਨੀਰ', 'ਤੇਰੀ ਬੇਰੁਖੀ ਦਾ', 'ਤੂੰ ਰੱਬ ਵਾਂਗ ਮਿਲਿਆ ਸੀ ਮੈਨੂੰ', 'ਤੇਰੇ ਮਿਲਣ ਤੇ ਵੀ ਸੱਜਣਾਂ', 'ਬਿਰਹਾ ਬਿਰਹਾ ਗਾਉਣਾ ਔਖਾ', 'ਨਦੀਆਂ ਦੀ ਕਲ ਕਲ', 'ਤੇਰੀ ਆਮਦ', 'ਮੇਰੀਆਂ ਰੀਝਾਂ ਦੇ ਅੰਬਰ 'ਚ ਸੱਜਣਾਂ', 'ਮੇਰਾ ਦਿਲ ਕਰਦਾ', 'ਮੇਰਾ ਜੀਅ ਕਰਦਾ', ੨'ਕਾਸ਼ ਤੂੰ ਹੱਥ ਦੀਆਂ ਲਕੀਰਾਂ ਵਾਂਗ', 'ਚੰਨ ਦੀ ਚਾਨਣੀ 'ਚ', 'ਤੂੰ ਕੀ ਮਿਲਿਆ ਮੈਨੂੰ', 'ਮੈਨੂੰ ਰੱਖ ਅੱਖੀਆਂ ਸਾਹਮਣੇ', 'ਤੇਰਾ ਅਹਿਸਾਸ ਮੇਰੀ ਦੁਨੀਆਂ','ਤਾਰਿਆਂ ਦੀ ਛਾਂ', 'ਦਿਲ ਦੇ ਚਾਅ', 'ਤੇਰਾ ਸੰਪੂਰਨ ਮੇਰਾ ਹੋਣਾ', 'ਮੇਰਾ ਦਿਲ ਤਰਸੇ', 'ਮੇਰੇ ਦਿਲ 'ਚੋਂ ਨਿਕਲੇ ਬੋਲ', 'ਕਿਸ ਮੋੜ ਤੇ ਮਿਲੇ ਹੋ ਮੈਨੂੰ', 'ਕਿੰਨੇ ਦੂਰ ਹੋਕੇ ਵੀ', 'ਇਕ ਅਹਿਸਾਸ ਹੈ ਇਹ ਪਿਆਰ', 'ਕੁਝ ਅਜੀਬ ਜਿਹੀ ਹਾਲਤ', 'ਮੇਰੇ ਸੁਪਨੇ ਵੀ ਮੇਰੇ ਨਹੀ', 'ਬੜੇ ਚਿਰਾਂ ਤੋਂ ਬਾਦ', 'ਕਰਦੇ ਹੋ ਮੰਨੋ ਜਾਂ ਨਾ', 'ਕਿਤ ਵਲ ਜਾਵਾਂ' ਅਤੇ 'ਹਵਾ ਦੇ ਹੱਥ' ਆਦਿ ਅਨੇਕਾਂ ਕਮਾਲ-ਮਈ ਕਵਿਤਾਵਾਂ ਮੱਲੋ-ਮੱਲੀ ਧਿਆਨ ਖਿੱਚਦੀਆਂ ਹਨ।

ਪਾਠਕਾਂ ਦੇ ਟੇਸਟ ਅਤੇ ਨਮੂਨੇ ਲਈ ਪੇਸ਼ ਕਰ ਰਿਹਾ ਹਾਂ, ਲੇਖਿਕਾ ਮਨ ਦੀ ਕਾਵਿ-ਪਟਾਰੀ 'ਚੋਂ ਕੁਝ ਇਕ ਟੁੱਕੜੀਆਂ:-

'ਅਸੀਂ ਨਦੀਓਂ ਵਿਛੜੇ ਨੀਰ ਵੇ ਸੱਜਣਾ,
ਅਸਾਂ ਕੀ ਸਾਗਰ ਵਿਚ ਰਲਣਾ।
ਰਸਤੇ ਵਿਚ ਹੀ ਮੁੱਕ ਸੁੱਕ ਜਾਣਾ,
ਅਸਾਂ ਧੁਰ ਤੱਕ ਨਹੀ ਅੱਪੜਨਾ ।' (43)

'ਮੇਰੀਆਂ ਰੀਝਾਂ ਦੇ ਅੰਬਰ 'ਚ ਸੱਜਣਾ,
ਸੁਪਨਿਆਂ ਦੇ ਚੰਨ ਤਾਰੇ ਚਮਕਦੇ ਨੇ ।
ਕਈ ਸੁਪਨੇ ਮੱਧਮ ਜਿਹੇ
ਕਈ ਬਹੁਤ ਦਮਕਦੇ ਨੇ।' (55)

'ਕਿੰਨੀ ਸੁਹਣੀ ਰਾਤ,
ਉਹ ਪਿਆਰ ਵਾਲੀ ਬਾਤ।
ਭੁੱਲੇ ਨਾ ਭੁਲਾਏ,
ਉਹ ਸੁਹਣੀ ਮੁਲਾਕਾਤ।' (66)

'ਇਕ ਤੂੰ ਹੋਵੇਂ,ਇਕ ਮੈਂ ਹੋਵਾਂ,
ਹੋਵੇ ਤਾਰਿਆਂ ਦੀ ਛਾਂ ਸੱਜਣਾ।
ਕੁਝ ਤੂੰ ਬੋਲੇਂ, ਕੁਝ ਮੈਂ ਕਹਾਂ,
ਘੁੰਮੀਏ ਤਾਰਿਆਂ ਦੇ ਗਰਾਂ ਸੱਜਣਾ।' (78)

ਪ੍ਰਕਾਸ਼ਨਾ ਖੇਤਰ ਵਿਚ ਮਨਿੰਦਰ ਮਨ ਦਾ ਇਹ ਪਹਿਲਾ ਉਪਰਾਲਾ ਹੈ। ਜਿਸ ਵਧੀਆ ਢੰਗ ਨਾਲ ਉਸ ਦੀ ਕਲਮੀ-ਸ਼ੁਰੂਆਤ ਹੋਈ ਹੈ, ਆਸ ਕੀਤੀ ਜਾਂਦੀ ਹੈ ਕਿ ਕਵਿੱਤਰੀ ਦਾਜ-ਦਹੇਜ, ਨਸ਼ਿਆਂ ਦੇ ਵਗਦੇ ਦਰਿਆ, ਭ੍ਰਿਸ਼ਟਾਚਾਰ, ਬੇ-ਰੋਜਗਾਰੀ, ਨਾਰੀ-ਵਰਗ ਦਾ ਸੋਸ਼ਣ, ਸਿੱਖਿਆ ਖੇਤਰ 'ਚ ਆ ਰਹੇ ਨਿਘਾਰ, ਪ੍ਰਦੂਸ਼ਣ ਅਤੇ ਇਨਸਾਨੀ ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਸਮਾਜ ਦੇ ਮਘਦੇ ਵਿਸ਼ਿਆਂ ਵੱਲ ਵੀ ਆਪਣੀ ਕਲਮ ਦਾ ਰੁੱਖ ਮੋੜੇਗੀ।

ਹੱਥਲੇ ਸਫਲ ਉਪਰਾਲੇ ਲਈ ਉਭਰਦੀ ਹੋਣਹਾਰ ਕਵਿੱਤਰੀ ਮਨਿੰਦਰ ਕੌਰ ਮਨ ਨੂੰ ਦਿਲੀ ਮੁਬਾਰਿਕ!

**-ਪ੍ਰੀਤਮ ਲੁਧਿਆਣਵੀ, ਚੰਡੀਗੜ੍ਹ**
**(9876428641)**

## ਗੁੜਤੀ

ਮਾਂ ਦੇ ਦੁੱਧ ਵਿੱਚ ਜ਼ਾਤ-ਪਾਤ ਦੀ, ਗੁੜਤੀ ਮਿਲਦੀ ਨਾ,
ਫਿਰ ਬੰਦਾ ਜ਼ਾਤਾਂ-ਪਾਤਾਂ ਦੇ ਵਿੱਚ, ਵੰਡਿਆਂ ਕਾਹਦੇ ਲਈ।

ਹਿੰਦੂ, ਮੁਸਲਿਮ, ਸਿੱਖ, ਈਸਾਈ, ਖ਼ੂਨ ਕੋਈ ਵੱਖਰਾ ਨਾ,
ਫਿਰ ਅੱਜ ਦਾ ਬੰਦਾ, ਉੱਲਟੇ ਰੰਗ ਵਿੱਚ ਰੰਗਿਆ ਕਾਹਦੇ ਲਈ।

ਕੌਣ ਹੈ ਉੱਚਾ, ਕੌਣ ਹੈ ਨੀਵਾਂ, ਪਰਖ ਕੋਈ ਜਾਣੇ ਨਾ,
ਜੇ ਪਤਾ ਹੁੰਦਾ ਫਿਰ ਸੱਚ ਨੂੰ ਸੂਲੀ, ਟੰਗਿਆ ਕਾਹਦੇ ਲਈ।

ਜੇਕਰ ਸਾਰੇ ਮਾਨਵ ਬਣ ਗਏ, ਅੱਜ ਇਸ ਦੁਨੀਆਂ 'ਤੇ,
ਸੱਪ ਬਣ ਕੇ ਫਿਰ ਮਾਨਵਤਾ ਨੂੰ, ਡੰਗਿਆ ਕਾਹਦੇ ਲਈ।

ਮਾਲਕ-ਨੌਕਰ ਦਾ ਦੁਨੀਆਂ ਉੱਤੇ, ਝਗੜਾ ਪਾ ਬੈਠਾ,
ਘੜੀ ਪਲ ਦਾ ਮਹਿਮਾਨ ਚੌਧਰ ਵਿੱਚ, ਰੰਗਿਆ ਕਾਹਦੇ ਲਈ।

ਜ਼ਹਿਰ ਵੇਚ ਰਿਹਾ ਹਰ ਕੋਈ, ਅੱਜਕੱਲ ਵਿੱਚ ਬਾਜ਼ਾਰਾਂ ਦੇ,
ਪਲ-ਪਲ ਮਰੇ ਮਨੁੱਖਤਾ, ਜੀਵਨ ਮੰਗਿਆ ਕਾਹਦੇ ਲਈ।

ਦੁਨੀਆਂ ਉੱਤੇ ਅੱਜਕੱਲ ਸਾਰੇ, ਤੰਦਰੁਸਤ ਜੇ ਹੋ ਗਏ,
ਖ਼ਾਂਸ਼ੀ ਨਹੀਂ ਸੀ ਤਾਂ ਕੋਈ ਮੂਰਖ਼, ਖੰਘਿਆ ਕਾਹਦੇ ਲਈ।

ਕੋਈ ਕਿਸੇ ਦਾ ਸਕਾ ਨਹੀਂ, ਇਸ ਚੰਦਰੀ ਦੁਨੀਆਂ 'ਤੇ,
ਫਿਰ ਨਾਤਿਆਂ ਦੇ ਮਾਰਗ ਉੱਤੋਂ, ਲੰਗਿਆ ਕਾਹਦੇ ਲਈ।

ਬਚਪਨ ਤੋਂ ਹੀ ਆਪਣਿਆਂ ਤੋਂ, ਡੰਗ ਮੈਂ ਖਾਂਦਾ ਰਿਹਾ,
ਨਾ-ਮਰਦਾਂ ਨੂੰ ਸ਼ਬਦ ਸਿਖਾਉਣੋਂ, ਸੰਗਿਆ ਕਾਹਦੇ ਲਈ।

ਮਾਂ ਦੇ ਦੁੱਧ ਨੂੰ ਜੇ ਕੋਈ ਪੁੱਤਰ, ਲਾਜ਼ ਲਗਾਉਂਦਾ ਏ,
ਸੁੱਖਣਾ ਸੁੱਖ ਕੇ ਰੱਬ ਤੋਂ ਉਸਨੂੰ, ਮੰਗਿਆ ਕਾਹਦੇ ਲਈ।

ਪਰਸ਼ੋਤਮ ਜੇ ਸੱਚ ਕਹਿੰਦਾ, ਤਾਂਹੀ ਟੰਗਿਆ ਜਾਂਦਾ ਏ,
ਫਿਰ ਵੀ ਪੁੱਛ ਰਹੇ ਇਸਨੂੰ, ਸੂਲੀ ਟੰਗਿਆ ਕਾਹਦੇ ਲਈ।

ਭਗਵਾਨ ਬਣਨ ਦੇ ਚੱਕਰਾਂ ਦੇ ਵਿੱਚ, ਮੂਰਖ਼ ਘੁੰਮਦਾ ਏ,
ਸਰੋਏ ਨੇ ਇਸ ਦਾ ਭਲਾ ਰੱਬ ਤੋਂ, ਮੰਗਿਆ ਕਾਹਦੇ ਲਈ।



ਪਸ਼ੂ ਬਣਨ ਦੀ ਗੁੜਤੀ, ਹਰ ਕੋਈ ਪੀ ਕੇ ਬੈਠ ਗਿਆ,
ਧਾਲੀਵਾਲੀਆ ਇਨਾਂ ਲਈ ਅੰਮ੍ਰਿਤ, ਮੰਗਿਆ ਕਾਹਦੇ ਲਈ।

**ਪਰਸ਼ੋਤਮ ਲਾਲ ਸਰੋਏ**
**91-92175-44348**

## ਬੇਕਿਰਕ ਅਤੇ ਬੇਤਹਾਸ਼ਾ ਪਰਵਾਸ ਦਾ ਸੰਤਾਪ ਝੱਲ ਰਹੇ, ਪੰਜਾਬ ਦੇ ਪਿੰਡ-ਪਿੰਡ ਦੀ ਕਹਾਣੀ



"ਛੱਡ ਕੇ ਸੀ ਗਿਆ ਮੈਂਨੂੰ, ਸਦਾ ਮੈਂ ਉਡੀਕਾਂ ਜੀਹਨੂੰ,
ਹੋਇਆ ਪਰਦੇਸੀ ਐਸਾ, ਮੁੜ ਕੇ ਉਹ ਆਇਆ ਨਾ।
ਗਿਆ ਸੀ ਕਮਾਉਣ ਪਰ, ਓਥੋਂ ਦਾ ਈ ਹੋ ਗਿਆ,
ਡਾਲਰ ਕਮਾ ਲਏ ਪਰ, ਚੈਨ ਉਹਨੇ ਪਾਇਆ ਨਾ।
ਚਿੱਠੀਆਂ ਸੀ ਆਉਂਦੀਆਂ, ਹਾਸੇ ਸੀਗੇ ਗੂੰਜਦੇ,
ਕਦੇ ਐਨੇ ਸਮੇਂ ਲਈ ਸੀ, ਜਿੰਦਾ ਮੈਂਨੂੰ ਲਾਇਆ ਨਾ।
ਖੜ੍ਹਾ ਖੜ੍ਹਾ ਅੱਕ ਗਿਆ, ਖੰਡਰ ਮੈਂ ਬਣ ਗਿਆ,
ਚਿਰਾਂ ਤੋਂ ਪ੍ਰਾਹੁਣਾ ਕੋਈ, ਵਿਹੜੇ ਮੇਰੇ ਆਇਆ ਨਾ।
ਆਵੇਗਾ ਤਾਂ ਕਰਾਂਗਾ, ਸ਼ਿਕਵੇ ਮੈਂ ਉਹਦੇ ਨਾ.ਲ,
ਮੇਰੀਆਂ ਯਾਦਾਂ ਨੇ ਤੈਂਨੂੰ ਕਦੀ ਵੀ ਰੁਲਾਇਆ ਨਾ?
ਮੇਰੇ ਵਿੱਚ ਆਈਆਂ ਤੇੜਾਂ, ਘਾਹ ਬੂਟਾ ਉੱਗ ਆਇਆ,
ਮੇਰੇ ਮੰਦੇ ਹਾਲ, ਤੇਰਾ ਮਨ ਪਿਘ.ਲਾਇਆ ਨਾ?
ਚੈਨ ਦੀ ਸੀ ਜ਼ਿੰਦਗੀ, ਸਬਰ ਨਾ.ਲ ਜੀਂਵਦਾ ਸੈਂ,
ਹੁਣ ਭਲਾ ਕਿਹੜਾ ਕਿਲਾ ਫਤਹਿ ਕਰ ਆ ਗਿਉਂ।
ਵਜੂਦ ਮੇਰਾ ਕੰਬ ਗਿਆ, ਤੈਂਨੂੰ ਜਦੋਂ ਦੇਖਿਆ ਮੈਂ,
"ਹਰਦੀਪ ਸਿੰਹਾਂ" ਬੱਸ ਹੁਣ ਰਾਖ ਬਣ ਆ ਗਿਉਂ?"


**– ਹਰਦੀਪ ਸਿੰਘ ਦੁਪਾਲਪੁਰ**

# ਪੁਸਤਕ ਰਿਵਿਊ / ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ

**ਪੁਸਤਕ ਦਾ ਨਾਂ –**
**ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ**
**ਲੇਖਕ-ਜਸਵੀਰ ਸ਼ਰਮਾ ਦੱਦਾਹੂਰ**
**ਪ੍ਰਕਾਸ਼ਕ- ਸ਼ਹੀਦ ਭਗਤ ਸਿੰਘ ਪ੍ਰਕਾਸ਼ਨ ਸਾਦਿਕ**
**ਕੁੱਲ ਪੰਨੇ-112, ਕੁੱਲ ਕੀਮਤ – 200**

'ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ' ਪੁਸਤਕ ਆਪਣੇ ਨਾਮ ਅਨੁਸਾਰ ਆਪਣੇ ਗੁਣਾਂ ਦੀ ਝਲਕ ਪੇਸ਼ ਕਰਦੀ ਹੈ। ਪਿਛਲੇ ਲੰਬੇ ਅਰਸੇ ਤੋਂ ਵਿਰਸੇ ਨੂੰ ਸਮਰਪਿਤ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਦੀ ਵਿਰਸੇ ਸਬੰਧੀ ਇਹ ਪਹਿਲੀ ਵਾਰਤਕ ਪੁਸਤਕ ਹੈ ਪਰ ਇਸ ਤੋਂ ਪਹਿਲਾਂ ਉਹਨਾਂ ਨੇ ਤਿੰਨ ਹੋਰ ਪੁਸਤਕਾਂ 'ਵਿਰਸੇ ਦੀ ਲੋਅ','ਵਿਰਸੇ ਦੀ ਖੁਸ਼ਬੋ' ਅਤੇ 'ਵਿਰਸੇ ਦੀ ਸੌਗਾਤ' ਜੋ ਕਿ ਉਹ ਵੀ ਅਲੋਪ ਹੋ ਚੁੱਕੇ ਵਿਰਸੇ ਨੂੰ ਹੀ ਸਮਰਪਿਤ ਸਨ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ ਜਿੰਨਾਂ ਨੂੰ ਕੁੱਲ ਮਿਲਾ ਕੇ ਹੁਣ ਉਹਨਾਂ ਦੀਆਂ ਚਾਰ ਪੁਸਤਕਾਂ ਕਿਤਾਬੀ ਖੇਤਰ ਵਿੱਚ ਪ੍ਰਵੇਸ਼ ਕਰ ਚੁੱਕੀਆਂ ਹਨ। ਇਸ ਵਾਰਤਕ ਪੁਸਤਕ ਵਿੱਚ ਅਲੋਪ ਹੋ ਚੁੱਕੇ ਵਿਰਸੇ ਸਬੰਧੀ 40 ਨਿਬੰਧ ਹਨ ਜੋ ਅਲੋਪ ਹੋ ਰਹੇ ਵਿਰਸੇ ਦੀ ਪ੍ਰਤੱਖ ਝੱਲਕ ਸਾਡੇ ਸਨਮੁੱਖ ਕਰਦੇ ਹਨ। ਇਹ ਪੁਸਤਕ ਅਲੋਪ ਹੋ ਚੁੱਕੇ ਵਿਰਸੇ ਦੀਆਂ ਬਾਤਾਂ ਪਾਉਂਦੀ ਹੈ। ਇਹ ਪੁਸਤਕ ਅੱਜ ਤੋਂ ਅੱਧੀ ਸਦੀ ਪਹਿਲਾਂ ਦੇ ਰਹਿਣ ਸਹਿਣ ਅਤੇ ਅਜੋਕੇ ਆਧੁਨਿਕ ਸਮਾਜ ਵਿੱਚ ਆਏ ਬਦਲਾਅ ਦੀਆਂ ਗੱਲਾਂ ਕਰਦੀ ਹੈ। ਇਸ ਪੁਸਤਕ ਵਿੱਚ ਗੁਰਦੀਪ ਸਿੰਘ ਚੀਮਾ ਵੱਲੋ ਜਸਵੀਰ ਸ਼ਰਮਾ ਦੇ ਜੀਵਨ ਸੰਘਰਸ਼ ਮਈ ਜੀਵਨ ਤੇ ਲਿਖਿਆ ਇੱਕ ਲੇਖ ਵੀ ਇਸ ਲੇਖਕ ਦੀਆਂ ਪ੍ਰਾਪਤੀਆਂ ਅਤੇ ਸੰਘਰਸ਼ ਤੇ ਚਾਨਣਾ ਪਾਉਂਦਾ ਹੈ। 'ਵਿਰਸਾ' ਸ਼ਬਦ ਜਿੰਨਾਂ ਛੋਟਾ ਹੈ ਇਸ ਦੀ ਸਾਂਭ ਸੰਭਾਲ ਅਤੇ ਇਸ ਬਾਰੇ




ਲਿਖਣਾ ਉਨਾਂ ਹੀ ਮੁਸ਼ਕਿਲ ਅਤੇ ਮਿਹਨਤ ਵਾਲਾ ਕਾਰਜ ਹੈ। ਜਸਵੀਰ ਸ਼ਰਮਾ ਲੰਬੇ ਸਮੇਂ ਤੋਂ ਪੁਰਾਤਨ ਵਿਰਸੇ ਪ੍ਰਤੀ ਕਾਰਜਸ਼ੀਲ ਹੈ। ਉਹਨਾਂ ਹੁਣ ਤੱਕ ਪੁਰਾਤਨ ਵਿਰਸੇ ਦੀਆਂ ਚਾਰ ਕਿਤਾਬਾਂ ਤੋਂ ਇਲਾਵਾ ਗੀਤ, ਦੋਹੇ ਅਤੇ ਸੈਂਕੜੇ ਲੇਖ ਪਾਠਕਾਂ ਦੀ ਝੋਲੀ ਪਾਏ ਹਨ। ਇਸ ਪੁਸਤਕ ਵਿਚਲੇ ਲੇਖ ਸਿਰਫ਼ ਪੁਰਾਤਨ ਵਿਰਸੇ ਦੀ ਝਲਕ ਹੀ ਨਹੀਂ ਦਿਖਾਉਂਦੇ, ਪਰਾਤਨ ਪੰਜਾਬ ਦੇ ਲੋਕਾਂ ਦਾ ਰਹਿਣ ਸਹਿਣ, ਜੀਵਨ, ਕੰਮ ਕਰਨ ਦੇ ਢੰਗ, ਖੇਤੀਬਾੜੀ ਦੇ ਸੰਦ-ਸਾਧਨ, ਪੁਰਾਤਨ ਖੇਡਾਂ, ਪੁਰਾਤਨ ਰੀਤੀ ਰਿਵਾਜ਼ਾਂ ਸਮੇਤ ਘਰਾਂ ਵਿੱਚ ਰੋਜ਼ਾਨਾ ਵਰਤੋਂ 'ਚ ਆਉਣ ਵਾਲੀਆਂ ਵਸਤੂਆਂ ਜੋ ਹੁਣ ਤੱਕ ਬਿਲਕੁਲ ਅਲੋਪ ਹੋ ਚੁੱਕੀਆਂ ਹਨ ਬਾਰੇ ਜਾਣਕਾਰੀ ਵਿਸਥਾਰ ਸਹਿਤ ਪਾਠਕਾਂ ਦੇ ਸਨਮੁੱਖ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਦਾ ਹਰ ਲੇਖ ਅਜੋਕੀ ਪੀੜ੍ਹੀ ਨੂੰ ਸੋਚਣ ਅਤੇ ਅਮੀਰ ਪੰਜਾਬੀ ਵਿਰਸੇ ਨੂੰ ਸੰਭਾਲਣ ਲਈ ਪ੍ਰੇਰਿਤ ਕਰਦਾ ਹੈ। ਇਹ ਪੁਸਤਕ ਖਰੀਦਣ, ਪੜ੍ਹਨ ਅਤੇ ਆਉਣ ਵਾਲੀ ਪੀੜ੍ਹੀ ਲਈ ਸਾਂਭਣ ਯੋਗ ਪੁਸਤਕ ਹੈ।

**ਰੋਹਿਤ ਸੋਨੀ ਸਾਦਿਕ**
**(91- 92574-01900)**

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫ਼ਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



# BEER & WINE STORE SACRAMENTO, CA



**$320,000**

MLS# 18018933

60-70K $3,6002,500
Montly Gross Lease APX Square Feet

This is a terrific opportunity to own an established neighborhood arket/general store. Good for a family to run a small business. Owner is running the store for last 12 years and the store been there since 1942.





For more information, contact:



Shangara Ram
Realtor CalBRE#:01969522
916.479.5587
shangararam2@gmail.com
http://www.banga.bhhser.com

John Singh Banga
Realtor CalBRE # 01397975
916-271-5404
banga.realtor@gmail.com
banga.bhhser.com

BH HS
BERKSHIRE HATHAWAY
Home Services
ELITE REAL ESTATE



# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਹ-ਮੰਡਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

| DRIVER HIRING | INSPECTION RECORD | DRIVING REVIEW | ACCIDENT REPORTS | TRUCK MAINTENANCE |
|---|---|---|---|---|
| ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ | ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ | ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ | ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ | ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ |

eLog Book Integration COMING SOON

WE HANDLE DOT AUDITS

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

Tel: 800.936.4011 • 209.636.0880

RAJINDER SINGH

GLOBAL SOLUTION FOR TRANSPORTATION
(A PAPERLESS SOLUTION FOR TRUCKING)

LAKHVIR SINGH

email: info@etruckingsolution.com • www.etruckingsolution.com



# AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

# L.A. MERCHANDISE

ਸੇਲ, ਸੇਲ, ਸੇਲ **Whole Sale +Retail** ਸੇਲ, ਸੇਲ, ਸੇਲ



















**ਗਰਮੀਆਂ ਦੇ ਵਿਸ਼ੇਸ਼ ਤੋਹਫੇ**
**ਠੰਡੇ, ਖੱਟੇ-ਮਿੱਠੇ ਕਈ ਕਿਸਮ ਦੇ ਫਲੇਵਰ ਵਿਚ ਤਰ੍ਹਾਂ-ਤਰ੍ਹਾਂ ਦੇ ਜੂਸ ਦਾ ਆਨੰਦ ਲੈਣ ਲਈ ਅੱਜ ਹੀ ਦਰਸ਼ਨ ਦਿਓ ਜੀ।**













ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

## 500 N. Palora Ave. Yuba City, CA 95991

Loose Fabrics, Groceries, Blankets, Vegetables

New folding bed verities



ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ



ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax



ਹਰ ਕਿਸਮ ਦੀ ਦਾਲ ਸੇਲ 'ਤੇ ਹੈ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99





Baksho Kaur Bisla Hardev Singh Bisla

**ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ**

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

**530-671-0439, Fax 530-822-0439**
**Cell- 530-844-3250**

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ਼ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ਼ ਖਰੀਦੋ

**Buy 5 get 1 free**